

INTERNATIONAL MAGAZINE
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
Monthly Issue "Atam Marg"
ਮਈ (May) 2011
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ
ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ
ਮਾਤ ਲੋਕ ਯਾਤਰਾ
17 ਜੂਨ 1918 ਤੋਂ 31 ਅਕਤੂਬਰ 2001

ਸਾਲ ਸਤਾਰਵਾਂ, ਮਹੀਨਾ ਮਈ 2011

ਫਾਉਂਡਰ ਚੇਅਰਮੈਨ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ
(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
280/-	2080/-	(For outstation cheques)

Postal Address for 'ATAM MARG' Enquiry, Money Order, Cheque and drafts in India :
ATAM MARG MAG. VISHAV G. R. M. CHARITABLE TRUST, Ratwara sahib,
P.o. Mullanpur Garibdas, Distt. Mohali - 140901

SUBSCRIPTION FOREIGN (ਵਿਦੇਸ਼)

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

Postal Address for 'ATAM MARG' Enquiry, Money Order, Cheque and drafts from foreign to :
VISHAV GURMAT ROOHANI MISSION CHARITABLE TRUST
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India.

Exemption U/S 80-G upto 31.03.2012 vide L. No. CIT-II/CHD/80G/TECH/245/2008-09/823

Registration Under Foreign Contribution (Regulation) Act 1976 R.No.115320023

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA- (M) 94172-14391, 9417214379, 0160-2255002, Fax - 0160-2255009

U.S.A. **Baba Satnam Singh ji Atwal**
Phone and Fax : 408-263-1844
Bhai Kuldeep Singh Sher Gill
Phone : 408-230-8319
Bhai Parmjit Singh Sandhu - Cell: 07788389135
Canada - Bhai Sarmukh Singh Pannu
Phone - 604-433-0408
England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, **Raj Mobile** : 07968734058

For more information please visit us on internet at:-
Email : atammarg1@yahoo.co.in
http:# www.ratwarasahib.org, http # www.ratwarasahibmedia.org

ਤਤਕਰਾ

ਸੰਪਰਕ ਨੰ. ਰਤਵਾੜਾ ਸਾਹਿਬ

ਆਤਮ ਮਾਰਗ ਮੈਗਜ਼ੀਨ -	9417214391, 79
ਰਤਵਾੜਾ ਸਾਹਿਬ -	0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ -	9417214386
ਪਰਮ ਸਤਿਕਾਰਯੋਗ ਬੀਜੀ ਦੇ ਸੇਵਾਦਾਰ -	0172-2266315, 9417214381
ਬੀ. ਐਡ ਕਾਲਜ	9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ	9417214380
ਆਡੀਓ ਵੀਡੀਓ ਲਾਇਬ੍ਰੇਰੀ	9872814385, 9417214385
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ	0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ	0160-2255004
ਜਰਨਲ	9417214384

ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕੀ

ਪਿਆਰੇ ਸਤਿਕਾਰਯੋਗ ਆਤਮ ਮਾਰਗ ਦੇ ਪਾਂਧੀਓ! ਆਪ ਸਚਮੁੱਚ ਵਡਭਾਗੀ ਹੋ ਜੋ 'ਧੁਰ ਕੀ ਬਾਣੀ' ਨਾਲ ਜੁੜੇ ਹੋਏ ਹੋ, ਮਹਾਂਪੁਰਸ਼ਾਂ ਦੇ ਪ੍ਰਵਚਨ ਪੜ੍ਹ ਸੁਣ ਕੇ ਆਤਮਿਕ ਅਨੰਦ ਮਾਣਦੇ ਹੋ - ਵਿਸ਼ੇਸ਼ ਕਰਕੇ ਅੱਜ ਦੇ ਭਿਆਨਕ ਯੁੱਗ ਵਿਚ ਜਦੋਂ ਕਿ ਲੋਕ-ਬਿਰਤੀ ਖਿੰਡੀ ਹੋਈ ਹੈ, ਦੋ ਫਾੜ ਹੋਈ ਹੋਈ ਹੈ। ਇਕ ਪਾਸੇ ਇਨਫਰਮੇਸ਼ਨ ਟੈਕਨਾਲੌਜੀ ਨੇ ਕ੍ਰਾਂਤੀ ਲੈ ਆਂਦੀ ਹੈ, ਘਰ ਵਿਚ ਪਏ ਯੰਤਰਾਂ ਰਾਹੀਂ ਤੁਸੀਂ ਕੁੱਲ ਸੰਸਾਰ ਨਾਲ ਸਾਂਝ ਪਾ ਸਕਦੇ ਹੋ, ਵੱਡੇ-ਵੱਡੇ ਵਪਾਰ ਕਰ ਸਕਦੇ ਹੋ, ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਘੱਟ ਤੋਂ ਘੱਟ ਸਮੇਂ ਵਿਚ ਉਨ੍ਹਾਂ ਦੇ ਉਤਰ ਪਾ ਕੇ ਫੈਸਲੇ ਕਰ ਸਕਦੇ ਹੋ ਪਰ ਦੂਜੇ ਪਾਸੇ ਖਿੰਡ ਪੁੰਡ ਹੋਈ ਲੋਕ-ਬਿਰਤੀ ਬਰਬਾਦੀ ਕਰਨ ਲਈ ਵੀ ਉਤਾਵਲੀ ਹੋ ਰਹੀ ਹੈ। ਕਈ ਟੀ.ਵੀ. ਸੀਰੀਅਲਜ਼ ਅਤੇ ਫਿਲਮਾਂ ਕਤਲ, ਲੁੱਟ ਖਸੁੱਟ, ਡਰੱਗ ਸਮਗਲਿੰਗ ਅਤੇ ਬਲਾਤਕਾਰ ਦੇ ਢੰਗ ਸਿਖਾ ਕੇ ਨੌਜਵਾਨਾਂ ਨੂੰ ਕੁਰਾਹੇ ਪਾ ਰਹੀਆਂ ਹਨ। ਇਸ ਜ਼ਹਿਰੀਲੇ ਪ੍ਰਚਾਰ ਤੇ ਪਾਸਾਰ ਦੀ ਰੋਕਥਾਮ ਆਵਸ਼ਕ ਹੈ, ਨਹੀਂ ਤਾਂ ਜੇ ਇਕ ਵਾਰੀ ਸਾਡੇ ਪੈਰ ਉਖੜ ਗਏ ਤਾਂ ਅਸੀਂ ਹਵਾ ਵਿਚ ਜਾ ਲਟਕਾਂਗੇ ਤੇ ਫੇਰ ਸਾਡਾ ਰੱਬ ਹੀ ਰਾਖਾ ਹੈ। ਗੁਰੂ ਮਹਾਰਾਜ ਨੇ ਸਾਨੂੰ, ਸਾਰੀ ਮਨੁੱਖਤਾ ਨੂੰ, ਸ਼ਬਦ ਸ਼ਕਤੀ ਬਖਸ਼ੀ, ਨਾਮ ਦੀ ਸ਼ਕਤੀ ਨਾਲ ਜੋੜਿਆ ਤਾਂਕਿ ਅਸੀਂ ਧੁਰੇ ਨਾਲ ਜੁੜੇ ਰਹੀਏ, ਪਿਆਰ ਵਾਲਾ, ਵਿਗਾਸਮਈ, ਅਨੰਦਮਈ, ਰਹੱਸਮਈ ਜੀਵਨ ਜੀਵੀਏ, ਸਾਰੀ ਮਨੁੱਖਤਾ ਨੂੰ ਪਿਆਰ ਕਰੀਏ, ਕਦੇ ਵੀ ਇਹ ਨਾ ਭੁੱਲੀਏ *'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।'* ਐਸਾ ਕਰਨ ਨਾਲ ਅਸੀਂ ਈਰਖਾ, ਦ੍ਵੈਤ, ਵੈਰ, ਵਿਰੋਧ, ਲੜਾਈਆਂ ਝਗੜਿਆਂ, ਬਦਫੈਲੀਆਂ ਤੋਂ ਬਚੇ ਰਹਾਂਗੇ ਅਤੇ ਹੋਰਨਾਂ ਦੀ ਸਹਾਇਤਾ ਕਰਨ ਦੇ ਸਮਰੱਥ ਹੋਵਾਂਗੇ। ਗੁਰੂ ਮਹਾਰਾਜ ਨੇ ਸਾਰੀ ਮਨੁੱਖਤਾ ਨੂੰ ਗੱਲਵਕੜੀ ਵਿਚ ਲੈ ਕੇ ਇਹ ਉਪਦੇਸ਼ ਦਿਤਾ। ਇਸ ਆਸ਼ੇ ਨੂੰ ਹੀ ਸੱਚੇ ਪੁਰਸ਼, ਸੰਤ ਮਹਾਤਮਾ, ਪ੍ਰਚਾਰਦੇ ਅਤੇ ਪਸਾਰਦੇ ਹਨ। 'ਆਤਮ ਮਾਰਗ' ਦਾ ਸੰਚਾਲਨ ਇਸੇ ਆਸ਼ੇ ਨਾਲ ਅੱਜ ਤੋਂ ਸੋਲਾਂ ਸਾਲ ਪਹਿਲਾਂ ਹੋਇਆ, ਤੁਸੀਂ ਸੱਚ ਦੀ ਪ੍ਰੋੜਤਾ ਕੀਤੀ, ਹੁੰਗਾਰਾ ਭਰਿਆ, ਅੱਜ ਆਤਮ ਮਾਰਗ ਦਾ ਸੰਦੇਸ਼ -

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਪੰਨਾ-846

ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਗੁਰੂ ਨਾਨਕ ਨਾਮ ਲੇਵਾ ਪ੍ਰੇਮੀਆਂ ਦੇ ਕੋਲ, ਪਹਾੜਾਂ ਦੀਆਂ ਕੰਦਰਾਂ ਵਿੱਚ ਵਸਦੇ ਯੋਗੀਆਂ ਕੋਲ ਹਿੰਦੀ ਪੰਜਾਬੀ ਅਤੇ ਅੰਗਰੇਜੀ ਵਿੱਚ ਪੁੱਜ ਚੁਕਿਆ ਹੈ, ਇਸ ਦਾ ਪਾਸਾਰ ਘੇਰਾ ਅਸੀਂ ਹੋਰ ਅੱਗੇ ਵਧਾਉਣਾ ਹੈ। ਜਨਵਰੀ ਵਿੱਚ ਮਹਾਂਪੁਰਸ਼ਾਂ ਦਾ ਜੱਥਾ ਅਮਰੀਕਾ ਕੈਨੇਡਾ ਵਿਚ ਗੁਰੂ ਮਹਾਰਾਜ ਦਾ ਸੱਚ ਦਾ ਮਾਰਗ ਦੱਸਣ ਲਈ ਗਿਆ। ਪ੍ਰਦੇਸਾਂ ਵਿਚ ਵਸਦੇ ਵੀਰ, ਭੈਣਾਂ ਰੋਜ਼ਗਾਰ ਪੱਖੋਂ ਸੌਖੇ ਹਨ ਪਰ ਆਤਮਿਕ ਔੜ ਕਾਰਨ ਅੰਮ੍ਰਿਤ ਵਰਖਾ ਨੂੰ ਸਹਿਕਦੇ ਹਨ। ਨਾਮ-ਰਸ ਦੀਆਂ ਅੰਮ੍ਰਿਤ ਫੁਹਾਰਾਂ ਨਾਲ ਅੱਜ ਹਜ਼ਾਰਾਂ ਹਿਰਦੇ ਸ਼ਾਂਤ ਹੋ ਰਹੇ ਹਨ। ਗੁਰੂ ਮਹਾਰਾਜ ਨੇ ਹਰ ਮਨੁੱਖ ਲਈ ਕਿਰਤ ਕਰਨੀ ਜ਼ਰੂਰੀ ਦੱਸੀ - ਨਾਮ ਜਪੋ, ਕਿਰਤ ਕਰੋ, ਵੰਡ ਛਕੋ, ਗੁਰੂ ਜੀ ਵਲੋਂ ਦੱਸੀ ਜੀਵਨ ਜਾਂਚ ਹੈ। ਨਾਮ ਜਪਣਾ, ਪਹਿਲੀ ਤੇ ਮੁਢਲੀ ਲੋੜ ਹੈ, ਧੁਰੇ ਤੇ ਕਾਇਮ ਹੋਣਾ ਤਾਂ ਕਿ ਸਮਾਜ ਵਿਚ ਵਿਚਰਦਿਆਂ ਮਨੁੱਖ ਪੱਕੇ ਪੈਰੀਂ ਖੜ੍ਹਾ ਰਹੇ। ਫੇਰ ਕਿਰਤ ਕਰੇ - ਸੱਚੀ ਸੁੱਚੀ ਕਿਰਤ - ਪਰਿਵਾਰ ਦੀ ਪਾਲਨਾ ਲਈ ਤਾਕਿ ਸਵਾਰਥੀ ਨਾ ਹੋ ਜਾਏ, ਇਸ ਵਿਚੋਂ ਕੁਝ ਹਿੱਸਾ ਲੋੜਵੰਦਾਂ ਲਈ ਸੁਰੱਖਿਅਤ ਕਰੇ, ਵੰਡ ਛਕੇ।

ਆਤਮ ਮਾਰਗ ਦੇ ਸਾਰੇ ਲੇਖ ਸੱਚ ਦੇ ਮਾਰਗ ਨੂੰ ਦਰਸਾਉਂਦੇ ਹਨ, ਸਾਡੇ ਅੰਦਰ ਵਿਸ਼ਵਾਸ਼, ਭਰੋਸਾ, ਪ੍ਰਤੀਤੀ ਪੈਦਾ ਕਰਦੇ ਹਨ ਤਾਂ ਕਿ ਅਸੀਂ ਕੱਚ ਵਿਹਾਝਣ ਦੀ ਥਾਂ ਸੱਚ ਵਿਹਾਝੀਏ, ਕੱਚੀ ਮਿੱਟੀ ਦੀ ਦੀਵਾਰ ਨੂੰ ਹੀ ਪੋਚਾ ਨਾ ਮਾਰਦੇ ਰਹੀਏ, ਕੱਲਰ ਹੀ ਨਾ ਬੀਜਦੇ ਰਹੀਏ, ਸਗੋਂ ਸੱਚ ਦੀ ਪਛਾਣ ਕਰੀਏ। ਕਈ ਜਨਮਾਂ ਦੇ ਸਫਰ ਵਿਚ ਅਸੀਂ ਸੱਚ ਤੋਂ ਟੁੱਟ ਚੁੱਕੇ ਹਾਂ, ਇਸ ਲਈ ਗੁਰੂ ਗ੍ਰੰਥ ਸਾਹਿਬ ਦਾ ਹਰੇਕ ਸ਼ਬਦ ਸਾਨੂੰ ਸਾਡੇ ਅਸਲੇ ਦਾ ਗਿਆਨ ਬਖਸ਼ਦਾ ਹੈ। ਆਤਮ ਮਾਰਗ ਦੇ ਲੇਖਾਂ ਵਿਚ ਗੁਰਬਾਣੀ ਦੇ ਇਨ੍ਹਾਂ ਗੁਹਜ ਭਾਵਾਂ ਨੂੰ ਸੌਖੀ ਭਾਸ਼ਾ ਵਿਚ, ਵਾਰਤਾ ਰਾਹੀਂ, ਸਾਖੀ ਪ੍ਰਮਾਣ ਰਾਹੀਂ ਦੱਸਿਆ ਜਾਂਦਾ ਹੈ। ਮਹਾਂਪੁਰਸ਼ਾਂ ਵਲੋਂ ਲੜੀਵਾਰ ਲਿਖੇ ਜਾ ਰਹੇ ਲੇਖ ਗੁਰੂ ਨਾਨਕ ਦੇਵ ਦੇ ਸਿਧਾਂਤਾਂ ਦੀ ਅਮਰ ਕਥਾ ਹੈ ਗੱਲ ਤਾਂ ਇਹ ਸਮਝਾਈ ਗਈ ਹੈ ਕਿ ਮਨੁੱਖ ਦੀ ਬਣਤਰ ਕੀ ਹੈ? ਪੰਜ ਤੱਤ ਨੇ, 25 ਪ੍ਰਕ੍ਰਿਤੀਆਂ ਨੇ,

(ਬਾਕੀ ਪੰਨਾ 3 ਤੇ)

ਬਾਰਹਮਾਹਾ

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।

ਬਾਰਹਮਾਹਾ ਮਾਝ ਮਹਲਾ ੫ ਘਰੁ ੪

ਜੇਠ (ਪੰਨਾ 134)

1. ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥

ਜੇਠ ਦੇ ਮਹੀਨੇ ਉਸ ਪ੍ਰਭੂ ਦੇ ਚਰਨਾਂ ਵਿਚ ਜੁੜਨਾ ਚਾਹੀਦਾ ਹੈ ਜਿਸ ਪ੍ਰਭੂ ਅੱਗੇ ਸਾਰੇ ਜੀਵ ਸਿਰ ਨਿਵਾਉਂਦੇ ਹਨ।

2. ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥

ਜਿਹੜੇ ਮਨੁੱਖ ਪ੍ਰਭੂ ਚਰਨਾਂ ਨਾਲ ਜੁੜੇ ਰਹਿੰਦੇ ਹਨ, ਨਾਮ ਸਿਮਰਨ ਵਿਚ ਲੱਗੇ ਰਹਿੰਦੇ ਹਨ, ਪ੍ਰਭੂ ਉਨ੍ਹਾਂ ਨੂੰ ਜਮਾਂ ਦੀ ਪਕੜ ਤੋਂ, ਜਮਾਂ ਦੇ ਡਰ ਤੋਂ ਬਚਾ ਲੈਂਦਾ ਹੈ, ਪ੍ਰਭੂ ਜਮਾਂ ਨੂੰ ਆਗਿਆ ਨਹੀਂ ਦਿੰਦਾ ਕਿ ਪ੍ਰਭੂ-ਪਿਆਰ ਵਾਲਿਆਂ ਨੂੰ ਬੰਨ੍ਹ ਕੇ ਅੱਗੇ ਲਾ ਲਵੇ।

3. ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥

ਪ੍ਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਵਰਗਾ ਐਸਾ ਕੀਮਤੀ ਧਨ ਹੈ ਜੋ ਚੁਰਾਇਆ ਨਹੀਂ ਜਾ ਸਕਦਾ। ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ ਭੱਜ ਕਰਦੇ ਹਨ ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਤੌਖਲਾ ਬਣਿਆ ਰਹਿੰਦਾ ਹੈ, ਨਾ ਹੀ ਇਹ ਧਨ ਨਾਲ ਨਿਭਦਾ ਹੈ।

4. ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥

ਪ੍ਰਭੂ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, ਸਭ ਰੰਗ ਤਮਾਸ਼ੇ, ਸਭ ਕਿਰਤਾਂ, ਨਾਮ-ਧਾਨ ਦੀ ਬਰਕਤ ਨਾਲ ਮਨ ਨੂੰ ਪਿਆਰੇ ਲਗਦੇ ਹਨ।

5. ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥

ਜਿਵੇਂ ਪ੍ਰਭੂ ਚਾਹੁੰਦਾ ਹੈ ਉਹ ਆਪ ਅਤੇ ਉਸ ਦੇ ਸਿਰਜੇ ਮਨੁੱਖ ਅਤੇ ਸਾਰੀ ਰਚਨਾ, ਸਾਰੀ ਕਾਇਨਾਤ, ਵੈਸੇ ਹੀ ਕਰਮ ਕਰਦੀ ਹੈ। ਸਭ ਉਸ ਦੇ ਹੁਕਮ ਵਿਚ ਕਿਰਿਆਸ਼ੀਲ ਹਨ।

6. ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥

ਜਿਨ੍ਹਾਂ ਮਨੁੱਖਾਂ ਨੂੰ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ, ਆਪਣੀ ਸਿਫਤਿ-ਸਾਲਾਹ ਬਖਸ਼ ਕਰਕੇ ਆਪਣਾ ਬਣਾ ਲਿਆ ਹੈ, ਉਹ ਧੰਨਤਾ ਯੋਗ ਹਨ, ਉਨ੍ਹਾਂ ਨੂੰ ਲੋਕ-ਪ੍ਰਲੋਕ ਵਿਚ ਸ਼ਾਬਾਸ਼ ਮਿਲਦੀ ਹੈ, ਸਤਿਕਾਰ ਮਿਲਦਾ ਹੈ।

7. ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥

ਪਰ ਇਹ ਬਖਸ਼ ਮਨੁੱਖ ਨੂੰ ਨਿਰੇ ਆਪਣੇ ਉਦਮ ਸਦਕਾ ਪ੍ਰਾਪਤ ਨਹੀਂ ਹੁੰਦੀ; ਜੇ ਮਨੁੱਖ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਆਪਣੇ ਉਦਮ ਨਾਲ ਹੋ ਸਕਦੀ ਤਾਂ ਜੀਵ ਉਸ ਤੋਂ ਵਿਛੜ ਕੇ ਦੁਖੀ ਕਿਉਂ ਹੋਣ? ਫੇਰ ਇਹ ਵਿਛੋੜਾ ਅਤੇ ਵਿਛੋੜੇ ਦਾ ਦੁੱਖ ਕਦੀ ਵੀ ਵਿਆਪਕ ਨਾ ਹੁੰਦਾ। ਇਹ ਦਾਤ ਤਾਂ ਪ੍ਰਮਾਤਮਾ ਦੇ ਹੱਥ ਹੈ।

8. ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥

ਪੰਜਵੇਂ ਗੁਰੂ ਨਾਨਕ ਫੁਰਮਾਨ ਕਰਦੇ ਹਨ ਕਿ ਪ੍ਰਭੂ ਦੇ ਮਿਲਾਪ ਦਾ ਅਨੰਦ ਓਹੀ ਜੀਵ ਮਾਣਦੇ ਹਨ ਜਿਨ੍ਹਾਂ ਨੂੰ ਸਾਧੂ ਜਨ, ਸੰਤ ਜਨ, ਗੁਰੂ ਮਹਾਰਾਜ ਦੀ ਸੰਗਤਿ ਮਿਲ ਜਾਵੇ।

9. ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥

ਪਰ ਇਹ ਸੰਗਤਿ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਜਿਸ ਮਨੁੱਖ ਦੇ ਮੱਥੇ ਦੇ ਭਾਗ ਜਾਗ ਪੈਂਦੇ ਹਨ, ਉਸ ਨੂੰ ਗੁਰੂ ਸੰਗਤ ਸਦਕਾ, ਸੰਤ ਜਨ, ਭਗਤ ਜਨ ਦੀ ਸੰਗਤਿ ਸਦਕਾ, ਨਾਮ-ਸਿਮਰਨ ਦੀ ਬਰਕਤ ਸਦਕਾ ਜੇਠ ਦਾ ਮਹੀਨਾ ਸੁਹਾਵਣਾ ਅਤੇ ਸੁਖਦਾਈ ਲਗਦਾ ਹੈ ਅਤੇ ਉਸ ਨੂੰ ਪ੍ਰਭੂ-ਮਾਲਕ ਮਿਲ ਜਾਂਦਾ ਹੈ।

(ਪੰਨਾ 2 ਦਾ ਬਾਕੀ)

ਪੰਜ ਪ੍ਰਾਣ ਨੇ, ਇਸ ਦੇ ਵਿਚ ਮਨ ਹੈ, ਚਿੱਤ ਹੈ, ਬੁੱਧੀ ਹੈ ਤੇ ਮੈਂ ਭਾਵ ਹੈ। ਇਹ ਸਰੀਰ ਦੇ ਵੱਖਰੇ-ਵੱਖਰੇ ਪੁਰਜੇ ਹਨ। ਜੇ ਤੂੰ ਇਹਦੇ ਵਿਚ ਹੀ ਫਸਿਆ ਹੋਇਆ ਹੈਂ, ਫੇਰ ਤਾਂ ਤੂੰ (ਮਨੁੱਖ) ਕੁਝ ਵੀ ਨਹੀਂ ਹੈਂ, ਜੇ ਇਸ ਦੇ ਵਿਚ ਇਕ ਜਿਹੜੀ ਆਤਮ ਵਸਤੂ ਹੈ, ਉਸ ਦਾ ਤੈਨੂੰ ਪਤਾ ਲਗ ਗਿਆ ਤਾਂ ਤੂੰ ਪੂਜਨੀਕ ਹੈਂ। ਜਿਥੇ ਚਰਨ ਧਰੇਗਾ ਉਹ ਚਰਨ - ਧੂੜ ਰੋਗ ਦੂਰ ਕਰੇਗੀ, ਬੁੱਧੀ ਦੀ ਮੈਲ ਦੂਰ ਕਰੇਗੀ, ਪ੍ਰਮੇਸ਼ਰ ਨਾਲ ਪਿਆਰ ਲਾ ਦਏਗੀ। ਜਿਸ ਸਰੀਰ ਨੂੰ ਅਸੀਂ 50, 60, 70, 80 ਸਾਲ ਹੰਢਾਉਂਦੇ ਹਾਂ, ਸਾਨੂੰ ਉਸ ਦਾ ਵੀ ਠੀਕ ਗਿਆਨ ਨਹੀਂ। 'ਦੁਨੀਆਂ ਝਗੜੇ ਕਰਦੀ ਹੈ ਕਿ ਇਹ ਮੰਦਰ ਸਾਡਾ ਹੈ, ਇਹ ਮਸਜਿਦ ਸਾਡੀ ਹੈ, ਇਹ ਸਾਡਾ ਪੂਜਾ ਦਾ ਅਸਥਾਨ ਹੈ, ਝਗੜਦੇ ਨੇ ਆਪਸ ਵਿਚ ਪਰ ਜਿਹੜਾ ਹਰੀ ਦਾ ਮੰਦਰ ਹੈ, ਓਥੇ ਤੂੰ ਸ਼ਰਾਬ ਪਾਉਂਦਾ ਹੈਂ, ਮਾਸ ਪਾਉਂਦਾ ਹੈਂ, ਨਿੰਦਿਆ ਪਾਉਂਦਾ ਹੈਂ, ਚੁਗਲੀਆਂ ਪਾਉਂਦਾ ਹੈਂ, ਈਰਖਾ ਰਖਦਾ ਹੈਂ, ਵੈਰ ਰਖਦਾ ਹੈ, ਕਪਟ ਰਖਦਾ ਹੈਂ, ਭ੍ਰਿਸ਼ਟ ਕੀਤਾ ਪਿਆ ਹੈ। ਉਸ ਨੂੰ ਸਵਾਰ ਲੈ ਪ੍ਰੇਮੀਆਂ। ਹਿਰਦੇ ਨੂੰ ਟੁੰਬਦੇ ਐਸੇ ਪ੍ਰਵਚਨ ਆਤਮ ਮਾਰਗ ਦਾ ਸ਼ਿੰਗਾਰ ਹਨ ਜੋ ਜੀਵਨ ਬਦਲਣ ਦੀ ਸਮਰੱਥਾ ਰਖਦੇ ਹਨ ਪਰ ਤਾਂ, ਜੇ ਕੋਈ ਸਮਾਂ ਕੱਢ ਕੇ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੇ। ਗੁਰ-ਸ਼ਬਦ ਲੰਗਰ ਦੀ ਸਾਂਝ ਅਸੀਂ ਆਪਣੇ ਮਿੱਤਰਾਂ ਦੋਸਤਾਂ ਅਤੇ ਸਕੇ ਸਨਬੰਧੀਆਂ ਵਿੱਚ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

ਭਗਤ ਸਧਨਾ ਜੀ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

ਸਤਿਨਾਮ ਸ੍ਰੀ ਵਾਹਿਗੁਰੂ
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ਅੰਗ - ੨੮੯

ਧਾਰਨਾ - ਪ੍ਰੀਤਮ ਮੇਰਾ ਪਿਆਰਾ ਕੋਈ ਆਣ ਕੇ ਮਿਲਾਵੈ।

ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥
ਦਰਸਨੁ ਹਰਿ ਦੇਖਣ ਕੈ ਤਾਈ ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ
ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ ॥ ੨ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ ॥ ੩ ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ ॥ ੪ ॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ
ਹਰਿ ਮੇਲਿ ਲੈਹੁ ਵਡਿਆਈ ॥ ਅੰਗ - ੭੫੭

ਸਾਧਸੰਗਤ ਜੀ! ਗੱਜ ਕੇ ਬੋਲਣਾ ਜੀ ਸਤਿਨਾਮ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਇਕਾਗਰ ਕਰੋ। ਦੂਰ-ਦਰਾਜ਼ ਤੋਂ ਆਪ ਗੁਰੂ ਦਰਬਾਰ ਵਿੱਚ ਪਹੁੰਚੇ ਓਂ। ਥੋੜ੍ਹੀ ਦੇਰ ਮਨ ਦੀਆਂ ਬਿਰਤੀਆਂ ਰੋਕ ਕੇ ਫੁਰਨੇ ਰੋਕ ਕੇ ਗੁਰਮਤਿ ਵਿਚਾਰਾਂ ਸਰਵਣ ਕਰੋ, ਉਨ੍ਹਾਂ ਦਾ ਮੰਨਣ ਕਰੋ, ਹਿਰਦੇ 'ਚ ਧਾਰਨ ਕਰੋ। ਤੁਹਾਡੀ ਯਾਤਰਾ ਸਫਲ ਹੋਏਗੀ ਤੇ ਮਨਵਾਂਛਤ ਫਲ ਗੁਰੂ ਮਹਾਰਾਜ ਦੇਣਗੇ। ਮਨੁੱਖ ਦਾ ਜਨਮ ਬਹੁਤ ਹੀ ਕੀਮਤੀ ਹੈ, ਇਹ ਅਚਾਨਕ ਨਹੀਂ ਸਾਨੂੰ ਮਿਲਿਆ। ਬਹੁਤ ਚੱਕਰ ਲੱਗਣ ਤੋਂ ਬਾਅਦ -

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥
ਅੰਗ - ੬੩੧

ਬੜੇ ਜੁਗ ਲੰਘ ਗਏ ਫਿਰਦਿਆਂ ਨੂੰ। ਪਤਾ ਨਹੀਂ ਕਿੱਥੇ-ਕਿੱਥੇ ਕਿਹੜੀਆਂ-ਕਿਹੜੀਆਂ ਜੂਨਾਂ 'ਚ ਰਹੇ। ਫੇਰ ਜਾ ਕੇ ਮਨੁੱਖ ਦਾ ਜਾਮਾ ਪ੍ਰਾਪਤ ਹੁੰਦਾ ਹੈ। ਇਹ ਪ੍ਰਾਪਤ ਇਸ ਕਰਕੇ ਹੋਇਆ ਕਰਦਾ ਹੈ ਕਿ -

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨

ਗੋਬਿੰਦ ਨੂੰ ਮਿਲਣ ਦੀ ਵਾਰੀ ਆ ਗਈ, ਬਾਕੀ ਜਿਹੜੇ ਕੰਮਾਂ 'ਚ ਲੱਗਿਆ ਹੋਇਆ ਹੈ, ਮਹਾਰਾਜ ਕਹਿੰਦੇ -

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨

ਉਹ ਕੰਮ ਤੇਰੇ worthless ਨੇ, ਕਿਸੇ ਕੰਮ ਨਹੀਂ ਆਉਣੇ, ਜੋ ਤੇਰੀ ਪਰਾਲਬਧ ਹੈ ਉਹ ਦਰਗਾਹ ਤੋਂ ਤੇਰੇ ਮਸਤਕ 'ਚ ਲਿਖ ਕੇ ਭੇਜੀ ਹੋਈ ਹੈ, ਘਟਦੀ ਹੈ, ਵਧਦੀ ਹੈ। ਮਾੜੇ ਕੰਮ ਕਰ ਲਓ ਘਟ ਜਾਇਆ ਕਰਦੀ ਹੈ, ਚੰਗੇ ਕੰਮ ਸਤਿਸੰਗ ਕਰੋ, ਗੁਰੂ ਦੇ ਦਰਸ਼ਨ ਕਰੋ, ਹਰੀ ਦਾ ਜਸ ਸਰਵਣ ਕਰੋ, ਪੁੰਨ ਦਾਨ ਕਰੋ, ਸੇਵਾ ਕਰੋ ਉਸ ਦੇ ਨਾਲ ਵਧ ਜਾਇਆ ਕਰਦੀ ਹੈ। ਸੋ ਉਹਦਾ ਫਿਕਰ ਨਹੀਂ ਕਰਨਾ ਚਾਹੀਦਾ। ਮਹਾਰਾਜ ਕਹਿੰਦੇ ਜਿਹੜਾ ਤੂੰ ਬਾਕੀ ਕੰਮਾਂ 'ਚ ਲਿਪਤ ਹੋਇਆ-ਹੋਇਆ ਹੈਂ, ਉਹ ਤੇਰੇ ਕਿਸੇ ਕੰਮ ਨਹੀਂ ਹੈਗੇ। ਸਭ ਚੀਜ਼ਾਂ ਦੁਨੀਆਂ ਦੀਆਂ ਕੰਮ ਆਉਂਦੀਆਂ ਨੇ। ਕੀ ਰੇਤਾ ਹੈ ਇਹ ਵੀ ਕੰਮ ਆਉਂਦਾ ਹੈ, ਚੁੱਕਦੇ ਫਿਰਦੇ ਨੇ, ਸੁਆਹ ਵੀ ਕੰਮ ਆਉਂਦੀ ਹੈ। ਮਹਾਰਾਜ ਕਹਿੰਦੇ ਜਿਹੜੇ ਤੂੰ ਕੰਮ ਕਰਨ ਲੱਗਿਆ ਹੈਂ ਸੰਸਾਰ 'ਚ, ਵਾਹਿਗੁਰੂ ਨੂੰ ਮਿਲਣ ਤੋਂ ਬਗੈਰ, ਹੋਰ ਗੱਲਾਂ ਬਾਤਾਂ, ਇੱਥੇ ਤਾਂ ਤੈਨੂੰ ਲਗਦਾ ਹੈ ਕਿ ਕੰਮ ਦੀਆਂ ਨੇ, ਦਰਗਾਹ ਦੇ ਵਿੱਚ ਕਿਸੇ ਵੀ ਕੰਮ ਦੀਆਂ ਨਹੀਂ ਹਨ, ਇਸ ਕਰਕੇ ਹਿੰਮਤ ਕਰਕੇ ਤੂੰ ਸਤਿਸੰਗ ਕਰ, ਭਜਨ ਕਰਨ ਲੱਗ, ਪੁੱਛ ਕਿਸੇ ਤੋਂ ਕਿ ਭਜਨ ਕਿਵੇਂ ਕਰੀਦਾ ਹੈ, ਮਹਾਂਪੁਰਸ਼ਾਂ ਦੀ ਸੰਗਤ ਕਰ, ਉਨ੍ਹਾਂ ਦੀ ਸੰਗਤ ਕਰਕੇ ਤੈਨੂੰ ਕੁਛ ਗਿਆਨ ਹੋਏਗਾ, ਤੇਰੇ ਅੰਦਰ ਕੁਛ ਚਾਨਣਾ ਹੋਏਗਾ, ਕਿਉਂਕਿ ਬਹੁਤ ਜਨਮ ਲੰਘ ਗਏ। ਜੇ ਮਨੁੱਖ ਦੇ ਜਾਮੇ ਵਿਚ ਵੀ ਅਸੀਂ ਆਉਂਦੇ ਹਾਂ। ਪਹਿਲਾਂ-ਪਹਿਲਾਂ ਆਦਮੀ ਛੋਟੇ-ਛੋਟੇ ਪੁੰਨ ਕਰਦਾ ਹੈ, ਕੀੜਿਆਂ ਨੂੰ ਤਿਲ-ਚੌਲੀ ਪਾ ਦਿੱਤੀ, ਚੋਣੇ 'ਚ ਜਾ ਕੇ ਨਮਕ ਰੱਖ ਆਇਆ, ਪਾਣੀ ਦਾ ਬੰਦੋਬਸਤ ਕਰ ਦਿੱਤਾ, ਪਸ਼ੂ ਪੀਣਗੇ, ਪੰਛੀ ਪੀਣਗੇ, ਚੋਗਾ ਲੈ ਕੇ ਪੰਛੀਆਂ ਨੂੰ ਪਾ ਦਿੱਤਾ। ਇਸ ਤਰ੍ਹਾਂ ਦੇ ਨਿੱਕੇ-ਨਿੱਕੇ ਕਰਮ ਕਰਨ ਦੇ ਨਾਲ ਮਨੁੱਖਾ ਦੇਹੀ ਮਿਲ ਜਾਇਆ ਕਰਦੀ ਹੈ। ਜੇ ਪਾਪ ਨਾ ਕਰੇ।

ਦੂਸਰਾ ਜਨਮ ਆ ਜਾਂਦਾ ਹੈ, ਦੂਸਰੇ ਜਨਮ ਦੇ ਅੰਦਰ ਰੁਚੀ ਜਾਗਦੀ ਹੈ ਅੰਦਰ, ਕਰਮ ਫਲ ਦੇਣ ਨੂੰ ਤਿਆਰ ਹੁੰਦੇ ਨੇ। ਕਿਤੇ ਸਤਿਸੰਗ ਦੇ ਬਾਰੇ ਸੁਣਦਾ ਹੈ, ਮਹਾਂਪੁਰਸ਼ਾਂ ਦੇ ਬਾਰੇ ਸੁਣਦਾ ਹੈ, ਹਿੰਮਤ ਕਰਕੇ ਉਥੇ ਸੰਗਤ ਕਰਨ ਵਾਸਤੇ ਜਾਂਦਾ ਹੈ। ਕੁਝ ਪੱਲੇ ਬੱਝ ਜਾਂਦਾ ਹੈ, ਕੁਛ ਭੁੱਲ ਜਾਂਦਾ ਹੈ। ਇਸ ਤਰ੍ਹਾਂ ਹੀ ਜੀਵਨ ਬਤੀਤ ਹੋ ਜਾਂਦਾ ਹੈ। ਚੜ੍ਹਾਈ ਕਰ ਜਾਂਦਾ ਹੈ, ਫੇਰ ਆ ਕੇ ਤੀਸਰਾ ਜਨਮ ਆ ਗਿਆ ਤਾਂ ਉਹਦੇ ਵਿੱਚ ਬਚਪਨ ਤੋਂ ਹੀ

ਖਿਆਲ ਹੋਣੇ ਸ਼ੁਰੂ ਹੋ ਜਾਂਦੇ ਨੇ ਕਿ ਭਜਨ ਕਰਾਂ, ਬਾਣੀ ਪੜ੍ਹਾਂ, ਏਸੇ ਤਰ੍ਹਾਂ ਫੇਰ ਰਹਿ ਜਾਂਦਾ ਹੈ, ਫੇਰ ਚੌਥਾ ਜਨਮ ਆ ਜਾਂਦਾ ਹੈ, ਚੌਥੇ ਜਨਮ ਦੇ ਵਿੱਚ ਜਾ ਕੇ ਇਹ ਖਿਆਲ ਆਉਂਦਾ ਹੈ ਕਿ ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਮੈਂ ਸੰਗਤ ਕਰਾਂ। ਕਿਸੇ ਮਹਾਂਪੁਰਸ਼ ਦੇ ਨਾਲ ਮੇਰਾ ਸੰਪਰਕ ਜੁੜ ਜਾਵੇ। ਉਹਦੇ ਦਿਲ ਵਿਚ ਖਿੱਚ ਹੁੰਦੀ ਹੈ, ਪਿਆਰ ਹੁੰਦਾ ਹੈ, ਤਿੰਨ ਜਨਮ ਇਹਦੇ ਲੰਘ ਚੁੱਕੇ ਨੇ ਚੌਥਾ ਜਨਮ ਹੈ ਲੇਕਿਨ ਫੇਰ ਵੀ ਸੰਤਾਂ ਦੇ ਨਾਲ ਰਹਿ ਕੇ ਫੇਰ ਨਹੀਂ ਪੁੱਛਦਾ ਅਗਲੀ ਗੱਲ। ਨੇਕ ਕੰਮ ਕਰਦਾ ਹੈ, ਸੇਵਾ ਕਰਦਾ ਹੈ, ਬਾਣੀ ਪੜ੍ਹਦਾ ਹੈ, ਜਨਮ ਮਰਨ ਦਾ ਚੱਕਰ ਨਹੀਂ ਕੱਟਿਆ, ਮੁੜ ਕੇ ਫੇਰ ਮਨੁੱਖ ਬਣਾ ਦਿੱਤਾ, ਪੰਜਵੇਂ ਜਨਮ 'ਚ ਜਾ ਕੇ ਸੋਝੀ ਹੁੰਦੀ ਹੈ ਕਿ ਗੁਰੂ ਧਾਰਨ ਕਰੀਏ ਤੇ ਗੁਰੂ ਤੋਂ ਮੰਤਰ ਲੈ ਕੇ ਉਹਦੀ ਸਾਧਨਾ ਕਰੀਏ, ਸੇਵਾ ਕਰੀਏ ਕਿ ਸੰਪਰਕ ਜੁੜ ਗਿਆ ਕਿਸੇ ਨਾਲ। ਉਸ ਸੰਪਰਕ ਦੇ ਵਿੱਚ ਅੱਗੇ ਵਧੀਏ, ਪਿੱਛੇ ਨਾ ਹਟੀਏ। ਸੋ ਇਸ ਤਰ੍ਹਾਂ ਦੇ ਨਾਲ ਕਿੰਨੇ ਜਨਮ ਲੰਘ ਜਾਂਦੇ ਨੇ ਫੇਰ ਜਾ ਕੇ ਕਿਤੇ ਐਸੀ ਅਵਸਥਾ ਆਉਂਦੀ ਹੈ ਕਿ ਅੰਮ੍ਰਿਤ ਵੇਲੇ ਜਾਗ ਕੇ, ਦੋ ਢਾਈ ਘੰਟੇ ਬੈਠ ਕੇ ਭਜਨ ਕਰਦਾ ਹੈ। ਰਾਤ ਨੂੰ ਪੈਣ ਤੋਂ ਪਹਿਲਾਂ ਭਜਨ ਕਰਦਾ ਹੈ, ਦਿਨ ਵਿੱਚ ਸਤਿ ਦੇ ਵਿਚਾਰ ਆਪਣੇ ਹਿਰਦੇ ਵਿੱਚ ਧਾਰਨ ਕਰਦਾ ਹੈ। ਕਿਸੇ ਦੀ ਨਿੰਦਿਆ ਨਹੀਂ ਕਰਦਾ, ਚੁਗਲੀ ਨਹੀਂ ਕਰਦਾ, ਈਰਖਾ ਨਹੀਂ ਕਰਦਾ, ਵਲ-ਛਲ ਨਹੀਂ ਕਰਦਾ, ਧੋਖੇ ਨਹੀਂ ਦਿੰਦਾ ਕਿਉਂਕਿ ਅੰਦਰੋਂ ਮੈਲ ਨਿਕਲ ਚੁੱਕੀ ਹੈ ਥੋੜ੍ਹੀ ਰਹਿ ਗਈ ਹੈ। ਸੋ ਉਸ ਵੇਲੇ ਜਾ ਕੇ ਫੇਰ ਇਹਦੇ ਮਨ ਵਿਚ ਉਤਸ਼ਾਹ ਉਠਦਾ ਹੈ ਕਿ ਮੈਂ ਸੰਗਤ ਕਰਾਂ, ਮਹਾਂਪੁਰਸ਼ਾਂ ਦੇ ਦਰਸ਼ਨ ਕਰਾਂ, ਸਾਰੇ ਕੰਮ ਛੱਡ ਕੇ ਦੂਰ-ਦਰਾਜ਼ ਜਿੱਥੇ ਵੀ ਪਤਾ ਲਗਦਾ ਹੈ ਉਸ ਥਾਂ 'ਤੇ ਪਹੁੰਚਦਾ ਹੈ। ਮਹਾਂਪੁਰਸ਼ ਉਨ੍ਹਾਂ ਦਿਨਾਂ ਦੇ ਉਤੇ ਵਿਸ਼ੇਸ਼ ਕਰਕੇ ਸੰਬੋਧਨ ਕਰਦੇ ਨੇ ਸੰਗਤਾਂ ਨੂੰ, ਉਨ੍ਹਾਂ ਦੇ ਉਤੇ ਇਹ ਜਾਂਦਾ ਹੈ। ਸੋ ਇਹ ਪੂਰਬਲੇ ਕਰਮਾਂ ਦਾ ਫਲ ਹੋਇਆ ਕਰਦਾ ਹੈ। ਅਚਾਨਕ ਨਹੀਂ ਕੋਈ ਜਾਂਦਾ। ਪਿੱਛੇ ਕਰਮਾਂ ਦਾ ਬਲ ਹੋਇਆ ਕਰਦਾ ਹੈ। ਕਿਰਤ ਕਿਹੋ ਜਿਹੀ ਵੀ ਹੋਵੇ, ਕਿਹੋ ਜਿਹੇ ਵੀ ਥਾਂ ਰਹਿੰਦਾ ਹੋਵੇ, ਲੇਕਿਨ ਕਰਮਾਂ ਦਾ ਬਲ ਬੰਦੇ ਨੂੰ ਸਤਿਸੰਗ 'ਚ ਲੈ ਆਉਂਦਾ ਹੈ।

ਇਸੇ ਤਰ੍ਹਾਂ ਦੇ ਨਾਲ ਇੱਕ ਪ੍ਰੇਮੀ ਰਾਜਸਥਾਨ ਦੇ ਵਿੱਚ ਰਹਿਣ ਵਾਲਾ ਹੈਦਰਾਬਾਦ ਦੇ ਨੇੜੇ ਹੀ, ਇੱਥੇ ਸੱਖਰ ਤੋਂ ੧੨੫ ਕਿਲੋਮੀਟਰ ਦੂਰ ਸੇਵਾਨ ਪਿੰਡ ਹੈ ਉਥੇ ਇੱਕ ਲੜਕਾ ਕਿਸੇ ਕਰਮ ਦੇ ਵਸ ਕਰਕੇ, ਕੋਈ ਕਰਮ ਮਾੜਾ ਰਹਿੰਦਾ ਸੀ, ਕਸਾਈਆਂ ਦੇ ਘਰ ਜਨਮ ਲੈ ਲਿਆ ਉਸਨੇ। ਕਸਾਈਆਂ ਦਾ ਕਰਮ ਹੁੰਦਾ ਹੈ, ਜਾਨਵਰ ਮਾਰਨੇ, ਖੱਲ੍ਹਾਂ ਲਾਹ ਕੇ ਪਾਸੇ ਰੱਖ ਲੈਣੀਆਂ ਤੇ ਉਨ੍ਹਾਂ ਦਾ ਮਾਸ ਕੱਟ-ਕੱਟ ਕੇ ਵੇਚਣਾ। ਉਹ ਇਸ ਗੱਲ ਤੋਂ ਅਗਿਆਤ ਹੁੰਦੇ ਨੇ ਕਿ ਜਿਹੜਾ ਮੈਂ ਜਾਨਵਰ ਮਾਰਦਾ ਹਾਂ ਇਹਦਾ ਮੈਨੂੰ ਪਾਪ ਲਗਦਾ ਹੈ, ਮੈਂ ਕਿਸ ਤਰ੍ਹਾਂ ਦੇ ਨਾਲ ਲੇਖੇ ਦੇਵਾਂਗਾ। ਉਨ੍ਹਾਂ ਨੂੰ ਕੋਈ ਪਤਾ ਨਹੀਂ ਹੁੰਦਾ ਭਾਵੇਂ ਗੁਰੂ ਮਹਾਰਾਜ ਮਹਾਂਪੁਰਸ਼ ਬਾਰ-ਬਾਰ ਦਸਦੇ ਨੇ ਕਿ ਪਿਆਰਿਆ! ਇਹ ਜੀਵ ਸਾਰੇ ਪ੍ਰਮੇਸ਼ਰ ਦੇ ਨੇ। ਧੱਕਾ ਨਾ ਕਰ, ਜਵਾਬ ਦੇਣਾ ਪਵੇਗਾ ਤੈਨੂੰ ਪ੍ਰਮੇਸ਼ਰ ਦੇ ਕੋਲ ਜਾ ਕੇ। ਜੇ ਤੂੰ ਵੱਢ-ਵੱਢ ਖਾਂਦਾ ਹੈਂ ਤਾਂ ਇੱਕ ਦਿਨ ਐਸਾ ਆਏਗਾ, ਕਰਮ ਦੇ ਫਲ ਦੇਣ ਵਾਸਤੇ ਕਿ ਤੇਰਾ ਗਲ ਵੱਢ ਕੇ ਇਹ ਤੈਨੂੰ ਖਾਣਗੇ, ਇਹ ਮਨੁੱਖ ਹੋਣਗੇ ਤੇ ਤੂੰ ਜਾਨਵਰ ਹੋਏਂਗਾ। ਉਹਦੇ ਬਾਰੇ ਇਸ ਤਰ੍ਹਾਂ ਦੇ ਨਾਲ ਬਾਣੀ ਦੇ ਵਿੱਚ ਆਉਂਦਾ ਹੈ, ਪੜ੍ਹੋ ਪਿਆਰ ਨਾਲ।

ਧਾਰਨਾ - ਗਲਾ ਕਟਾਵੇਂਗਾ ਪਿਆਰਿਆ! ਖਾ ਕੇ ਮਾਸ ਬੇਗਾਨੇ।

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ - ੧੩੭੪

ਕਹਿੰਦੇ ਜਿਹੜਾ ਸਾਦਾ ਭੋਜਨ ਅਸੀਂ ਖਾਂਦੇ ਹਾਂ, ਬਹੁਤ ਅੱਛਾ ਹੈ। ਕੋਈ ਸੁਆਦ ਨਹੀਂ ਲਾਉਂਦੇ, ਸੁਆਦ ਲਾਉਣ ਨਾਲ ਆਦਮੀ ਬੀਮਾਰ ਹੁੰਦਾ ਹੈ। ਜਿਹੜਾ ਜਾਨਵਰ ਮਾਰ ਕੇ ਖਾਂਦਾ ਹੈਂ, 'ਹੇਰਾ' ਕਹਿੰਦੇ ਨੇ, ਸ਼ਿਕਾਰ ਕਰਨ ਨੂੰ। ਸ਼ਿਕਾਰ ਕਰਨ ਦੇ ਨਾਲ ਜਿਹੜਾ ਤੂੰ ਮਾਸ ਖਾਂਦਾ ਹੈਂ, ਬੇਗਾਨੇ ਜੀਵਾਂ ਦਾ, ਉਹ ਤੇਰਾ ਕਰਮ ਐਵੇਂ ਨਹੀਂ ਜਾਣਾ। ਉਹਦਾ ਫਲ ਤੈਨੂੰ ਭੋਗਣਾ ਹੀ ਪੈਣਾ ਹੈਂ, ਇਸੇ ਤਰ੍ਹਾਂ ਜਿਵੇਂ ਤੂੰ ਕਰਦਾ ਹੈਂ, ਉਹਨੇ ਤੇਰੇ ਤੋਂ ਬਦਲਾ ਲੈ ਲੈਣਾ ਹੈ। ਅਕਾਲ ਪੁਰਖ ਵਲੋਂ ਅਸੂਲ ਐਸਾ ਹੈ ਸੰਸਾਰ ਦੇ ਅੰਦਰ, ਅਦਲੇ ਦਾ ਬਦਲਾ ਲੈਣਾ ਦੇਣਾ ਹੀ ਪੈਂਦਾ ਹੈ। ਸੋ ਇਸ ਤਰ੍ਹਾਂ ਦੀ ਕਿਰਤ ਵਿੱਚ ਰਹਿਣ ਵਾਲਾ ਬੰਦਾ ਜਿਸਦਾ ਨਾਮ ਸਧਨਾ ਸੀ। ਕਸਾਈਆਂ ਦਾ ਕੰਮ ਕਰਦਾ ਹੈ, ਲੇਕਿਨ ਅੰਦਰਲੇ ਪਾਸੇ ਬਹੁਤ ਗਿਲਾਨੀ ਆਉਂਦੀ ਹੈ, ਵੈਰਾਗ ਹੈ ਅੰਦਰ, ਸੰਸਾਰ ਦਾ ਜਦੋਂ ਹਾਲ ਚਾਲ ਦੇਖਦਾ ਹੈ ਕਿ ਇੱਥੇ ਤੁਰੇ ਹੀ ਜਾ ਰਹੇ ਨੇ, ਸਤਿਸੰਗ ਵਿੱਚ ਜਾਂਦਾ ਹੈ, ਜਿੱਥੇ ਵੀ ਮਹਾਤਮਾ ਆਉਂਦੇ ਨੇ, ਜਾ ਕੇ ਸੁਣਦਾ ਹੈ। ਮਨ ਦੇ ਵਿੱਚ ਸ਼ੌਂਕ ਜਾਗਦਾ ਹੈ, ਕੁਛ ਆਪਣੀ ਕਿਰਤ ਦੇ ਉਤੇ ਗਿਲਾਨੀ ਆਉਂਦੀ ਹੈ ਕਿ ਮੇਰੀ ਕਿਰਤ ਕਿਹੋ ਜਿਹੀ ਮਾੜੀ ਹੈ, ਮੈਂ ਬੀਜ ਬੀਜੀ ਜਾਂਦਾ ਹਾਂ, ਭੋਗਣੇ ਮੈਨੂੰ ਕਿੰਨੇ ਔਖੇ ਹੋ ਜਾਣੇ ਨੇ ਉਸ ਵੇਲੇ ਮਨ ਵਿੱਚ ਖਿਆਲ ਆਉਂਦੇ ਨੇ ਕਿ ਮੈਂ ਕਿਸੇ ਚੰਗੇ ਮਹਾਂਪੁਰਸ਼ ਨੂੰ ਮਿਲਾਂ, ਉਹਦੇ ਕੋਲ ਮੈਂ ਬੇਨਤੀ ਕਰਾਂ ਤੇ ਮੈਨੂੰ ਪ੍ਰਭੂ ਦੇ ਮਿਲਾਪ ਦਾ ਰਸਤਾ ਦੱਸ ਦੇਵੇ ਉਹ ਤੇ ਫੇਰ ਮੈਂ ਆਪਣਾ ਭਜਨ ਬੰਦਗੀ ਕਰਾਂ। ਇਸ ਤਰ੍ਹਾਂ ਕਰਦਾ-ਕਰਦਾ ਇੱਕ ਵਾਰੀ ਕੋਈ ਮਹਾਂਪੁਰਸ਼ਾਂ ਦਾ ਸਤਿਸੰਗ ਹੋ ਰਿਹਾ ਹੈ, ਮਨ ਵਿੱਚ ਬੜਾ ਵੈਰਾਗ ਹੈ, ਮਨ ਵਿੱਚ ਬੜਾ ਦ੍ਰਿੜ੍ਹ ਇਰਾਦਾ ਹੈ ਕਿ ਮੈਂ ਭਜਨ ਕਰਾਂਗਾ, ਬਚਨ ਸੁਣ ਕੇ ਪੱਲੇ ਬੰਨ੍ਹ ਲੈਂਦਾ ਹੈ। ਮਹਾਂਪੁਰਸ਼ਾਂ ਨੂੰ ਮਿਲੇ, ਚਾਹੇ ਨਾ ਮਿਲੇ ਲੇਕਿਨ ਉਨ੍ਹਾਂ ਦੇ ਬਚਨ ਸੁਣ ਕੇ ਹਿਰਦੇ 'ਚ ਧਾਰਨ ਕਰ ਲੈਂਦਾ ਹੈ ਤੇ ਅੱਜ ਜਿਸ ਵਕਤ ਸਤਿਸੰਗ 'ਚ ਜਾ ਕੇ ਬੈਠਦਾ ਹੈ ਉਸ ਵੇਲੇ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਐਸਾ ਉਚਾਰਨ ਹੋ ਰਿਹਾ ਹੈ -

ਧਾਰਨਾ - ਪੈ ਜਾਉ ਅਚਿੰਤਾ ਜਾਲ ਇਕ ਦਿਨ ਪੈ ਜਾਣਾ।

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥
ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥ ੧ ॥
ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ ਅੰਗ - ੫੫
ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥
ਅੰਗ - ੨੫੪

ਮਹਾਂਪੁਰਸ਼ਾਂ ਤੋਂ ਬਚਨ ਸੁਣਦਾ ਹੈ, ਮਨ ਦੇ ਅੰਦਰ ਵਿਚਾਰ ਕਰਦਾ ਹੈ ਕਿ ਮਨਾਂ ਮੈਨੂੰ ਤਾਂ ਹਾਲੇ ਭਜਨ ਕਰਨ ਦਾ ਹੀ ਨਹੀਂ ਪਤਾ ਹੈ। ਕੀ ਪਤਾ ਹੈ ਕਾਲ ਕਿਹੜੇ ਵੇਲੇ ਆ ਕੇ ਗ੍ਰਸ ਲਵੇ। ਕੋਈ ਉਹਦਾ ਤਾਂ ਇਤਬਾਰ ਹੋਇਆ ਹੀ ਨਹੀਂ ਕਰਦਾ। ਕਾਲ ਦਾ ਸਾਧਸੰਗਤ ਜੀ! ਕੋਈ ਇਤਬਾਰ ਨਹੀਂ ਹੈ।

ਜਦੋਂ ਮੈਂ ਯੂ.ਪੀ. ਹੁੰਦਾ, ਨਾਨਕ ਮਤੇ ਤੋਂ ਅਸੀਂ ਗੱਡੀਆਂ ਦੇ ਵਿੱਚ ਅਸੀਂ ਆ ਰਹੇ ਸੀ ਤੇ ਮੇਰੇ ਨਾਲ ਨਵਾਬ ਨਗਰ ਵਾਲੇ ਸ. ਪੂਰਨ ਸਿੰਘ ਸੀ। ਰਸਤੇ 'ਚ ਉਤਰ ਕੇ ਬੜੀ ਦੇਰ ਅਸੀਂ ਖੜ੍ਹੇ ਰਹੇ, ਉਸ ਤੋਂ ਬਾਅਦ ਬਚਨ ਕਰਦੇ ਰਹੇ ਕਿਉਂਕਿ ਉਥੇ ਸਤਿਸੰਗ ਮੱਸਿਆ ਦਾ ਹੋਇਆ ਕਰਦਾ ਸੀ, ਹਰ ਮੱਸਿਆ ਮੈਂ ਜਾਂਦਾ ਸੀ। ਦੂਸਰੇ ਦਿਨ ਵਾਸਤੇ ਪ੍ਰੋਗਰਾਮ ਬਣਾਇਆ, ਉਹ ਕਹਿਣ ਲੱਗੇ ਕਿ ਮੈਂ ਆਪੇ ਹੀ ਆ ਜਾਵਾਂਗਾ। ਮੈਂ ਕਿਹਾ, ਕੰਮਾਂ 'ਚ ਭੁੱਲ ਨਾ ਜਾਇਓ, ਸਤਿਸੰਗ ਹੈ ਤੇ ਆਪਾਂ ਜਾਣਾ ਹੈ ਉਥੇ। ਘਰ ਚਲੇ ਗਏ ਤੇ ਜਾ ਕੇ ਜਦੋਂ ਅੱਧੀ ਰਾਤ ਹੋਈ, ਢਲ ਗਈ ਰਾਤ, ਉਸ ਵੇਲੇ ਲਾਈਟ ਕਰ ਲਈ, ਬਾਂਹ ਦੁਖਣ ਲੱਗ ਗਈ ਉਨ੍ਹਾਂ ਦੀ। ਭਰਾ ਨੂੰ ਪਤਾ ਲੱਗਿਆ ਕਹਿੰਦੇ ਕੀ ਗੱਲ ਤੁਸੀਂ ਲਾਈਟ ਕਰੀ ਹੈ? ਕਹਿੰਦੇ, ਆਹ ਬਾਂਹ ਜਿਹੀ ਦੁਖਦੀ ਹੈ ਮਾੜੀ-ਮਾੜੀ। ਭਰਾ ਨੇ ਕਿਹਾ, ਆਪਾਂ ਫੇਰ ਹਾਸਪੀਟਲ ਚੱਲੀਏ? ਕਹਿੰਦੇ ਲੈ ਦਿਨ ਚੜ੍ਹੇਗਾ ਫੇਰ ਆਪਾਂ ਚੱਲ ਪਵਾਂਗੇ। ਕੋਈ ਗੱਲ ਤਾਂ ਹੈ ਨਹੀਂ। ਪਰ ਮੈਂ toilet ਜਾ ਆਵਾਂ ਤੇ ਦਸਤਾਰ ਬੰਨ੍ਹ ਲਵਾਂ ਫੇਰ ਆਪਾਂ ਥੋੜ੍ਹਾ ਦਿਨ ਚੜ੍ਹਦੇ ਹੀ ਚਲੇ ਚਲਾਂਗੇ। ਉਹ toilet ਚਲੇ ਗਏ, ਭਰਾ ਬਾਹਰ ਖੜ੍ਹਾ ਹੈ ਉਨ੍ਹਾ ਦਾ, ਕਹਿਣ ਲੱਗਿਆ ਜੀ! ਪਾਣੀ ਦੇਵਾਂ। ਹਾਂ, ਕਹਿੰਦੇ ਪਹਿਲਾ ਤਾਂ ਭੁਲ਼ ਗਿਆ, ਥੋੜ੍ਹਾ ਮੈਨੂੰ ਹੋਰ ਦੇ ਦਿਓ, ਉਨ੍ਹਾਂ ਦਿਨਾਂ ਵਿੱਚ ਫਲੱਸ਼ਾਂ ਵਗੈਰਾ ਨਹੀਂ ਸੀ ਹੋਇਆ ਕਰਦੀਆਂ। ਉਹਨੇ ਪਾਣੀ ਦੇ ਦਿੱਤਾ, ਪਰ ਪਾਣੀ ਡੁਲ੍ਹਿਆ ਨਾ। ਆਵਾਜ਼ ਮਾਰੀ, ਕਹਿਣ ਲੱਗਿਆ ਕਿ ਕੀ ਗੱਲ ਤੁਸੀਂ ਪਾਣੀ ਨਹੀਂ ਡੋਲ੍ਹਿਆ। ਕੋਈ ਆਵਾਜ਼ ਨਹੀਂ। ਦਰਵਾਜ਼ਾ ਖੋਲ੍ਹਿਆ, ਕੀ ਦੇਖਦੇ ਨੇ ਕਿ ਪਿੱਠ ਨਾਲ ਲੱਗੀ ਪਈ ਹੈ ਕੰਧ ਦੇ ਪਿਛਲੇ ਪਾਸੇ, ਆਪ ਸਰੀਰ ਵਿੱਚ ਹੈ ਹੀ ਨਹੀਂ। ਯਾਨਿ ਐਨਾ ਵੀ ਸਮਾਂ ਨਹੀਂ ਮਿਲਿਆ ਕਿ ਮੈਂ ਦੱਸ ਦੇਵਾਂ ਕਿ ਮੈਂ ਜਾ ਰਿਹਾ ਹਾਂ।

ਇਸੇ ਤਰ੍ਹਾਂ ਦੇ ਨਾਲ ਇੱਕ ਹੋਰ ਮੇਰੇ ਮਿਲਣ ਵਾਲੇ ਹੋਇਆ ਕਰਦੇ ਸੀ ਕਰਨਲ ਲਾਲ ਸਿੰਘ, ਉਨ੍ਹਾਂ ਦੇ ਵਿਚਾਰ ਕਰੀ, ਪ੍ਰਚਾਰ ਕਰਨ ਦਾ ਕੋਈ ਬਾਨ੍ਹਣੂੰ ਬੰਨਿਆ, ਯੂ.ਪੀ. ਦੇ ਅੰਦਰ ਕਿ ਇਸ ਤਰ੍ਹਾਂ ਆਪਾਂ ਕਰਨਾ ਹੈ। ਉਹ ਕਹਿਣ ਲੱਗਿਆ ਕਿ ਆਪਾਂ ਦੋ ਤਿੰਨ ਦਿਨ ਨੂੰ ਮਿਲਾਂਗੇ ਤੇ ਫੇਰ ਵੱਡੇ ਸਕੇਲ ਦੇ ਉਤੇ ਪ੍ਰੋਗਰਾਮ ਬਣਾਵਾਂਗੇ। ਮੈਂ ਉਸਨੂੰ ਕਿਹਾ ਸੀ ਕਿ ਦੇਖੋ ਧਾਨ ਤੁਹਾਡੇ ਕੋਲ ਬਹੁਤ ਹੋ ਜਾਂਦਾ ਹੈ, ਮੇਰੇ 'ਤੇ ਵੀ ਮਹਾਰਾਜ ਨੇ ਕ੍ਰਿਪਾ ਕੀਤੀ ਹੋਈ ਹੈ, ਹਜ਼ਾਰ ਬੋਰੀ ਤੋਂ ਉਤੇ ਹੋ ਜਾਂਦਾ ਹੈ। ਆਪਾਂ ਦਸ-ਦਸ ਬੋਰੀਆਂ, ਤੁਸੀਂ ਚਾਲੀ ਪੰਜਾਹ ਕੱਢਿਆ ਕਰੋ, ਇਹ ਜਿਹੜੇ ਭਈਆਂ ਦੇ ਪਿੰਡ ਨੇ ਇਨ੍ਹਾਂ ਦੇ ਵਿੱਚ ਚੌਲ ਵਗੈਰਾ ਕੜਾਹੇ 'ਚ ਪਾ ਕੇ, ਇਨ੍ਹਾਂ ਨੂੰ ਕਿਹਾ ਕਿ ਉਬਾਲੋ, ਇਕੱਠੇ ਕਰਕੇ ਇਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਬਾਰੇ ਦੱਸਿਆ ਕਰੀਏ। ਕਹਿੰਦੇ, ਬਹੁਤ ਵਧੀਆ ਸਕੀਮ ਹੈ।

ਮੈਨੂੰ ਸੁਨੇਹਾ ਆਇਆ ਕਿ ਕਰਨਲ ਸਾਹਿਬ ਬੀਮਾਰ ਹੋ ਗਏ। ਛੇ ਡਾਕਟਰ ਨੇ ਉਨ੍ਹਾਂ ਦੇ ਆਪਣੇ ਪਰਿਵਾਰ ਦੇ ਤੇ ਮਿੱਤਰ। ਉਥੋਂ ਚੁੱਕ ਕੇ ਬਲਿੰਗਨਨ ਹਾਸਪੀਟਲ ਲੈ ਗਏ, ਡਾਕਟਰਾਂ ਨੇ ਜ਼ੋਰ ਲਾ ਲਿਆ। ਅਖੀਰ ਇਹ ਹੋਇਆ ਕਿ ਚੜ੍ਹਾਈ ਕਰ ਗਏ ਉਹ। ਬਾਤ ਸਿਰੇ ਚੜ੍ਹੀ ਹੀ ਨਾ, ਵਿਚਾਲੇ ਹੀ ਰਹਿ ਗਈ।

ਸੋ ਸੰਸਾਰ ਦੇ ਵਿੱਚ ਐਸਾ ਹੈ ਕਿ ਆਦਮੀ ਜੇ ਕਹੇ ਕਿ ਮੈਂ ਭਜਨ ਫੇਰ ਕਰਾਂਗਾ, ਆਹ ਕੰਮ ਕਰ ਲਵਾਂ, ਔਹ ਕਰ ਲਵਾਂ। ਮਹਾਰਾਜ ਕਹਿੰਦੇ ਫੇਰ ਨਹੀਂ ਪਿਆਰਿਆ ਹੋਣਾ। ਕਿਉਂਕਿ ਜਿਵੇਂ ਮੱਛੀ ਅਚਾਨਕ ਖੇਲ੍ਹਦੀ ਫਿਰਦੀ ਹੈ, ਤੈਰਦੀ ਫਿਰਦੀ ਹੈ, ਕਦੇ ਹੇਠਾਂ ਨੂੰ ਜਾਂਦੀ ਹੈ ਕਦੇ ਸੱਜੇ ਜਾਂਦੀ ਹੈ, ਕਦੇ ਖੱਬੇ ਜਾਂਦੀ ਹੈ, ਕਦੇ ਉਤੇ ਨੂੰ ਆ ਜਾਂਦੀ ਹੈ, ਆਪਣੀ ਮੌਜ ਵਿੱਚ ਫਿਰਦੀ ਹੈ, ਪਰ ਉਸਨੂੰ ਇਹ ਨਹੀਂ ਪਤਾ ਕਿ ਜਾਲ ਪਾ ਦਿੱਤਾ ਬੱਧਕ ਨੇ। ਜਾਲ ਦੇ ਵਿੱਚ ਜਾ ਕੇ ਫਸ ਜਾਂਦੀ ਹੈ। ਮਹਾਰਾਜ ਕਹਿੰਦੇ ਇਸੇ ਤਰ੍ਹਾਂ ਦੇ ਨਾਲ ਹੈ -

ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ ਅੰਗ - ੫੫

ਇਹ ਤਾਂ ਜਾਲ ਪੈਣਾ ਹੀ ਪੈਣਾ ਹੈ, ਇਹ ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਪੈ ਜਾਣਾ ਹੈ -

ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥
ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥
ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥
ਅੰਗ - ੬੩

ਇਹ ਨਾਲ ਨਹੀਂ ਜਾਂਦੀ ਕੋਈ ਚੀਜ਼ ਵੀ, ਆਦਮੀ ਖਪ-ਖਪ ਕੇ ਮਰ ਜਾਂਦਾ ਹੈ। ਬਹੁਤ ਵੱਡੀ ਜੋ ਭੁੱਲ ਹੈ ਇਨਸਾਨ ਦੇ ਅੰਦਰ, ਉਹ ਇਹ ਹੈ ਕਿ ਉਹ ਜਾਣਦਾ ਹੋਇਆ ਵੀ ਨਹੀਂ ਜਾਣਨਾ ਚਾਹੁੰਦਾ ਕਿ ਸੰਸਾਰ ਉਤੇ ਰਹਿਣਾ ਨਹੀਂ ਹੈ। ਸੰਸਾਰ ਰਹਿਣ ਦਾ ਥਾਉਂ ਨਹੀਂ ਹੈ, ਇੱਥੇ ਵੱਡੀਆਂ-ਵੱਡੀਆਂ ਉਮਰਾਂ ਵਾਲੇ ਆਏ ਨੇ। ਮਹਾਰਾਜ ਨੇ ਤਾਂ ਬਹੁਤ ਵੱਡੀਆਂ ਉਮਰਾਂ ਵਾਲਿਆਂ ਦਾ ਜ਼ਿਕਰ ਕੀਤਾ ਹੈ ਇਸ ਤਰ੍ਹਾਂ ਦੇ ਨਾਲ, ਪੜ੍ਹੋ ਪਿਆਰ ਨਾਲ -

ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,
ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ, ਸਿੰਮ੍ਰਿਤਿ
ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ਭੂਮ ਹੀ ਤੇ ਹੋਇਕੈ
ਫੇਰੇ ਭੂਮ ਹੀ ਮਿਲਏ ਹੈਂ॥ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)

ਚਾਹੇ ਥੋੜ੍ਹੀ ਦੇਰ ਵਾਸਤੇ ਆਇਆ ਹੈ, ਚਾਹੇ ਬਹੁਤੀ ਵਾਸਤੇ ਆਇਆ ਹੈ, ਇੱਕ ਸੁਪਨਾ ਹੈ ਸੰਸਾਰ ਦਾ ਜੀਵਨ। ਲੰਘ ਜਾਂਦਾ ਹੈ, ਜਿਹੜਾ ਤੁਰ ਗਿਆ ਉਹ ਮੁੜ ਕੇ ਨਹੀਂ ਆਇਆ ਅੱਜ ਤੱਕ। ਐਸਾ ਵਾਹਿਗੁਰੂ ਦਾ ਖੇਲੁ ਹੈ, ਉਹਦਾ ਨਾਉਂ ਲਈ ਜਾਂਦੇ ਨੇ, ਉਹਦੀ ਜਾਣ-ਪਛਾਣ ਕਾਇਮ ਰਹਿੰਦੀ ਹੈ, ਪਰ ਉਹ ਮੁੜ ਕੇ ਨਹੀਂ ਆਉਂਦਾ, ਸਮਰੱਥ ਕਿੰਨਾ ਹੀ ਹੋਵੇ। ਸੋ ਐਸਾ ਜੋ ਸੰਸਾਰ ਹੈ, ਐਨੀ ਸਚਾਈ ਦੇ ਹੁੰਦਿਆਂ ਹੋਇਆਂ ਇਹ ਬੰਦਾ ਨਹੀਂ ਜਾਣਦਾ, ਬੰਦਾ ਦ੍ਰਿੜ੍ਹ ਕਰਕੇ ਰਹਿੰਦਾ ਹੈ। ਮਹਾਰਾਜ ਕਹਿੰਦੇ -

ਕਾਲੁ ਨ ਆਵੈ ਮੂੜੇ ਚੀਤਿ ॥ ਅੰਗ - ੨੬੭

ਐਨਾ ਮੂੜ੍ਹ ਹੈ ਕਿ ਇਹਨੂੰ ਇਸ ਗੱਲ ਦਾ ਪਤਾ ਹੀ ਨਹੀਂ ਲਗਦਾ ਕਿ ਮੈਂ ਇੱਥੋਂ ਚਲਿਆ ਜਾਣਾ ਹੈ, ਇੱਥੇ ਰਹਿਣ ਵਾਸਤੇ ਬੜਾ ਕੁਛ ਕਰਦਾ ਹੈ, ਬੜੇ ਵਲ-ਛਲ ਕਰਦਾ ਹੈ ਬੜੀਆਂ ਯੋਜਨਾਵਾਂ ਬਣਾਉਂਦਾ ਹੈ ਕਿ ਮੈਂ ਨਹੀਂ ਇੱਥੋਂ ਜਾਣਾ। ਮੁੜ ਕੇ ਤਾਂ ਸੰਸਾਰ ਨਾਲ ਸਬੰਧ ਪੈਂਦਾ ਹੀ ਨਹੀਂ ਸਾਧਸੰਗਤ ਜੀ! ਅੱਜ ਤੱਕ ਤਾਂ ਕਿਸੇ ਦਾ ਪਿਆ ਨਹੀਂ ਹੈ। ਜੇ ਪੈ ਵੀ ਗਿਆ ਤਾਂ ਇੱਕ ਵਾਰੀ ਗੁਰੂ ਮਹਾਰਾਜ ਦੇ ਫੁਰਮਾਨ ਤੋਂ ਆਪਾਂ ਨੂੰ ਪਤਾ ਲੱਗ ਜਾਏਗਾ ਕਿ ਕਿਵੇਂ ਸਬੰਧ ਪੈਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਾ ਰਹੇ ਨੇ, ਘੋੜੇ 'ਤੇ ਸਵਾਰ ਨੇ, ਨਾਲ ਸਿੰਘ ਨੇ ਖੇਤਾਂ 'ਚੋਂ ਜਾ ਰਹੇ ਨੇ। ਖੱਬੇ ਪਾਸੇ ਇੱਕ ਤਿੱਤਰ ਬਹੁਤ ਤੇਜ਼ੀ ਨਾਲ ਬੋਲ ਰਿਹਾ ਹੈ। ਮਹਾਰਾਜ ਮੁਸਕਰਾਉਂਦੇ ਨੇ, ਅਚਾਨਕ ਹੀ ਆਪ ਦੇ ਮੁਖਾਰਬਿੰਦ ਤੋਂ ਐਸਾ ਫੁਰਮਾਨ ਹੋਣ ਲੱਗ ਗਿਆ -

ਧਾਰਨਾ - ਭੂਮੀਆਂ ਭੂਮ ਉਪਰ ਨਿਤ ਲੁਝੈ
ਛੋਡਿ ਚਲੇ ਤ੍ਰਿਸ਼ਨਾ ਨਹੀਂ ਬੁਝੈ।

ਕਾਫੀ ਦੂਰ ਤੱਕ ਆਹ ਤੁਕ ਮਹਾਰਾਜ ਜੀ ਪੜ੍ਹ ਰਹੇ ਨੇ। ਐਸੇ ਤਰ੍ਹਾਂ ਨਾਲ ਗਾ ਕੇ, ਸਿੰਘ ਨਾਲ ਨੇ, ਇੱਕ ਦੂਜੇ ਵੱਲ ਦੇਖਿਆ, ਕਹਿਣ ਲੱਗੇ ਕਿ ਮਹਾਰਾਜ! ਅਚਾਨਕ ਕਿਉਂ ਇਸ ਤਰ੍ਹਾਂ ਦਾ ਸ਼ਬਦ ਪੜ੍ਹਨ ਲੱਗ ਗਏ।

ਉਧਰਲੇ ਪਾਸੇ ਤਿੱਤਰ ਹੋਰ ਜ਼ੋਰ ਦੀ ਬੋਲਣ ਲੱਗ ਗਿਆ। ਅਖੀਰ ਮਹਾਰਾਜ ਜੀ ਨੇ ਘੋੜਾ ਰੋਕਿਆ ਤੇ ਖੜ੍ਹੇ ਹੋ ਗਏ। ਸਿੰਘ ਕਹਿਣ ਲੱਗੇ, ਮਹਾਰਾਜ! ਆਪ ਨੇ ਜੋ ਤੁਕਾਂ ਪੜ੍ਹੀਆਂ ਨੇ, ਇਹਦੇ ਕੋਈ ਸਾਨੂੰ ਵੀ ਮਤਲਬ ਸਮਝਾ ਦਿਓ। ਮਹਾਰਾਜ ਕਹਿੰਦੇ, ਪਿਆਰਿਓ! ਆਹ ਤਿੱਤਰ ਸੁਣਦੇ ਓਂ ਤੁਸੀਂ, ਕਹਿੰਦੇ ਆਪਾਂ ਨੂੰ ਗਾਲ੍ਹਾਂ ਕੱਢ ਰਿਹਾ ਹੈ। ਮਾੜੀਆਂ ਗੱਲਾਂ ਕਹਿ ਰਿਹਾ ਹੈ ਆਪਣੀ ਜ਼ੁਬਾਨ ਦੇ ਅੰਦਰ ਕਿ ਤੁਸੀਂ ਮੇਰੇ ਖੇਤਾਂ 'ਚੋਂ ਕਿਉਂ ਲੰਘੇ ਜਾ ਰਹੇ ਓਂ। ਕਹਿੰਦੇ ਇੱਥੇ ਦਾ ਇਹ ਛੋਟਾ ਜਿਹਾ ਰਾਜਾ ਸੀ, ਇਹ ਉਹਦਾ ਨਿੱਜ ਦਾ ਫਾਰਮ ਸੀ ਤੇ ਚੜ੍ਹਾਈ ਕਰ ਗਿਆ, ਤਿੱਤਰ ਦੀ ਜੂਨੀ 'ਚ ਪੈ ਗਿਆ, ਅਜੇ ਵੀ ਮੇਰ ਨਹੀਂ ਇਹਦੀ ਟੁੱਟਦੀ। ਜੇ ਕੋਈ ਜੀਵ ਦੁਬਾਰਾ ਆਉਂਦਾ ਹੈ ਐਸ ਹਾਲਤ 'ਚ ਆਉਂਦਾ ਹੈ। ਜੇ ਤਿੱਤਰ ਬਣ ਕੇ ਆ ਗਿਆ, ਕੀ ਹੋਇਆ ਫੇਰ ਜ਼ਮੀਨ ਦੀ ਵਾਸ਼ਨਾ ਵਿੱਚ ਰਹੀ। ਇਸ ਤਰ੍ਹਾਂ ਨਹੀਂ ਆਉਂਦਾ ਕਿ ਦੁਬਾਰਾ ਫੇਰ ਉਸੇ ਸ਼ਕਲ ਵਿੱਚ ਆ ਜਾਏ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਜਦੋਂ ਰਾੜਾ ਸਾਹਿਬ ਆਏ, ਬਹੁਤ ਹੀ ਵੈਰਾਗ ਸੀ ਆਪ ਦੇ ਮਨ 'ਚ। ਐਨਾ ਵੈਰਾਗ ਸ਼ਾਇਦ ਹੀ ਕਿਸੇ ਸੰਤ ਮਹਾਂਪੁਰਸ਼ ਦੇ ਹਿਰਦੇ 'ਚ ਹੋਵੇ। ਕਿਉਂਕਿ ਮੈਂ ਦੇਖਦਾ ਰਿਹਾ ਹਾਂ ਬਚਪਨ ਤੋਂ ਹੀ, ਜਦ ਤਕ ਮੈਂ ਮਿਲਿਆ ਨਹੀਂ ਸੀ ਉਸ ਵੇਲੇ ਤੱਕ ਮਾਂ-ਬਾਪ ਜਾਇਆ ਕਰਦੇ ਸੀ, ਬੇਬੇ ਜਾਇਆ ਕਰਦੀ ਸੀ, ਉਹ ਆ ਕੇ ਬਚਨ ਦੱਸਿਆ ਕਰਦੇ ਸੀ, ਰਾਹ ਵਿੱਚ ਪੈਂਦਾ ਸੀ ਉਨ੍ਹਾਂ ਦੇ ਪੇਕਿਆਂ ਦੇ, ਮਹਾਰਾਜ ਜੀ ਦੇ ਦਰਸ਼ਨ ਕਰਨੇ, ਬਚਨ ਸੁਣਨੇ ਤੇ ਆ ਕੇ ਬਚਨ ਕਰਨੇ ਤੇ ਇਉਂ ਲੱਗਣਾ ਕਿ ਬਹੁਤ ਭਾਰੀ ਤਪ ਕਰ ਰਹੇ ਨੇ।

ਇੱਕ ਵਾਰੀ ਮੈਨੂੰ ਆਪ ਨੇ ਦੱਸਿਆ ਕਿ ਅਸੀਂ ਨੌਂ ਸਾਲ ਪਿੱਠ ਨਹੀਂ ਲਾਈ ਧਰਤੀ ਨਾਲ, ਗੱਲ ਕਹਿਣੀ ਸੁਖਾਲੀ ਹੈ, ਨੌਂ ਸਾਲ ਕੱਟ ਕੇ ਦੇਖ ਲਓ। ਪਿੱਠ ਲਾਉਣ ਤੋਂ ਬਗੈਰ ਕੋਈ ਬੰਦਾ ਦੱਸੇ ਕਿ ਕਿੰਨਾ ਔਖਾ ਹੈ। ਉਹ ਭਜਨ ਵਿੱਚ ਲੀਨ ਰਹਿੰਦੇ ਸੀ ਹਰ ਵਕਤ। ਕਿਉਂਕਿ ਧੁਰੋਂ ਆਏ ਸੀ, ਧੁਰੋਂ ਆਉਣ ਕਰਕੇ ਉਨ੍ਹਾਂ ਦਾ ਬਹੁਤ ਵੱਡਾ ਕਿਰਦਾਰ ਸੀ, ਜ਼ਿੰਮੇਵਾਰੀ ਸੀ ਲੇਕਿਨ ਸਾਨੂੰ ਦਸਦੇ ਸੀ ਕਿ ਇਸ ਤਰ੍ਹਾਂ ਦੇ ਨਾਲ ਭਜਨ ਕਰੀਦਾ ਹੈ। ਫੁਲਕਾ ਕਈ ਦਿਨਾਂ ਬਾਅਦ ਇੱਕ ਅੱਧਾ ਛਕ ਲੈਣਾ ਤਾਂ ਛਕ ਲੈਣਾ, ਅਖੀਰ ਐਸੀ ਹਾਲਤ ਹੋ ਗਈ, ਡਾਕਟਰਾਂ ਨੇ ਕਿਹਾ ਇਨ੍ਹਾਂ ਦੇ ਅੰਦਰ ਸਿਰਫ ਇੱਕ ਬੋਤਲ ਖ਼ੂਨ ਦੀ ਬਚਦੀ ਹੈ। ਜੇ ਇਹ ਵੀ ਘਟ ਗਈ ਤਾਂ ਸਰੀਰ ਨੇ ਨਹੀਂ ਚਲਣਾ, ਸਰੀਰ ਲੱਕੜ ਬਣ ਜਾਏਗਾ, ਖਤਮ ਹੋ ਜਾਏਗਾ। ਸੋ ਐਨੀ ਘੋਰ ਤਪਸਿਆ ਆਪ ਕਰਿਆ ਕਰਦੇ ਸੀ। ਚਾਰ ਫੁੱਟ ਮੁਰੱਬੇ ਦਾ ਟੋਆ ਪੁੱਟਿਆ ਹੁੰਦਾ, ਚਾਰ ਫੁੱਟ ਗਹਿਰਾ, ਚਾਰ ਫੁੱਟ ਚੌੜਾ, ਚਾਰ ਫੁੱਟ ਲੰਮਾ। ਉਹਦੇ 'ਚ ਰਾਤ ਨੂੰ ਉਤਰ ਕੇ ਬਹਿ ਜਾਂਦੇ ਸੀ, ਸਾਰਿਆਂ ਨੂੰ ਇਸੇ ਤਰ੍ਹਾਂ ਬਿਠਾਲਦੇ ਸੀ, ਨਾ ਤਾਂ ਪੈਣ ਨੂੰ ਕੋਈ ਥਾਂ ਸੀ। ਜ਼ਿਆਦਾ ਤੋਂ ਜ਼ਿਆਦਾ ਜਿਹਨੂੰ ਨੀਂਦ ਆਏਗੀ ਬੈਠਾ-ਬੈਠਾ ਸੌਂ ਲਏਗਾ। ਉਸ ਤੋਂ ਬਾਅਦ ਥੋੜ੍ਹੇ ਵੱਡੇ ਭੋਰੇ ਬਣਾ ਲਏ, ਅੱਠ-ਅੱਠ ਫੁੱਟ ਦੇ। ਉਹਦੇ ਉਤੇ ਹੀ ਧਰਤੀ ਦੇ ਨਾਲ ਲਗਦੇ ਛੱਪਰ ਪਾ ਲਏ ਤੇ ਆਪ ਉਸ ਛੱਪਰ ਦੇ ਵਿੱਚ ਬੈਠ ਕੇ ਭਜਨ ਕਰਿਆ ਕਰਦੇ ਸੀ। ਸੇਵਾਦਾਰ ਨੇ ਕਿਹਾ ਕਿ ਮਹਾਰਾਜ! ਅੱਜ ਅੰਮ੍ਰਿਤ ਵੇਲੇ ਇੱਕ ਸੱਪ ਸਿੱਧਾ ਹੀ ਆਇਆ ਤੇ ਮੈਂ ਪਹਿਰੇ 'ਤੇ ਸੀ, ਉਹ ਆਪ ਦੇ ਦਰਵਾਜ਼ੇ ਦੇ ਅੱਗੇ (ਦਰਵਾਜ਼ਾ ਤਾਂ ਹੁੰਦਾ ਹੀ ਨਹੀਂ ਸੀ ਲੱਗਿਆ ਹੋਇਆ, ਫੂਸ ਦਾ ਹੀ ਖਿੜਕਾ ਜਿਹਾ ਮੂਹਰੇ ਲਾ ਲੈਂਦੇ ਸੀ) ਸਾਮ੍ਹਣੇ ਖੜ੍ਹਾ ਰਿਹਾ ਫਣ ਤਾਣ ਕੇ। ਹੁਕਮ ਹੋਵੇ, ਜੇ ਫੇਰ ਆਵੇ ਤਾਂ ਮਾਰ ਦੇਈਏ? ਮਹਾਰਾਜ ਕਹਿੰਦੇ, ਨਹੀਂ ਮਾਰਨਾ ਨਹੀਂ ਹੈ। ਮਸਤ ਰਹੋ ਤੁਸੀਂ। ਉਹਦਾ ਆਉਣਾ ਵੀ ਜਿਹੜਾ ਹੈ ਉਹ ਕਿਸੇ ਮਤਲਬ ਵਾਸਤੇ ਹੈ। ਦੂਸਰਾ, ਤੀਸਰਾ, ਚੌਥਾ, ਪੰਜਵਾਂ, ਛੇ, ਸੱਤ ਦਿਨ ਲੰਘ ਗਏ, ਰੋਜ਼ ਆਇਆ ਕਰੇ, ਦਰਵਾਜ਼ੇ ਮੂਹਰੇ ਖੜ੍ਹ ਜਾਇਆ ਕਰੇ, ਅੱਠਵੇਂ, ਨੌਂਵੇਂ ਦਿਨ ਸੇਵਾਦਾਰ ਆਇਆ ਜਿਹੜਾ ਮਹਾਰਾਜ ਜੀ ਦਾ ਗੜਵਈ ਸੀ, ਉਹ ਕਹਿਣ ਲੱਗਿਆ, ਮਹਾਰਾਜ! ਅੱਜ ਸੱਪ ਆਪ ਦੇ ਪਿਛਲੇ ਪਾਸੇ ਛੱਪਰ ਨਾਲ ਮੂੰਹ ਲਾ ਕੇ ਲੰਮਾ ਪਿਆ ਹੈ। ਉਹ ਹਿੱਲਿਆ ਨਹੀਂ, ਅਸੀਂ ਡੰਡੇ ਨਾਲ ਵੀ ਹਿਲਾਇਆ ਹੈ ਤੇ ਪੁੱਠਾ ਹੋਇਆ ਪਿਆ ਹੈ। ਮਹਾਰਾਜ ਕਹਿੰਦੇ, ਭਾਈ! ਉਹ ਚੜ੍ਹਾਈ ਕਰ ਗਿਆ।

ਸਾਰਿਆਂ ਨੇ ਪੁੱਛਿਆ ਕਿ ਮਹਾਰਾਜ! ਸਾਨੂੰ ਵੀ ਕੁਛ ਸਮਝਾ ਦਿਓ ਕਿ ਇਹ ਕੀ ਗੱਲ ਹੈ? ਕਹਿਣ ਲੱਗੇ, ਪਿਆਰਿਓ! ਇਹ ਇਸ ਜ਼ਮੀਨ ਦਾ ਮਾਲਕ ਸੀ ਪਿਛਲੇ ਜਨਮ ਵਿੱਚ, ਜਦੋਂ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਇੱਥੇ ਆਏ ਨੇ, ਉਸ ਵੇਲੇ ਇਹ ਆਪਣੀ ਚੌਧਰ ਦੀ ਮਸਤੀ ਦੇ ਵਿੱਚ ਨਿਵਿਆਂ ਨਾ ਗੁਰੂ ਮਹਾਰਾਜ ਨੂੰ ਤੇ ਮਹਾਰਾਜ ਕੋਲ ਆ ਕੇ ਉਨ੍ਹਾਂ ਦੇ ਪਲੰਘ 'ਤੇ ਬੈਠਣ ਦਾ ਯਤਨ ਕਰਦਾ ਸੀ। ਗੁਰੂ ਛੇਵੇਂ ਪਾਤਸ਼ਾਹ ਕਿਉਂਕਿ ਕਾਫੀ ਦੇਰ ਰਹੇ ਨੇ ਉਥੇ, ਤਿੰਨ ਚਾਰ ਮਹੀਨੇ ਰਹੇ ਨੇ। ਸੋ ਸੇਵਾਦਾਰ ਨੇ ਉਹਨੂੰ

ਹਟਾਇਆ ਕਿ ਚੌਧਰੀ ਇਸ ਤਰ੍ਹਾਂ ਨਹੀਂ ਕਰੀਦਾ ਹੁੰਦਾ, ਮਹਾਂਪੁਰਸ਼ਾਂ ਨਾਲ ਤੇਰਾ ਕੀ ਮੇਚ ਹੈ। ਇਹ ਤਾਂ ਸੱਚੇ ਪਾਤਸ਼ਾਹ ਨੇ ਤੂੰ ਇੱਕ ਮਾਮੂਲੀ ਚੌਧਰੀ ਹੈਂ। ਉਸ ਨੇ ਗੁੱਸਾ ਕਰਿਆ, ਚਲਿਆ ਗਿਆ। ਕਹਿੰਦੇ, ਅਭਿਮਾਨੀ ਬਹੁਤ ਸੀ, ਅਹੰਕਾਰੀ ਸੀ ਬਹੁਤ ਜ਼ਿਆਦਾ, ਕਹਿੰਦੇ ਇਹਨੂੰ ਸੱਪ ਦੀ ਜੂਨੀ ਮਿਲੀ ਹੈ। ਹੁਣ ਇਹਦੇ ਪਾਪ ਸੀ ਜਿਹੜੇ ਉਨ੍ਹਾਂ ਲਈ ਪਛਤਾਉਂਦਾ ਸੀ ਬੜਾ, ਰੋਜ਼ ਆਉਂਦਾ ਸੀ, ਅੱਜ ਆਪੇ ਹੀ ਸਰੀਰ ਛੱਡ ਗਿਆ।

ਸੋ ਮੇਰਾ ਬੇਨਤੀ ਕਰਨ ਤੋਂ ਇਹ ਭਾਵ ਹੈ ਕਿ ਜਿਹੜਾ ਚਲਿਆ ਗਿਆ ਉਹ ਵਾਪਸ ਨਹੀਂ ਆਉਂਦਾ ਜੇ ਆ ਵੀ ਜਾਵੇ, ਸੱਪ ਬਣ ਕੇ ਆ ਗਿਆ ਫੇਰ ਕੀ ਫਾਇਦਾ ਹੈ।ਉਹਨੂੰ ਕੋਈ ਜਾਇਦਾਦ ਦਏਗਾ, ਜ਼ਮੀਨ ਦਏਗਾ? ਮਾਰਨ ਨੂੰ ਨੱਠਣਗੇ। ਸੋ ਐਨਾ ਕੁਛ ਜਾਣਦਾ ਹੋਇਆ ਵੀ ਮਨੁੱਖ ਫੇਰ ਦੁਨੀਆਂਦਾਰੀ 'ਚ ਫਸ ਕੇ ਆਪਣੇ ਜੀਵਨ ਨੂੰ ਬਰਬਾਦ ਕਰਨਾ ਚਾਹੁੰਦਾ ਹੈ। ਪਕੜ 'ਚ ਆਉਂਦਾ ਹੈ, ਮੇਰਾ-ਮੇਰਾ ਕਰਦਾ ਹੈ ਤੇ ਨਾ ਭਜਨ ਹੁੰਦਾ ਹੈ। ਗੁਰੂ ਨੌਵੇਂ ਪਾਤਸ਼ਾਹ ਫੁਰਮਾਉਂਦੇ ਨੇ ਕਿ ਪਿਆਰਿਓ! ਭਜਨ ਨਾ ਹੋਣ ਦਾ ਕਾਰਨ ਸਿਰਫ ਐਨਾ ਹੈ ਕਿ ਬੰਦਾ ਇਸ ਸੰਸਾਰ ਤੋਂ ਜਾਣਾ ਨਹੀਂ ਮੰਨਦਾ। ਦ੍ਰਿੜ ਕਰਕੇ ਪ੍ਰਤੀਤ ਰੱਖਦਾ ਹੈ ਕਿ ਮੈਂ ਇੱਥੇ ਹੀ ਰਹਿਣਾ ਹੈ। ਇਸ ਮਹਾਂਮੂਰਖ ਨੂੰ ਕਾਲ ਚੇਤੇ ਨਹੀਂ ਆਉਂਦਾ। ਹਾਲਾਂਕਿ ਸਚਾਈ ਹੈ, ਇਸੇ ਕਰਕੇ ਇਹਦੀ ਤਰੱਕੀ ਨਹੀਂ ਹੁੰਦੀ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ -

ਧਾਰਨਾ - ਨਹੀਓਂ ਮਰਨ ਪਛਾਣਦਾ,
ਝੂਠੇ ਲਾਲਚ ਲੱਗ ਕੇ ਬੰਦਾ।

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ ੧ ॥
ਰਹਾਉ ॥
ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥
ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥
ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥

ਅੰਗ - ੭੨੬

ਵੱਡਾ ਕਾਰਨ ਮਹਾਰਾਜ ਕਹਿੰਦੇ, ਸੰਸਾਰ 'ਤੇ ਰਹਿਣਾ ਮੰਨਦਾ ਹੈ ਬੰਦਾ, ਜਾਣਾ ਨਹੀਂ ਮੰਨਦਾ, ਜਿੰਨਾਂ ਰੌਲਾ ਗੌਲਾ ਇਸ ਗੱਲ ਦਾ ਹੈ, ਉਹ ਕਹਿੰਦਾ ਮੈਂ ਰਹਿਣਾ ਹੈ, ਇਹ ਪਤਾ ਹੀ ਨਹੀਂ ਕਿ ਵਾਹਿਗੁਰੂ ਨੇ ਤਾਂ ਸਭ ਕੁਛ ਲਿਖਿਆ ਪਿਆ ਹੈ ਜਿਵੇਂ ਤੂੰ ਰਹਿਣਾ ਹੈ। ਵਾਧੂ ਦਾ ਰੌਲਾ-ਗੌਲਾ ਹੈ ਤੇਰਾ ਸੰਸਾਰ ਦੇ ਅੰਦਰ। ਸੋ ਐਸੇ ਸਤਿਸੰਗ ਦੇ ਵਿੱਚ ਆਉਂਦਾ ਹੈ ਤੇ ਮਹਾਤਮਾ ਫੁਰਮਾਨ ਕਰਦੇ ਨੇ ਕਿ ਪਿਆਰਿਓ! ਇਹ ਨਾਮ ਜਪਣ ਵਾਸਤੇ ਸੰਸਾਰ 'ਤੇ ਆਇਆ ਸੀ। ਦੂਸਰਾ ਸੀ ਕਿ ਪੂਰੇ ਗੁਰੂ ਦੀ ਸੇਵਾ ਕਰਕੇ ਆਪਣਾ ਜਨਮ ਜੋ ਸੀ ਉਸਨੂੰ ਲੇਖੇ ਵਿੱਚ ਲਾਉਣਾ -

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥ ਅੰਗ - ੧੧੫੯

ਜੇ ਇਹ ਕੰਮ ਇੱਥੇ ਆ ਕੇ ਇਹਨੇ ਨਹੀਂ ਕਰਿਆ, ਮਹਾਰਾਜ ਕਹਿੰਦੇ ਉਹਨੂੰ ਪੁੱਛੋ ਫੇਰ, ਉਹਦੇ ਆਉਣ ਦਾ ਹੋਰ ਕੀ ਮਤਲਬ ਹੈ ਜੇ ਕਹੇ ਕਿ ਮੈਂ ਪੈਸੇ ਕਮਾਉਣ ਆਇਆ ਹਾਂ, ਪੈਸਾ ਤਾਂ ਨਾਲ ਜਾਂਦਾ ਨਹੀਂ ਜਾਂਦਾ ਨਹੀਂ ਤੇਰੇ।

ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ਅੰਗ - ੧੩੬੫

ਜੇ ਕਹੇ ਕਿ ਮੈਂ ਸ਼ਰਾਬਾਂ ਵਗੈਰਾ ਪੀਣ ਵਾਸਤੇ ਆਇਆ ਹਾਂ, ਨਸ਼ੇ ਪੀਣ ਵਾਸਤੇ ਆਇਆ ਹੈਂ, ਤੂੰ ਆਪਣਾ ਸਰੀਰ ਖਰਾਬ ਕਰ ਲਏਂਗਾ। ਦੁਖੀ ਹੋਏਂਗਾ, ਸੈਲ ਮਰ ਜਾਣਗੇ, ਫੇਰ ਕੁਛ ਵੀ ਨਹੀਂ ਹੋਣਾ, ਰੋਗੀ ਹੋਇਆ ਤੁਰਿਆ ਫਿਰੇਂਗਾ। ਇਹ ਵੀ ਕੋਈ ਆਉਣ ਦਾ ਮਤਲਬ ਹੈ? ਜੇ ਕਹੇ ਕਿ ਮੈਂ ਬਹੁਤ ਪੜ੍ਹਨ ਵਾਸਤੇ ਆਇਆ ਹਾਂ, ਬੇਅੰਤ ਪੜ੍ਹਾਈ ਮੈਂ ਕਰਨੀ ਹੈ, ਮਹਾਰਾਜ ਕਹਿੰਦੇ, ਪੜ੍ਹਾਈ ਕਰਕੇ ਜੇ ਤੈਨੂੰ ਤੱਤ ਦਾ ਪਤਾ ਨਹੀਂ ਲੱਗਿਆ, ਤੇਰੇ ਪੜ੍ਹਨ ਦਾ ਕੀ ਫਾਇਦਾ। ਐਵੇਂ ਹੀ ਖੱਪ-ਖੱਪ ਕੇ ਸੰਸਾਰ ਤੋਂ ਜਾ ਰਿਹਾ ਹੈ। ਆਉਣਾ ਸਫਲ ਸਿਰਫ ਉਸਦਾ ਹੈ -

ਆਇਆ ਸਫਲ ਤਾਹੂ ਕੋ ਗਨੀਐ ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ ਅੰਗ - ੨੫੨

ਜਿਹਦੀ ਰਸਨਾ ਦੇ ਵਿੱਚੋਂ ਹਰ ਵਕਤ, ਤੁਰਦੇ-ਫਿਰਦੇ, ਵਾਹਿਗੁਰੂ-ਵਾਹਿਗੁਰੂ ਨਿਕਲਦਾ ਰਹਿੰਦਾ ਹੈ। ਬਾਕੀਆਂ ਦਾ ਆਉਣ ਦਾ ਕੋਈ ਕੰਮ ਨਹੀਂ ਹੈ, ਉਹਦੇ ਉਤੇ ਸਵਾਲ ਕਰਦੇ ਨੇ ਮਹਾਰਾਜ ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਕਾਹੇ ਜਗ ਆਏ ਨੇ, ਭਗਤੀ ਤੋਂ ਹੀਣੇ ਜਿਹੜੇ।

ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ ॥
ਇਹੁ ਮਾਣਸ ਜਨਮੁ ਦੁਲੰਭੁ ਹੈ
ਨਾਮ ਬਿਨਾ ਬਿਰਥਾ ਸਭੁ ਜਾਏ ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥
ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥

ਅੰਗ - ੪੫੦

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥

ਅੰਗ - ੩੨

ਜਨਮ ਬਿਰਥਾ ਗੁਆ ਕੇ ਸੰਸਾਰ ਤੋਂ ਚਲਿਆ ਗਿਆ ਤੇ ਬਣਦਾ ਕੁਛ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਤਰਨ ਦਾ ਜੋ ਤਰੀਕਾ ਹੈ, ਮਹਾਰਾਜ ਕਹਿੰਦੇ, ਇੱਕੋ ਤਰੀਕਾ ਹੈ, ਉਹਨੂੰ ਦਿਮਾਗ ਦੇ ਵਿੱਚ ਵਸਾ ਲਓ -

ਧਾਰਨਾ - ਪਿਆਰੇ ਜੀ! ਸੰਗਤ ਕਰ ਲੈ ਸਾਧੂਆਂ ਦੀ,
ਪਿਆਰਿਆ! ਸੰਗਤ ਕਰ ਲੈ ਸਾਧੂਆਂ ਦੀ।
ਜੇ ਤੈਂ ਭਵਜਲ ਬਿਖੜਾ ਤਰਨੈ।

ਇੱਕੋ ਤਰੀਕਾ ਹੈ ਕਿ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੋ ਜਾਵੇ, ਪਰ ਇਹ ਬਹੁਤ ਦੁਰਲੱਭ ਹੈ, ਹੋਇਆ ਨਹੀਂ ਕਰਦੀ, ਇਹਦੇ ਵਿੱਚ ਪੜਦਾ ਰਹਿ ਜਾਂਦਾ ਹੈ। ਪੜਦਾ ਰਹਿਣ ਦੇ ਨਾਲ ਗੱਲ ਬਣਿਆ ਨਹੀਂ ਕਰਦੀ। ਕਾਰਾਂ ਚਲਦੀਆਂ ਨੇ, ਗੱਡੀਆਂ ਚਲਦੀਆਂ ਨੇ distributor ਦੇ ਵਿੱਚ, ਜਿਥੋਂ ਕਰੰਟ ਆਉਂਦੀ ਹੈ, ਜੇ ਪਤਲਾ ਜਿਹਾ ਕਾਗਜ਼ ਉਹਦੇ ਵਿੱਚ ਰੱਖ ਦਿਓ,

ਕਰੰਟ ਤਾਂ ਪਿੱਛੋਂ ਆਉਂਦੀ ਹੈ, ਅੱਗੇ ਪਾਸ ਨਹੀਂ ਹੁੰਦੀ ਕਿਉਂਕਿ ਵਿਚਾਲੇ ਪੜਦਾ ਪੈ ਗਿਆ। ਉਹ ਕੁਦਰਤੀ ਗੱਲ ਹੈ ਕਲਜੁਗ ਦੇ ਹਮਲੇ ਹੁੰਦੇ ਨੇ, ਭੁੱਲ ਪੈਂਦੀ ਹੈ, ਭੁੱਲ ਪੈਣ ਦੇ ਨਾਲ ਪੜਦਾ ਪੈ ਜਾਂਦਾ ਹੈ ਤੇ ਸੰਗਤ ਨਹੀਂ ਮਿਲਿਆ ਕਰਦੀ। ਜੇ ਕਹੇ ਕਿ ਮੈਂ ਐਸ ਤਰ੍ਹਾਂ ਲੰਘ ਜਾਵਾਂਗਾ। ਮਹਾਰਾਜ ਕਹਿੰਦੇ, ਬਿਲਕੁਲ ਨਹੀਂ-

ਮਨਹਠਿ ਕਿਤੈ ਉਪਾਇ ਨ ਛੂਟੀਐ
ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥ ***ਅੰਗ - ੬੫***

ਕਹਿੰਦੇ, ਤੁਸੀਂ ਪਹਿਲਾਂ ਜਿਹੜੇ ਵੱਡੇ-ਵੱਡੇ ਗ੍ਰੰਥ ਨੇ, ਸਿਮ੍ਰਤੀਆਂ ਨੇ, ਵੇਦ ਨੇ, ਸ਼ਾਸਤਰ ਨੇ, ਇਨ੍ਹਾਂ ਨੂੰ ਸੋਧ ਕੇ ਦੇਖੋ, ਜ਼ੋਰ ਲਾਉਣ 'ਤੇ ਕੋਈ ਨਹੀਂ ਛੁਟ ਸਕਦਾ। ਛੁਟਣ ਦਾ ਇੱਕੋ ਤਰੀਕਾ ਹੈ -

ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥
ਅੰਗ - ੬੫

ਪੂਰੇ ਸਾਧੂ ਦੀ ਸੰਗਤ ਮਿਲ ਜਾਵੇ, ਉਹਨੂੰ ਮਿਲ ਕੇ ਫੇਰ ਪਾਰ ਉਤਾਰਾ ਹੋ ਜਾਂਦਾ ਹੈ। ਨਹੀਂ ਤਾਂ ਬੰਦਾ ਵਿਚ ਰਹਿ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਬਚਨ ਸਧਨਾ ਸੁਣਦਾ ਹੈ, ਸਰਲ ਸੁਭਾਅ ਹੈ ਉਸਦਾ, ਤਰਕ ਨਹੀਂ ਹੈ ਦਿਲ ਦੇ ਅੰਦਰ। ਜਿਸ ਥਾਂ ਤੋਂ ਬਾਣੀ ਆਉਂਦੀ ਹੈ, ਉਸ ਥਾਂ ਦੇ ਉਤੇ ਉਹਦੀ ਸੁਰਤ ਚੱਕਰ ਮਾਰਦੀ ਹੈ ਕਿਉਂਕਿ ਸੁਣ ਰਿਹਾ ਹੈ, ਅਸਲੀ ਸਰੋਤਾ। ਚਾਰ ਕਿਸਮ ਦੇ ਸਰੋਤੇ ਹੁੰਦੇ ਨੇ, ਇੱਕ ਤਾਂ ਉਹ ਹੁੰਦੇ ਨੇ ਜਿਹੜੇ ਆਉਂਦੇ ਨੇ, ਆ ਕੇ ਸਤਿਸੰਗ ਦੇ ਵਿੱਚ ਅੱਖਾਂ ਮੀਚੀਆਂ, ਗਰਦਨ ਹੇਠਾਂ ਨੂੰ ਕਰ ਲਈ, ਠੋਡੀ ਲੱਗ ਗਈ ਛਾਤੀ ਨਾਲ ਤੇ ਪਤਾ ਹੀ ਨਹੀਂ ਸੌਂ ਗਏ ਆਰਾਮ ਨਾਲ। ਤੁੰਦਰਾ ਕਹਿੰਦੇ ਨੇ ਇਹਨੂੰ ਕਿ ਤੁੰਦਰਾ ਪੈ ਜਾਂਦੀ ਹੈ। ਉਨ੍ਹਾਂ ਨੂੰ ਊਂਘੇ ਕਹਿੰਦੇ ਨੇ। ਦੂਸਰੇ ਹੋਇਆ ਕਰਦੇ ਨੇ ਉਹ ਸਰੋਤੇ ਜਿਹੜੇ ਦੇਖਣ ਵਾਸਤੇ ਆਉਂਦੇ ਨੇ ਉਹਦਾ ਕੀਰਤਨ ਕਿਹੋ ਜਿਹਾ ਹੈ, ਇਹਦਾ ਕਿਹੋ ਜਿਹਾ ਹੈ, ਉਹ ਸੁੰਘੇ ਹੁੰਦੇ ਨੇ। ਤੀਸਰੇ ਹੁੰਦੇ ਨੇ ਜਿਨ੍ਹਾਂ ਦਾ ਚਿੱਤ ਨਹੀਂ ਲਗਦਾ, ਕਦੇ ਮੱਥਾ ਟੇਕਣ ਵਾਲਿਆਂ ਨੂੰ ਦੇਖਣ ਲੱਗ ਗਏ, ਕਦੇ ਘੜੀ ਦੇਖ ਲਈ, ਕਦੇ ਏਧਰ ਉਧਰ ਦੇਖ ਲਿਆ। ਕਦੇ ਗੋਡਾ ਉਪਰ ਨੂੰ ਕਰ ਲਿਆ, ਨਾ ਆਪ ਟਿਕਣਾ ਹੈ ਨਾ ਦੂਜਿਆਂ ਦੀ ਬਿਰਤੀ ਲੱਗਣ ਦੇਣੀ ਹੈ। ਉਹ ਜਿਹੜੇ ਸਰੋਤੇ ਨੇ ਉਨ੍ਹਾਂ ਨੂੰਗੇ ਕਹਿੰਦੇ ਨੇ। ਚੌਥੇ ਉਹ ਹੁੰਦੇ ਨੇ ਜਿਹੜੇ ਬਚਨ ਨੂੰ ਹਿਰਦੇ 'ਚ ਵਸਾਉਂਦੇ ਨੇ। ਹਿਰਦੇ 'ਚ ਵਸਾਉਣ ਵਾਲੇ ਜਿਹੜੇ ਹੈਗੇ ਉਹ ਚੂੰਘੇ ਕਹਾਉਂਦੇ ਨੇ, ਉਹ ਟਾਵੇਂ-ਟਾਵੇਂ ਹੁੰਦੇ ਨੇ ਸਤਿਸੰਗ 'ਚ। ਬਾਕੀ ਨਹੀਂ ਹੁੰਦੇ। ਕਿਉਂਕਿ ਸਤਿਸੰਗ ਦੇ ਵਿੱਚ ਪੂਰਨ ਇਕਾਗਰਤਾ ਹੋਣੀ ਚਾਹੀਦੀ ਹੈ।

ਮੈਂ ਇੱਕ ਬੇਨਤੀ ਕਰਾਂ ਕਿ ਜੇ ਅਸੀਂ ਨੋਟਸ ਵੀ ਲਈਏ, ਜਿਵੇਂ ਸਕੂਲ ਦੇ ਬੱਚੇ ਲੈਂਦੇ ਨੇ, ਮਹਾਂਪੁਰਸ਼ ਬਚਨ ਕਰਦੇ ਨੇ ਅਸੀਂ ਲਿਖਦੇ ਹਾਂ, ਉਹ ਬੁੱਧੀਮੰਡਲ ਤੋਂ ਅੱਗੇ ਨਹੀਂ ਗੱਲ ਜਾਇਆ ਕਰਦੀ, ਉਰ੍ਹੇ ਹੀ ਗੱਲ ਰਹਿ ਜਾਂਦੀ ਹੈ। ਜਿੱਥੇ ਗੱਲ ਆ ਰਹੀ ਹੈ, ਉਸ ਥਾਂ 'ਤੇ ਬਿਰਤੀ ਨਹੀਂ ਉਨ੍ਹਾਂ ਦੀ ਜਾਂਦੀ, ਵਿਚੇ ਹੀ ਰਹਿ ਜਾਂਦੀ ਹੈ ਕਿਉਂਕਿ ਲਿਖਣ ਲੱਗ ਗਿਆ। ਜਿਹੜਾ ਉਸਦਾ ਪ੍ਰਭਾਵ ਸੀ ਉਹ ਖਤਮ ਹੋ ਗਿਆ, ਟੁੱਟ ਗਿਆ। ਉਹ ਕੇਵਲ ਗਿਆਨੀ ਤਾਂ ਬਣ ਸਕਦਾ ਹੈ, ਅਨੁਭਵੀ ਮਹਾਂਪੁਰਸ਼ ਨਹੀਂ ਬਣ ਸਕਦਾ ਕਿਉਂਕਿ ਅਨੁਭਵ ਉਹਨੇ ਕੀਤਾ ਹੀ ਨਹੀਂ। ਜਦੋਂ ਮਹਾਂਪੁਰਸ਼ ਬੋਲਦੇ ਨੇ ਉਸ ਅਨੁਭਵ ਦੇ ਵਿੱਚ ਬਿਰਤੀ ਨਹੀਂ ਪਹੁੰਚਦੀ। ਸੋ ਇਸ ਤਰ੍ਹਾਂ ਦੇ ਨਾਲ ਕਈ ਵਿਘਨ ਪੈ ਜਾਂਦੇ ਨੇ।

ਇਹ ਜੋ ਬੱਚਾ ਹੈ ਕਸਾਈ ਦਾ ਕੰਮ ਕਰਦਾ ਹੈ, ਲੇਕਿਨ ਮਨ ਦੇ ਅੰਦਰ ਪਿਛਲੇ ਕਰਮਾਂ ਦਾ ਐਨਾ ਵੇਗ ਹੈ ਜ਼ਬਰਦਸਤ ਕਿ ਵੈਰਾਗ ਵਿੱਚ ਰਹਿੰਦਾ ਹੈ ਹਰ ਵਕਤ। ਨਾਲ ਕਹਿੰਦਾ ਹੈ ਕਿ ਹੇ ਪ੍ਰਭੂ! ਮੈਂ ਕੀ ਕਰਾਂ, ਹੋਰ ਮੈਨੂੰ ਕਿਰਤ ਕੋਈ ਆਉਂਦੀ ਨਹੀਂ ਤੇ ਹੁਣ ਮੈਂ ਕਰਾਂ ਤਾਂ ਕੀ ਕਰਾਂ। ਇੱਕ ਦਿਨ ਗੱਲ ਕਿ ਓਸ ਸ਼ਹਿਰ ਦਾ, ਜਿੱਥੇ ਇਹ ਰਿਹਾ ਕਰਦਾ ਸੀ, ਸੇਵਾਂਨ ਪਿੰਡ ਦਾ ਜਿਹੜਾ ਚੌਧਰੀ ਸੀ ਉਹ ਬਿਮਾਰ ਹੋ ਗਿਆ। ਉਨ੍ਹਾਂ ਨੇ ਦੱਸਿਆ ਕਿ ਥੋੜ੍ਹਾ ਜਿਹਾ ਮਾਸ ਲਿਆ ਕੇ ਉਹਦੀ ਤਰੀ ਪਿਲਾਉਣੀ ਚਾਹੀਦੀ ਹੈ, ਤਾਂ ਠੀਕ ਹੋਏਗਾ। ਸ਼ਾਮ ਹੋ ਚੁੱਕੀ ਸੀ, ਗਰਮੀ ਦਾ ਮਹੀਨਾ ਸੀ ਤੇ ਉਹਦੇ ਬੰਦੇ ਸਧਨੇ ਕੋਲ ਆਉਂਦੇ ਨੇ। ਸਧਨੇ ਨੂੰ ਕਹਿਣ ਲੱਗੇ ਕਿ ਦੇਖ ਭਾਈ! ਐਨਾ ਕੁ ਮਾਸ ਚਾਹੀਦਾ ਹੈ ਸਾਨੂੰ, ਇਹ ਤੂੰ ਜ਼ਰੂਰ ਕਰ, ਕਿਉਂਕਿ ਜ਼ਿੰਦਗੀ ਦਾ ਸਵਾਲ ਹੈ। ਉਹ ਕਹਿਣ ਲੱਗਿਆ, ਕੱਲ੍ਹ ਨੂੰ ਹੈ ਦਸਵੀਂ, ਕੱਲ੍ਹ ਨੂੰ ਕੋਈ ਮਾਸ ਨਹੀਂ ਖਾਂਦਾ ਤੇ ਅੱਜ ਨੌਵੀਂ ਹੈ, ਜੇ ਮੈਂ ਅੱਜ ਕੱਟਿਆ ਤਾਂ ਇਕਾਦਸ਼ੀ ਨੂੰ ਜਾ ਕੇ ਵਿਕਣਾ ਹੈ, ਗਰਮੀ ਦਾ ਮਹੀਨਾ ਹੈ ਮੇਰਾ ਮਾਸ ਜਿਹੜਾ ਹੈ ਸਾਰਾ ਖਰਾਬ ਜਾਏਗਾ। ਉਹ ਬਾਰ-ਬਾਰ ਕਹਿੰਦਾ ਹੈ ਉਸ ਤੋਂ ਬਾਅਦ ਇਹ ਕਹਿਣ ਲੱਗਿਆ ਚੰਗਾ, ਬਾਹਰ ਬੈਠ। ਅੰਦਰ ਚਲਿਆ ਗਿਆ ਜਾ ਕੇ ਛੁਰੀ ਚੁੱਕ ਲਿਆਇਆ, ਜਿਸ ਵਕਤ ਚਲਾਉਣ ਲੱਗਿਆ ਕਿ ਲੱਤ ਕੱਟ ਕੇ ਮੈਂ ਦੇ ਦੇਵਾਂ, ਕੱਲ੍ਹ ਦਾ ਦਿਨ ਕੱਟ ਲਏਗਾ, ਪਰਸੋਂ ਨੂੰ ਮੈਂ ਵੱਢ ਹੀ ਲੈਣਾ ਹੈ ਇਸਨੂੰ। ਇਹਦੇ ਅੰਦਰ ਅਚਾਨਕ ਪ੍ਰਕਾਸ਼ ਹੋ ਗਿਆ ਕਿ ਹੈਂ ਮੈਂ ਐਸਾ ਕਰਮ ਕਰਨ ਲੱਗਿਆਂ। ਇਹ ਕਰਨ ਦਾ ਫਲ ਮੈਨੂੰ ਭੋਗਣਾ ਪੈਣਾ ਹੈ। ਮਹਾਂਪੁਰਸ਼ ਕਹਿੰਦੇ ਨੇ -

ਭੋਗੇ ਬਿਨ ਭਾਗੇ ਨਹੀ ਕਰਮਗਤੀ ਬਲਵਾਨ।

ਜਿਹੜਾ ਤੂੰ ਕਰਮ ਕਰ ਲਿਆ, ਉਹਦਾ ਤਾਂ ਲੇਖਾ ਤੈਨੂੰ ਦੇਣਾ ਹੀ ਪੈਣਾ ਹੈ। ਉਹ ਭੋਗਣਾ ਪੈਣਾ ਹੈ ਚਾਹੇ ਕਿਸੇ ਤਰ੍ਹਾਂ ਕਰ ਲੈ -

ਧਾਰਨਾ -   ਫਲ ਦਿੱਤਿਆਂ ਬਾਝ ਨਾ ਜਾਣਾ,
ਤੇਰਿਆਂ ਕਰਮਾਂ ਨੇ ਪਿਆਰਿਆ।

ਕਹਿਣ ਲੱਗਿਆ ਪਿਆਰਿਆ! ਅੱਜ ਤੂੰ ਇਹਦਾ ਪੱਟ ਕੱਟਣ ਲੱਗਿਆ ਹੈ, ਕੱਲ੍ਹ ਨੂੰ ਤੂੰ ਬੱਕਰਾ ਬਣ ਗਿਆ ਤੇਰਾ ਇਹ ਵੱਢੇਗਾ। ਕਿੰਨੀ ਤੜਫਣ ਹੋਏਗੀ, ਕਿੰਨਾ ਦੁੱਖ ਹੋਏਗਾ। ਛੁਰੀ ਸੁੱਟ ਦਿੱਤੀ, ਅੰਦਰ ਜ਼ਮੀਰ ਦੇ ਰੋਸ਼ਨੀ ਹੋ ਗਈ। ਬਦਲ ਗਿਆ ਉਸੇ ਵੇਲੇ, ਬਾਹਰ ਆ ਗਿਆ, ਕਹਿਣ ਲੱਗਿਆ ਮੈਂ ਨਹੀਂ ਕਰ ਸਕਦਾ ਇਹ ਕੰਮ। ਉਸ ਤੋਂ ਬਾਅਦ ਮੁੱਲ ਲੈ ਆਉਂਦਾ ਹੈ, ਲਿਆ ਕੇ ਵੇਚਣ ਚਲਿਆ ਜਾਂਦਾ ਹੈ। ਕਿਉਂਕਿ ਕਿਰਤ ਸੀ। ਟੋਕਰੇ 'ਚ ਪਾ ਲੈਂਦਾ ਹੈ, ਜਾ ਕੇ ਵੇਚਦਾ ਹੈ, ਜਿੱਥੇ-ਜਿੱਥੇ ਕੋਈ ਖਰੀਦਦਾਰ ਸੀ ਉਥੇ ਵੇਚ ਦਿੰਦਾ ਹੈ।

ਅੱਜ ਮਹਾਂਪੁਰਸ਼ਾਂ ਦੀ ਮੰਡਲੀ ਆ ਰਹੀ ਹੈ। ਦੂਰੋਂ ਇਹਦੇ

ਕੰਨ ਵਿੱਚ ਆਵਾਜ਼ ਪਈ, ਸਮਝਣ ਦਾ ਯਤਨ ਕਰਿਆ, ਲੇਕਿਨ ਅਜੇ ਸ਼ਬਦ ਸਮਝ ਵਿੱਚ ਨਹੀਂ ਪੈ ਰਿਹਾ, ਅੱਖਾਂ ਦੇ ਵਿੱਚ ਜਲ ਜਾਣਾ ਸ਼ੁਰੂ ਹੋ ਗਿਆ ਕਿ ਮਨਾਂ! ਤੇਰਾ ਤਾਂ ਜਨਮ ਹੀ ਬਰਬਾਦ ਹੋ ਗਿਆ, ਤੂੰ ਕਿਸੇ ਮਹਾਂਪੁਰਸ਼ ਨੂੰ ਨਹੀਂ ਮਿਲਿਆ, ਕੀ ਕਰੇਂਗਾ, ਕਾਲ ਦਾ ਕੋਈ ਪਤਾ ਨਹੀਂ ਹੈ। ਬਚਨ ਤੂੰ ਸੁਣਦਾ ਹੈਂ ਸੰਗਤ 'ਚ ਬੈਠ ਕੇ, ਤੇਰਾ ਸੰਪਰਕ ਤਾਂ ਕਿਸੇ ਮਹਾਂਪੁਰਸ਼ ਨਾਲ ਹੋਇਆ ਨਹੀਂ ਹੈ। ਸੋ ਜਦ ਨੇੜੇ ਆਉਂਦੇ ਨੇ ਰੁਖ ਬਦਲ ਲਿਆ। ਡੰਡੀ ਬਦਲ ਕੇ ਉਸ ਪਾਸੇ ਨੂੰ ਚਲ ਪਿਆ ਕਿ ਕੋਈ ਗੱਲ ਨਹੀਂ ਮਹਾਂਪੁਰਸ਼ਾਂ ਦੇ ਦਰਸ਼ਨ ਵੀ ਕਰਾਂਗੇ ਤੇ ਸੁਣਦੇ ਵੀ ਹਾਂ। ਦਿਲ ਖਿਚਵੀਂ ਆਵਾਜ਼ ਆ ਰਹੀ ਹੈ ਇਸ ਤਰ੍ਹਾਂ ਦੀ ਪੜ੍ਹੋ ਪਿਆਰ ਨਾਲ -

ਧਾਰਨਾ - ਸਿਮਰਨ ਭਜਨ ਦਇਆ ਨਹੀ ਕੀਨੀ,
ਤਉ ਮੁਖ ਚੋਟਾਂ ਖਾਏਂਗਾ।

ਸ਼ਬਦ ਸਮਝ ਲਿਆ, ਕਿ ਸਿਮਰਨ ਭਜਨ ਤੇ ਦਇਆ ਨਹੀਂ ਕੀਤੀ ਤੇ ਫੇਰ ਹੋਏਗਾ ਕੀ? -

ਸਿਮਰਨੁ ਭਜਨੁ ਦਇਆ ਨਹੀ ਕੀਨੀ
ਤਉ ਮੁਖਿ ਚੋਟਾ ਖਾਹਿਗਾ ॥ ੨ ॥
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥
ਅੰਗ - ੧੧੦੬

ਜਦੋਂ ਲੇਖਾ ਹੋਣਾ ਹੈ, ਉਥੇ ਕੀ ਕਹੇਂਗਾ? ਤੇਰੇ ਕੋਲ ਕੁਛ ਕਹਿਣ ਨੂੰ ਹੈ? -

ਧਾਰਨਾ - ਜਦੋਂ ਕੱਢ ਕੇ ਵਹੀ ਲੇਖਾ ਮੰਗਿਆ,
ਫੇਰ ਕੀ ਜਵਾਬ ਦੇਵੇਂਗਾ।
ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ਅੰਗ - ੯੫੩

ਮਹਾਂਪੁਰਸ਼ਾਂ ਤੋਂ ਸੁਣਿਆ ਕਿ ਫੇਰ ਕੀ ਜਵਾਬ ਦਏਂਗਾ, ਧਰਮਰਾਜ ਕੋਲ ਕੀ ਮੁਖ ਲੈ ਕੇ ਜਾਏਂਗਾ? ਉਥੇ ਤਾਂ ਸ਼ਰਮਿੰਦਾ ਹੀ ਹੋਣਾ ਪੈਣਾ ਹੈ -

ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥
ਅੰਗ - ੧੩੭੫

ਜੇ ਦਿਲ ਦੇ ਅੰਦਰ ਸਚਾਈ ਹੈ, ਛਲ ਨਹੀਂ ਕੋਈ, ਕਪਟ ਨਹੀਂ, ਕੋਈ ਬਦੀ ਨਹੀ ਹੈ, ਤਾਂ ਤਾਂ ਲੇਖਾ ਦੇਣਾ ਸੁਖਾਲਾ ਹੈ। ਨਹੀਂ ਤਾਂ ਬਹੁਤ ਔਖਾ ਹੈ, ਇਕੱਲੀ-ਇਕੱਲੀ ਗੱਲ ਦਾ ਲੇਖਾ ਮੰਗਦੇ ਨੇ -

ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥
ਅੰਗ - ੧੦੨੮

ਜਿਵੇਂ ਤਿਲ ਨੂੰ ਪੀੜਦੇ ਨੇ, ਇਸ ਤਰ੍ਹਾਂ ਲੇਖਾ ਲੈਂਦੇ ਨੇ, ਬੜਾ ਔਖਾ ਹੁੰਦਾ ਹੈ ਲੇਖਾ ਦੇਣਾ, ਸਾਰੇ ਡਰਦੇ ਨੇ ਲੇਖਾ ਦੇਣ ਤੋਂ। ਕਹਿੰਦੇ, ਫੇਰ ਕੀ ਲੇਖਾ ਦਏਂਗਾ?

ਇੱਕ ਵਾਰੀ ਮਹਾਰਾਜ ਜੀ ਦੱਸਿਆ ਕਿ ਇੱਕ ਮੈਜਿਸਟਰੇਟ ਫੈਸਲਾ ਕਰ ਰਿਹਾ ਸੀ। ਰਿਸ਼ਵਤ ਲੈ ਲਈ ਸੀ। ਨਿਰਦੋਸ਼ ਬੰਦੇ ਨੂੰ ਦੋਸ਼ ਲਾ ਕੇ ਸਜ਼ਾ ਦੇ ਰਿਹਾ ਸੀ ਤੇ ਦੋਸ਼ੀਆਂ ਨੂੰ ਛੱਡ ਰਿਹਾ ਹੈ। ਉਹ ਵੀ ਭਜਨ ਕਰਦਾ ਸੀ, ਕਿਸੇ ਮਹਾਂਪੁਰਸ਼ ਨੇ ਦੱਸ ਦਿੱਤਾ ਕਿ ਐਉਂ ਤੂੰ ਭਜਨ ਕਰੀ ਜਾਹ, ਕਰਦਾ ਹੀ ਚਲਿਆ ਜਾਹ, ਆਪੇ ਵਾਹਿਗੁਰੂ ਜੀ ਕਰਨਗੇ ਤੇਰੀ ਮਦਦ।

ਮਹਾਂਪੁਰਸ਼ਾਂ ਦਾ ਤਾਂ ਬਚਨ ਹੀ ਹੁੰਦਾ ਹੈ, ਇੱਕ ਤਾਂ ਐਸੇ ਮੈਂ ਦੇਖੇ ਨੇ ਕਿੱਡਾ ਹੀ ਸੰਕਟ ਹੋਵੇ, ਜੇ ਮੈਂ ਕਿਹਾ ਚਾਲੀ ਦਿਨ ਪਾਠ ਕਰ ਲਓ, ੪੨ ਦਿਨ। ੪੨ਵੇਂ ਦਿਨ ਹੀ ਆ ਜਾਣਗੇ। ਕਹਿੰਦੇ, ਜੀ ਬੱਸ ਹੁਣ ਤਾਂ ਸਾਡਾ ਕੰਮ ਹੋ ਗਿਆ ਠੀਕ। ਬੱਸ ਉਹ ਪਾਠ ਛੱਡ ਦਿੰਦੇ ਨੇ, ਉਸੇ ਵੇਲੇ। ਬਹੁਤੇ ਕਹਿੰਦੇ ਜੀ, ਐਨਾ ਤਾਂ ਹੋ ਗਿਆ, ਅਗਾਹਾਂ ਤਾਂ ਹੁੰਦਾ ਨਹੀਂ ਹੈ, ਅਸੀਂ ਕਰ ਨਹੀਂ ਸਕਦੇ, ਐਸਾ ਹੀ ਸਾਡਾ ਸੁਭਾਅ ਹੈ। ਫਸੇ ਹੋਏ ਕਰਦੇ ਹਾਂ, ਫੇਰ ਨਹੀਂ ਅਸੀਂ ਰੱਬ ਨੂੰ ਜਾਣਦੇ। ਕਹਿੰਦੇ -

ਨੈਂ ਲੰਘੀ ਖੁਆਜਾ ਵਿਸਰਿਆ।

ਜੇ ਭਜਨ ਕਰੇ ਤਾਂ ਸੰਕਟ ਦੂਰ ਹੋ ਜਾਂਦੇ ਨੇ। ਮਹਾਰਾਜ ਜੀ ਦੇ ਪਾਸ ਕਈ ਪ੍ਰੇਮੀ ਆਏ, ਕਹਿਣ ਲੱਗੇ ਕਿ ਮਹਾਰਾਜ! ਸਾਡਾ ਇੱਕ ਰਿਸ਼ਤੇਦਾਰ ਕਤਲ ਦੇ ਕੇਸ ਵਿੱਚ ਫਸ ਗਿਆ। ਕ੍ਰਿਪਾ ਕਰੋ ਆਪ। ਮਹਾਰਾਜ ਚੁੱਪ ਰਹੇ ਕਿ ਇਹਦੇ ਵਿੱਚ ਅਸੀਂ ਕੀ ਕਰਨਾ ਹੈ। ਉਹ ਕਈ ਵਾਰੀ ਆਏ, ਬੜੇ ਬੰਦਿਆਂ ਨੂੰ ਨਾਲ ਲਿਆਇਆ ਕਰਨ। ਅਖੀਰ ਮਹਾਰਾਜ ਜੀ ਕਹਿਣ ਲੱਗੇ ਕਿ ਚੰਗਾ! ਜੁਗਤ ਅਸੀਂ ਦਸ ਦਿੰਦੇ ਹਾਂ, ਇਹ ਸਵੇਰੇ ਹੀ ਉੱਠ ਕੇ ਜਪੁਜੀ ਸਾਹਿਬ ਦੇ ਪਾਠ ਉਠ ਕੇ ਕਰਨ ਲੱਗ ਜਾਇਆ ਕਰਨ। ਰਾਤ ਜਦੋਂ ਪੈਂਦੇ ਨੇ ਉਸ ਵੇਲੇ ਤੱਕ ਕਰੀ ਜਾਣ, ਅਰਦਾਸ ਕਰ ਦਿਆ ਕਰਨ ਜਿਹਨੂੰ ਮਾਰਿਆ ਸੀ, ਉਹਦੇ ਨਮਿੱਤ। ਅੱਠ ਸਾਲ ਕੱਟੀ ਕੈਦ, ਸਟੇਟਾਂ 'ਚ ਇਸ ਤਰ੍ਹਾਂ ਹੀ ਹੁੰਦਾ ਸੀ, ਅੱਠ ਸਾਲ ਲੰਘ ਗਏ ਪਾਠ ਕਰਦਿਆਂ ਨੂੰ। ਅੱਠੀਂ ਸਾਲੀਂ ਉਸਨੂੰ ਸੁਪਨਾ ਆਇਆ, ਜਿਹੜਾ ਮਾਰਿਆ ਸੀ ਉਹ ਸੁਪਨੇ 'ਚ ਆ ਕੇ ਕਹਿਣ ਲੱਗਿਆ, ਲੈ ਬਈ! ਮੇਰਾ ਤਾਂ ਭਲਾ ਹੋ ਗਿਆ ਤੇਰੇ ਪਾਠ ਕਰਨ ਦੇ ਨਾਲ, ਤੇ ਮੈਂ ਵੀ ਤੇਰੇ ਤੋਂ ਬਦਲਾ ਨਹੀਂ ਲੈਂਦਾ। ਮੈਂ ਇਸ ਕਰਮ ਦਾ ਫਲ, ਜਵਾਬ ਲੈਣਾ ਛੱਡ ਦਿੱਤਾ। ਫਾਈਲ ਉਹਦੀ ਨਿਕਲ ਆਈ, ਪੇਸ਼ੀ ਹੋਈ, ਪੇਸ਼ੀ ਦੇ ਵਿੱਚ ਬਰੀ ਹੋ ਗਿਆ। ਮਹਾਰਾਜ ਜੀ ਦੇ ਕੋਲ ਆ ਗਿਆ, ਸਾਰੀ ਗੱਲ ਦੱਸੀ।

ਸੋ ਪਾਠ ਕਰਕੇ ਵੱਡੇ ਤੋਂ ਵੱਡਾ ਸੰਕਟ ਟਲ ਜਾਇਆ ਕਰਦਾ ਹੈ। ਉਹ ਪ੍ਰੇਮੀ ਪਾਠ ਕਰਦਾ ਸੀ, ਭਜਨ ਕਰਦਾ ਸੀ ਕਿ ਹੇ ਪ੍ਰਭੂ! ਮੈਨੂੰ ਪਤਾ ਲੱਗਿਆ ਹੈ ਮੈਂ ਨਿਰਦੋਸ਼ਾ ਫਸ ਰਿਹਾ ਹਾਂ ਤੇ ਜਿਹੜੇ ਦੋਸ਼ੀ ਨੇ ਉਨ੍ਹਾਂ ਨੂੰ ਛੱਡ ਰਿਹਾ ਹੈ। ਉਨ੍ਹਾਂ ਨੇ ਜ਼ਿਆਦਤੀ ਕਰੀ ਹੈ ਤੇ ਉਨ੍ਹਾਂ ਨੂੰ ਤਾਂ ਸਾਰਿਆਂ ਨੂੰ ਛੱਡ ਰਿਹਾ ਹੈ ਤੇ ਮੈਨੂੰ ਇਹ ਸਜ਼ਾ ਕਰ ਰਿਹਾ ਹੈ। ਸਜ਼ਾ ਵੀ ਬਹੁਤ ਕਰੜੀ, ਸਜ਼ਾਏ ਮੌਤ ਦੇ ਰਿਹਾ ਹੈ ਕਿ ਹੁਣ ਤੇਰੇ ਬਿਨਾਂ ਮੇਰਾ ਕੋਈ ਸਹਾਇਕ ਨਹੀਂ ਹੈ।

ਪ੍ਰਭੂ ਨੇ ਥੋੜ੍ਹਾ ਜਿਹਾ ਪੜਦਾ ਚੁੱਕ ਦਿੱਤਾ ਕਿਉਂਕਿ ਸਾਡੇ

ਨਾਲ ਹੀ ਹੈ, ਸਾਨੂੰ ਪਤਾ ਹੀ ਨਹੀਂ ਸਾਡੇ ਨਾਲ ਦੁਨੀਆਂ ਕੀ ਕਰ ਰਹੀ ਹੈ। ਕਿਹੋ ਜਿਹੀ ਦੁਨੀਆਂ ਹੈ। ਦੁਨੀਆਂ ਤੋਂ ਪੜਦਾ ਲਾਹ ਦਿੱਤਾ, ਕੀ ਦੇਖਦਾ ਹੈ ਫੈਸਲਾ ਲਿਖਣ ਲੱਗਿਆ ਤਾਂ ਸਾਮ੍ਹਣੇ ਇੱਕ ਬੰਦਾ ਖੜ੍ਹਾ ਹੈ। ਕਹਿਣ ਲੱਗਿਆ ਕਿ ਤੂੰ ਕਿੱਥੋਂ ਦੀ ਆ ਗਿਆ? ਚਿਟਕਣੀ ਵਲ ਦੇਖਿਆ, ਚਿਟਕਣੀ ਲੱਗੀ ਹੋਈ ਹੈ। ਕਹਿੰਦਾ, ਮੈਂ ਕਿੱਥੋਂ ਆਉਣਾ ਸੀ, ਮੈਂ ਤਾਂ ਹਰ ਵਕਤ ਤੇਰੇ ਨਾਲ ਰਹਿੰਦਾ ਹਾਂ। ਕਹਿੰਦਾ ਇੱਥੇ ਪਹਿਲਾਂ ਤਾਂ ਦੇਖਿਆ ਨਹੀਂ? ਕਹਿੰਦਾ, ਮੈਂ ਤਾਂ ਨਾਲ ਹਾਂ ਤੇਰੇ ਮੈਂ ਅੱਜ ਦਿਖਾਈ ਦਿੱਤੀ ਹੈ ਤੈਨੂੰ ਕਿ ਮੈਂ ਵੀ ਤੇਰੇ ਨਾਲ ਹਾਂ। ਕਹਿੰਦਾ, ਤੇਰਾ ਨਾਉਂ ਕੀ ਹੈ। ਕਹਿੰਦਾ, ਮੈਨੂੰ ਚਿਤ੍ਰਗੁਪਤ ਕਹਿੰਦੇ ਨੇ, ਮੈਂ ਤੇਰੇ ਕਿਰਦਾਰ ਦੀਆਂ ਫੋਟੋਆਂ ਲੈਂਦਾ ਹਾਂ। ਜੋ ਕੁਛ ਤੂੰ ਗਲਤ ਕੰਮ ਕਰਦਾ ਹੈਂ ਸਾਰੇ ਮੇਰੇ ਕੋਲ ਫਿਲਮ ਬਣੀ ਪਈ ਹੈ। ਕਹਿਣ ਲੱਗਿਆ, ਮੈਨੂੰ ਦੀਵਾਰਾਂ ਵਗੈਰਾ ਕੁਛ ਨਹੀਂ ਹੈ, ਮੈਂ ਤਾਂ ਤੈਨੂੰ ਦਿਖ ਰਿਹਾ ਹਾਂ, ਮੈਂ ਹੁਣ ਤੈਨੂੰ ਦਿਖਣ ਤੋਂ ਹਟ ਜਾਣਾ ਹੈ। ਉਹ ਹਟ ਗਿਆ। ਹੈਰਾਨ ਹੋ ਗਿਆ, ਫੇਰ ਦਿੱਸਣ ਲੱਗ ਗਿਆ। ਕਹਿੰਦਾ, ਤੂੰ ਨਜ਼ਾਇਜ਼ ਰਿਸ਼ਵਤ ਲੈ ਕੇ ਨਿਰਦੋਸ਼ ਬੰਦੇ ਨੂੰ ਫਸਾ ਰਿਹਾ ਹੈਂ। ਉਹਦੀ ਦਰਗਾਹ 'ਚ ਸੁਣੀ ਗਈ ਹੈ। ਇਹਦਾ ਤੈਨੂੰ ਫਲ ਮਿਲੇਗਾ, ਨਰਕਾਂ 'ਚ ਜਾਏਂਗਾ, ਦੁਖੀ ਹੋਏਂਗਾ। ਤੂੰ ਅੱਜ ਤੱਕ ਨੇਕ ਕੰਮ ਤਾਂ ਕੋਈ ਨਹੀਂ ਕਰਿਆ। ਮਾੜੇ ਹੀ ਕੰਮ ਕਰੇ ਨੇ। ਦੋ ਕਾਪੀਆਂ ਸੀ ਉਹਦੇ ਹੱਥ ਵਿੱਚ। ਕਹਿੰਦਾ ਇਹ ਕੀ ਹੈ, ਕਹਿੰਦਾ ਤੇਰੇ ਕਿਰਦਾਰ ਦੀਆਂ ਕਾਪੀਆਂ ਨੇ। ਕਾਲੀ ਕਾਪੀ ਖੋਲ੍ਹ ਲਈ ਤਾਂ ਉਹਦੇ ਵਿੱਚ ਦੇਖ ਕੇ ਕਹਿਣ ਲੱਗਿਆ, ਸਾਢੇ ਗਿਆਰ੍ਹਾਂ ਸੌ ਪਾਪ ਤੂੰ ਹੁਣ ਤੱਕ ਕਰ ਚੁੱਕਿਆ ਹੈਂ ਹੁਣ ਤੱਕ। ਜਿਨ੍ਹਾਂ ਦਾ ਤੈਨੂੰ ਲੇਖਾ ਦੇਣਾ ਪਵੇਗਾ, ਨਰਕਾਂ 'ਚ ਸਜ਼ਾਵਾਂ ਮਿਲਣਗੀਆਂ। ਉਥੇ ਫੇਰ ਕੋਈ ਬੇਲੀ ਨਹੀਂ ਹੁੰਦਾ –

ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥
ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥

ਅੰਗ – ੧੨੮੧

ਉਥੇ ਮਾਰ ਪੈਂਦੀ ਹੈ ਤੇਰੇ ਕੀਤੇ ਹੋਏ ਕਰਮਾਂ ਦਾ ਤੈਨੂੰ ਫਲ ਭੋਗਣਾ ਪੈਣਾ ਹੈ ਤੇ ਫੇਰ ਤੇਰੀ ਸਹਾਇਤਾ ਵੀ ਕਿਸੇ ਨੇ ਨਹੀਂ ਕਰਨੀ –

ਧਾਰਨਾ – ਜ਼ਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,
ਫੇਰ ਤੇਰਾ ਕੋਈ ਨਾ ਬਣੇ।

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ ਅਗੈ
ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥ ਅੰਗ – ੪੬੪

ਕਹਿਣ ਲੱਗੇ, ਤੂੰ ਇੱਥੇ ਹੀ ਅਫਸਰ ਹੈਂ, ਜਦੋਂ ਤੈਨੂੰ ਲੇਖਾ ਦੇਣਾ ਪੈ ਗਿਆ ਘੜੀਸੀਂ ਲਿਜਾਣਗੇ ਇਥੋਂ। ਰੋਵੇਂਗਾ, ਪਛਤਾਵੇਂਗਾ, ਫੇਰ ਤੇਰਾ ਕੋਈ ਬਣਨਾ ਨਹੀਂ। ਜਿਨ੍ਹਾਂ ਦੇ ਵਾਸਤੇ ਤੂੰ ਪਾਪ ਕਰਦਾ ਹੈਂ ਉਹ ਨਹੀਂ ਤੇਰੀ ਸਹਾਇਤਾ ਕਰ ਸਕਦੇ।

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ੧ ॥ ਰਹਾਉ ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ਅੰਗ – ੬੫੬

ਲੇਖਾ ਤਾਂ ਤੈਨੂੰ ਹੀ ਦੇਣਾ ਪੈਣਾ ਹੈ ਆਪਣੇ ਕਰਮਾਂ ਦਾ, ਫੇਰ ਰੋਵੇਂਗਾ। ਕਹਿੰਦਾ ਬਿਲਕੁਲ ਠੀਕ ਹੈ, ਕਹਿੰਦਾ ਤੈਨੂੰ ਦਿਖਾ ਦਿੰਦੇ ਹਾਂ, ਅੱਖਾਂ ਮੀਚ। ਤੇਰਾ ਹੀ ਹਾਲ ਦਿਖਾ ਦਿੰਦੇ ਹਾਂ, ਤੇਰੇ ਨਾਲ ਕਿਵੇਂ ਬਣਨੀ ਹੈ। ਡਰ ਕੇ ਅੱਖਾਂ ਖੋਲ੍ਹ ਲਈਆਂ, ਕਹਿੰਦਾ ਇਹ ਤਾਂ ਬੜਾ ਭਿਆਨਕ ਹੈ। ਕਹਿੰਦੇ ਇਵੇਂ ਜਿਵੇਂ ਹੋਣਾ ਹੈ। ਕਿੰਨੇ ਕੁ ਪਾਪ ਕਰੇ ਨੇ? ਕਹਿਣ ਲੱਗੇ, ਤੂੰ 1150 ਪਾਪ ਕਰੇ ਨੇ। ਪੜ੍ਹ ਕੇ ਸੁਣਾਵਾਂ? ਦੋ ਚਾਰ ਪੜ੍ਹੇ। ਕਹਿੰਦੇ ਠੀਕ ਹੈ, ਮੈਨੂੰ ਯਕੀਨ ਆ ਗਿਆ। ਕਹਿੰਦਾ, ਹੁਣ ਮੈਂ ਛੁਟ ਵੀ ਸਕਦਾ ਹਾਂ ਕਿਸੇ ਤਰੀਕੇ ਨਾਲ? ਇਹ ਤਾਂ ਹੋ ਗਿਆ ਲੇਖਾ ਦੇਣਾ ਪੈਣਾ ਹੈ। ਬੜੀਆਂ ਭਾਰੀਆਂ ਸਜ਼ਾਵਾਂ ਮਿਲਣੀਆਂ ਨੇ। ਕਹਿਣ ਲੱਗੇ, ਇੱਕ ਤਾਂ ਜਿੰਨਾਂ ਤੂੰ ਰਿਸ਼ਵਤਾਂ ਦਾ ਪੈਸਾ ਕਮਾਇਆ ਹੈ, ਸਾਰਾ ਵੰਡ ਦੇ। ਫੇਰ ਤੂੰ ਕਿਸੇ ਮਹਾਂਪੁਰਸ਼ ਦੀ ਸੰਗਤ ਕਰ। ਉਥੋਂ ਕਰਮਾਂ ਨੂੰ ਮਿਟਾਉਣ ਵਾਲਾ ਨਾਮ ਲੈ ਲੈ। ਉਹ ਨਾਮ ਦੀ ਸਾਧਨਾ ਕਰ। ਫੇਰ ਤੇਰਾ ਮਿਟ ਜਾਏਗਾ। ਉਸੇ ਵੇਲੇ ਮਨ 'ਚ ਖਿਆਲ ਆਉਣ ਲੱਗ ਗਿਆ। ਉਸੇ ਵੇਲੇ ਖਿਆਲ ਆਉਣ ਲੱਗ ਗਿਆ ਕਿ ਮੈਂ ਕੋਠੀ ਵੇਚ ਦੇਵਾਂ। ਜਾਇਦਾਦ ਜਿਹੜੀ ਖਰੀਦੀ ਹੈ ਪਾਪ ਦੇ ਧਨ ਨਾਲ ਵੇਚ ਦੇਵਾਂ। ਉਹ ਲਿਖਣ ਲੱਗ ਗਿਆ, ਦੂਸਰੀ ਕਾਪੀ 'ਤੇ। ਕਹਿੰਦਾ, ਇਹ ਕੀ ਕਰਦਾ ਹੈਂ? ਕਹਿਣ ਲੱਗਿਆ, ਤੇਰੇ ਮਨ ਵਿੱਚ ਸ਼ੁਭ ਖਿਆਲ ਚਲਦੇ ਨੇ, ਮੈਂ ਉਨ੍ਹਾਂ ਨੂੰ ਨੋਟ ਕਰ ਰਿਹਾ ਹੈ। ਮਾੜੇ ਖਿਆਲਾਂ ਦਾ ਤਾਂ ਕਹਿੰਦੇ ਪਾਪ ਕਰਨ ਤੋਂ ਬਾਅਦ ਲਗਦਾ ਹੈ, ਕਿਉਂਕਿ ਕਲਜੁਗ ਦਾ ਸਮਾਂ ਹੈ। ਹਰੇਕ ਦਾ ਮਨ ਦੂਸ਼ਿਤ ਹੋ ਜਾਇਆ ਕਰਦਾ। ਬੜੀ ਮੁਸ਼ਕਲ ਹੈ ਇਹਦੇ ਵਿੱਚ ਸੱਚ ਦੀ ਬਾਤ ਆਉਣੀ। ਕਿਉਂਕਿ ਹੁਣ ਤੂੰ ਸ਼ੁਭ ਸੋਚਦਾ ਹੈਂ ਇਸ ਕਰਕੇ ਮੈਂ ਲਿਖ ਰਿਹਾ ਹਾਂ। ਐਨਾ ਕਹਿ ਕੇ ਚਿਤ੍ਰਗੁਪਤ ਨੇ ਕਿਹਾ ਕਿ ਮੈਂ ਹੁਣ ਜਾਂਦਾ ਹਾਂ, ਤੂੰ ਸਹੀ ਇਨਸਾਫ ਕਰ ਦੇ। ਰਿਸ਼ਵਤਾਂ ਵਾਪਸ ਕਰ ਦਿੱਤੀਆਂ ਜਿੱਥੇ ਤੱਕ ਜਾਣਦਾ ਸੀ ਧਨ ਵਾਪਸ ਕਰ ਦਿੱਤੇ, ਮਾਫੀਆਂ ਮੰਗੀਆਂ, ਜਾਇਦਾਦ ਵੇਚ ਦਿੱਤੀ, ਸਾਰੀ ਵੰਡ ਦਿੱਤੀ, ਚੋਲਾ ਪਾ ਲਿਆ, ਸਾਧੂ ਦੀ ਤਲਾਸ਼ ਵਿੱਚ ਤੁਰ ਪਿਆ। ਕਿਸਮਤ ਚੰਗੀ ਸੀ ਕਿ ਜਾ ਕੇ ਕੋਈ ਮਹਾਂਪੁਰਸ਼ ਮਿਲ ਗਏ। ਉਨ੍ਹਾਂ ਨੇ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੇ ਚਾਰੋਂ ਦਰਜੇ ਲੰਘਾ ਦਿੱਤਾ।

ਸੋ ਸੰਤ ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਬਹੁਤ ਚੰਗਾ ਸਾਧੂ ਹੋਇਆ ਫੇਰ ਉਹ। ਸੋ ਇਹ ਲੇਖੇ ਦੇਣੇ ਪੈਂਦੇ ਨੇ। ਸਧਨੇ ਦੇ ਮਨ ਦੇ ਉਤੇ ਬਹੁਤ ਅਸਰ ਹੋਇਆ।

ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥

ਅੰਗ – ੧੧੦੬

ਸਾਧੂਆਂ ਦੀ ਸੰਗਤ ਕਰ। ਸੁਣਦਾ ਹੈ ਇਹ, ਐਨੀ ਚੋਟ ਲੱਗੀ ਉਸਦੇ, ਬੇਹੋਸ਼ ਹੋ ਗਿਆ, ਗਿਰ ਗਿਆ ਉਸਦਾ ਟੋਕਰਾ,

ਧਰਤੀ 'ਤੇ ਬੇਹੋਸ਼ ਹੋਇਆ ਪਿਆ, ਦੰਦਲ ਪੈ ਗਈ। ਇੱਲ੍ਹਾਂ ਜਿਹੜੀਆਂ ਉਤੇ ਘੁੰਮਦੀਆਂ ਸੀ, ਉਹ ਮਾਸ ਦਾ ਟੁਕੜਾ ਚੁੱਕ ਰਹੀਆਂ ਨੇ। ਸੰਤਾਂ ਨੇ ਕਿਹਾ ਇੱਥੇ ਕੋਈ ਬੰਦਾ ਆਉਂਦਾ ਸੀ ਤੇ ਹੁਣ ਨਜ਼ਰ ਨਹੀਂ ਆਉਂਦਾ। ਕਹਿੰਦੇ, ਗਿਰ ਗਿਆ ਲਗਦਾ ਹੈ। ਨੇੜੇ ਆ ਗਏ। ਨੇੜੇ ਆ ਕੇ ਦੇਖਿਆ ਕਿ ਬੰਦਾ ਗਿਰਿਆ ਪਿਆ। ਥੋੜ੍ਹੇ ਹੱਥ ਪੈਰ ਮਲੇ। ਉਸ ਤੋਂ ਬਾਅਦ ਸੁਰਤ 'ਚ ਆਇਆ। ਉਸ ਵੇਲੇ ਹੋਸ਼ 'ਚ ਆਉਣ ਤੋਂ ਬਾਅਦ ਉਹਨੇ ਇਕ ਗੱਲ ਕਹੀ ਕਿ ਮਹਾਰਾਜ! ਮੈਨੂੰ ਬਖਸ਼ ਲਓ। ਮੇਰੇ ਤੋਂ ਬੜੀ ਭੁੱਲ ਹੋਈ ਹੈ, ਮੇਰਾ ਸਾਰਾ ਜੀਵਨ ਮਾਸ ਕੱਟਦੇ ਦਾ, ਮਾਸ ਵੇਚਦੇ ਦਾ, ਜਾਨਵਰ ਮਾਰਦੇ ਦਾ ਲੰਘ ਗਿਆ। ਮੇਰਾ ਵੀ ਕਿਸੇ ਤਰੀਕੇ ਨਾਲ ਉਧਾਰ ਹੋ ਸਕਦਾ ਹੈ? ਉਸ ਵੇਲੇ ਮਹਾਂਪੁਰਸ਼ ਅੰਤਰ ਧਿਆਨ ਹੋ ਗਏ। ਦੇਖਿਆ ਕਿ ਇਹ ਜੀਵ ਕੌਣ ਹੈ? ਉਸ ਵੇਲੇ ਧਿਆਨ 'ਚ ਆਇਆ ਕਿ ਇਹ ਤਾਂ ਬੜਾ ਭਜਨ ਕਰਨ ਵਾਲਾ ਸੀ, ਪਿਛਲੇ ਜਨਮ 'ਚ, ਕੋਈ ਸੰਸਕਾਰ ਐਸਾ ਮਾੜਾ ਰਹਿ ਗਿਆ, ਜਿਹਦੇ ਕਰਕੇ ਇਹਨੂੰ ਕਸਾਈ ਦਾ ਜਾਮਾ ਮਿਲ ਗਿਆ। ਇਹ ਤਾਂ ਇਹਦੇ ਵਿਚੋਂ ਕੱਢਣਾ ਹੀ ਪੈਣਾ ਹੈ, ਉਸ ਵੇਲੇ ਮਹਾਂਪੁਰਸ਼ਾਂ ਨੇ ਕ੍ਰਿਪਾ ਕਰਕੇ ਨਾਮ ਦੀ ਦਾਤ ਦੇ ਦਿੱਤੀ। ਭਜਨ ਕਰਨ ਦੀ ਜੁਗਤੀ ਸਮਝਾ ਦਿਤੀ। ਉਸ ਵੇਲੇ ਤੋਂ ਹੀ ਨਾਮ ਜਪਣਾ ਸ਼ੁਰੂ ਕਰ ਦਿੱਤਾ। ਇਹ ਸਾਰਾ ਕਾਰੋ-ਵਿਹਾਰ ਛੱਡ ਕੇ ਭਜਨ ਕਰਨ ਲੱਗ ਗਿਆ।

ਭਜਨ ਤਾਂ ਕੋਈ ਕਰਨ ਲੱਗ ਜਾਓ, ਪ੍ਰਸ਼ਾਦੇ ਤਾਂ ਆਪਣੇ ਆਪ ਹੀ ਆ ਜਾਂਦੇ ਨੇ। ਨਾ ਕਰਨ ਵਾਲਿਆਂ ਨੂੰ ਆ ਜਾਂਦੇ ਨੇ, ਭਜਨ ਕਰਨ ਵਾਲੇ ਨੂੰ ਤਾਂ ਆਉਣੇ ਹੀ ਆਉਣੇ ਨੇ। ਮਾੜਾ ਜਿਹਾ ਭੇਖ ਧਾਰ ਕੇ ਬਹਿ ਜਾਓ, ਪੈਸਾ ਵੀ ਆਉਂਦਾ ਹੈ, ਪ੍ਰਸ਼ਾਦੇ ਵੀ ਆਉਂਦੇ ਨੇ। ਜੇ ਕੋਈ ਸੱਚੀਮੁੱਚੀਂ ਭਜਨ ਕਰੇ ਫੇਰ ਤਾਂ ਪ੍ਰਮੇਸ਼ਰ ਨੇ ਭੇਜਣਾ ਹੀ ਭੇਜਣਾ ਹੈ।

ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ***ਅੰਗ - ੧੦***

ਸੋ ਉਸ ਵੇਲੇ ਬਹੁਤ ਭਜਨ ਕੀਤਾ। ਨਾਮ ਜਪਦਾ ਹੈ, ਦਿਨ ਰਾਤ ਨਾਮ ਜਪੀ ਜਾਂਦਾ ਹੈ। ਕਿਉਂਕਿ ਕੋਈ-ਕੋਈ ਦ੍ਰਿੜ੍ਹ ਪੁਰਸ਼ ਹੁੰਦਾ ਹੈ ਜਿਹਨੂੰ ਜੁਗਤ ਮਿਲ ਜਾਵੇ ਫੇਰ ਉਹ ਹਟਿਆ ਨਹੀਂ ਕਰਦਾ, ਨਹੀਂ ਤਾਂ ਇਸ ਤਰ੍ਹਾਂ ਹੁੰਦਾ ਹੈ ਕਿ ਥੋੜ੍ਹੇ ਦਿਨ ਭਜਨ ਕਰਿਆ, ਉਸ ਤੋਂ ਬਾਅਦ ਜਿਹੜਾ ਚਾਉ ਹੈ ਉਹ ਮੱਠਾ ਪੈ ਗਿਆ, ਜੋਸ਼ ਮੱਠਾ ਪੈ ਗਿਆ, ਹੌਲੀ-ਹੌਲੀ ਹੁੰਦਾ-ਹੁੰਦਾ ਮੁੜ ਕੇ ਉਥੇ ਹੀ ਫੇਰ ਪਹੁੰਚ ਜਾਂਦਾ ਹੈ। ਜਿਥੋਂ ਕੱਢਿਆ ਸੀ, ਆਮ ਦੁਨੀਆਂ ਦਾ ਇਹ ਸੁਭਾਅ ਹੈ, ਪਰ ਜੇ ਕੋਈ ਬੈਰਾਗੀ ਹੋਵੇ, ਉਹਦੀ ਦਸ਼ਾ ਹੋਰ ਹੋਇਆ ਕਰਦੀ ਹੈ। ਉਹ ਤਾਂ ਦਿਨੋ-ਦਿਨ ਚੜ੍ਹਦਾ ਹੀ ਜਾਂਦਾ ਹੈ। ਸੋ ਇਸ ਤਰ੍ਹਾਂ ਸਮਾਂ ਬੀਤਦਾ ਗਿਆ, ਸਧਨੇ ਦਾ ਆਦਰ ਸਤਿਕਾਰ ਹੋਣ ਲੱਗ ਗਿਆ। ਸਤਿਸੰਗ ਵਾਲੇ ਆਉਣ ਲੱਗ ਗਏ ਤੇ ਅਖੀਰ ਬਿਰਤੀ ਉਹਦੀ ਚੜ੍ਹਦੀ-ਚੜ੍ਹਦੀ ਅਨੁਭਵ ਦੇ ਮੰਡਲ 'ਚ ਪਹੁੰਚ ਗਈ। ਅਨੁਭਵ ਦੇ ਮੰਡਲ 'ਚ ਜਦੋਂ ਬਿਰਤੀ ਪਹੁੰਚ ਜਾਂਦੀ ਹੈ ਉਸ ਵੇਲੇ ਗਿਆਨ ਆਪਣੇ ਆਪ ਹੀ ਹੋ ਜਾਇਆ ਕਰਦਾ ਹੈ। ਸਾਰੀਆਂ ਕਿਤਾਬਾਂ ਦਾ, ਸਾਰੇ ਬਚਨ ਅੰਦਰੋਂ ਆਪੇ ਹੀ ਆਉਂਦੇ ਨੇ। ਉਸ ਵੇਲੇ ਬਚਨ ਕਰਦਾ ਹੈ, ਬਚਨ ਸੰਗਤਾਂ ਸੁਣਦੀਆਂ ਨੇ ਤੇ ਇਹਦੀ ਮਾਨਤਾ ਹੈ ਹੋਰ ਸਭ ਕੁਛ ਹੈ, ਸੰਗਤ ਜੁੜ ਗਈ। ਪਰ ਇਹਦੇ ਮਨ ਇਹ ਹੈ ਕਿ ਪਿਆਰਿਆ! ਰੱਬ ਤਾਂ ਮਿਲਿਆ ਨਾ। ਗੱਲ ਤਾਂ ਕੋਈ ਬਣੀ ਨਹੀਂ ਅਜੇ। ਮੈਂ ਮੰਨਦਾ ਹਾਂ ਕਿ ਵਾਹਿਗੁਰੂ ਮੇਰੇ ਨਾਲ ਹੈ, ਮੇਰੇ ਸਰੀਰ ਵਿੱਚ ਹੈ। ਪਰ ਅਜੇ ਤਾਂ ਗੱਲ ਬਣੀ ਨਹੀਂ ਹੈ। ਵੈਰਾਗ ਦੀ ਅਵਸਥਾ 'ਚ ਹਰ ਵਕਤ ਰਹਿੰਦਾ ਹੈ ਤੇ ਅੱਜ ਮਨ ਵਿੱਚ ਆਇਆ ਕਿ ਮੈਂ ਦਰਸ਼ਨ ਕਰਾਂ ਜੰਗਨਨਾਥ ਦੇ ਜਾ ਕੇ ਤੇ ਮੈਂ ਉਥੇ ਟਿਕ ਕੇ ਭਜਨ ਕਰਾਂ। ਹੋ ਸਕਦਾ ਹੈ ਕ੍ਰਿਪਾਲੂ ਦਿਆਲੂ ਮੈਨੂੰ ਦਰਸ਼ਨ ਦੇ ਦੇਵੇ ਤੇ ਮੇਰਾ ਵੀ ਪਾਰ-ਉਤਾਰਾ ਹੋ ਜਾਵੇ। ਸਾਧਸੰਗਤ ਜੀ! ਧੰਨ ਹੈ, ਇਹ ਪੁਰਸ਼। ਇਹੋ ਜਿਹੀ ਮਾੜੀ ਕਿਰਤ 'ਚੋਂ ਨਿਕਲ ਕੇ ਭਜਨ ਕਰਦਾ ਹੈ, ਨਾਮ ਜਪਦਾ ਹੈ, ਨਾਮ ਜਪਦਾ ਹੈ ਆਸਾ ਰਖਦਾ ਹੈ ਮਨ ਦੇ ਅੰਦਰ। ਐਵੇਂ ਤਾਂ ਨਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਆ ਕੇ ਬਿਰਾਜਮਾਨ ਹੋ ਗਿਆ ਸਧਨਾ। ਉਹਨੇ ਕੋਈ ਕਮਾਈ ਕਰੀ ਹੈ ਬੜੀ ਜ਼ਬਰਦਸਤ, ਉਹ ਕਮਾਈ ਐਨਾ ਉਚਾ ਲੈ ਗਈ ਉਸਨੂੰ, ਜਿੱਥੇ ਸਾਧੂ ਸੰਤਾਂ ਦੀ ਮੰਜ਼ਲ ਹੋਇਆ ਕਰਦੀ ਹੈ।

ਸੋ ਅੱਜ ਖਿਆਲ ਆਇਆ ਕਿ ਮੈਂ ਪਵਿੱਤਰ ਅਸਥਾਨਾਂ 'ਤੇ ਜਾਵਾਂ, ਦਰਸ਼ਨ ਕਰਾਂ। ਉਸ ਵੇਲੇ ਘਰ ਤੋਂ ਤੁਰ ਪੈਂਦਾ ਹੈ, ਤੁਰਦਾ ਹੋਇਆ ਮਨ ਦੇ ਅੰਦਰ ਚਾਉ ਹੈ, ਐਸੇ ਭਾਵ ਪ੍ਰਗਟ ਹੁੰਦੇ ਨੇ ਪੜ੍ਹੋ ਪਿਆਰ ਨਾਲ -

ਧਾਰਨਾ - ਹਰਿ ਦਰਸ਼ਨ ਕੀ ਆਸਾ ਮੇਰੇ ਮਨ,
ਹਰਿ ਦਰਸ਼ਨ ਕੀ ਆਸਾ।
ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥
ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥ ੧ ॥
ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥
ਅੰਗ - ੩੩੮

ਸੋ ਐਸੇ ਵੈਰਾਗ ਦੇ ਸ਼ਬਦ ਪੜ੍ਹਦਾ, ਭਜਨ ਗਾਉਂਦਾ, ਤੁਰਿਆ ਜਾਂਦਾ ਹੈ ਤੇ ਮੰਜ਼ਲ ਥੋੜ੍ਹੀ ਜਿਹੀ ਰਹਿ ਗਈ, ਅਹਿਮਦਾਬਾਦ ਦੇ ਨੇੜੇ ਜਾ ਪਹੁੰਚਿਆ ਤੇ ਅੱਜ ਵਿਘਨ ਪੈ ਗਿਆ, ਕੋਈ ਪਿਛਲਾ ਕਰਮ ਜਾਗ ਪਿਆ। ਲੇਖਾ ਪੱਤਾ ਕਰਨ ਦਾ, ਹੋਣ ਦਾ ਦਿਨ ਪਹੁੰਚ ਗਿਆ। ਉਸ ਵੇਲੇ ਇੱਕ ਪਿੰਡ ਦੇ ਵਿੱਚ ਚਲਿਆ ਜਾਂਦਾ ਹੈ। ਉਥੇ ਇੱਕ ਸੋਹਣਾ ਥਾਂ ਦੇਖਿਆ ਇੱਕ ਦਰਖਤ ਦੇ ਥੱਲੇ ਸਫਾਈ ਕੀਤੀ। ਚੌਂਤਰਾ ਸੀ, ਉਸ ਦੇ ਉਤੇ ਬੈਠ ਗਿਆ ਤੇ ਸਾਮ੍ਹਣੇ ਜੋ ਘਰ ਸੀ ਬੀਬੀ ਜੁਆਨ ਸੀ, ਏਧਰ ਜੋ ਸਧਨਾ ਸੀ ਬੜਾ ਹੀ ਸੋਹਣਾ, ਰਿਸ਼ਟ-ਪੁਸ਼ਟ ਸਰੀਰ, ਚਿਹਰਾ ਲਾਲ, ਦਗ-ਦਗ ਕਰੇ ਭਜਨ ਦੇ ਬਲ ਨਾਲ। ਨੇਤਰਾਂ ਦੇ ਵਿੱਚ ਰਸ, ਉਚੇ ਨੇਤਰ ਨਹੀਂ ਕਰਦਾ, ਹੇਠਾਂ ਹੀ ਝਾਕਦਾ ਹੈ, ਕਿਸੇ ਵਲ ਦੇਖਦਾ ਨਹੀਂ, ਭਜਨ ਦੇ ਵਿੱਚ ਲੀਨ ਹੋਇਆ-ਹੋਇਆ ਹੈ। ਸੋ ਮਨ ਦੇ ਅੰਦਰ ਉਸਦੇ ਬੁਰਿਆਈਆਂ ਆਉਣ ਲੱਗ ਗਈਆਂ, ਰਾਤ ਪੈ ਗਈ, ਪ੍ਰਸ਼ਾਦਾ ਲਿਜਾ ਕੇ ਦਿੱਤਾ, ਉਸ ਵੇਲੇ ਜਾ ਕੇ ਉਸਨੂੰ ਬਹੁਤ ਮਾੜੀ ਗੱਲ ਕਹੀ ਉਸਨੂੰ ਕਿ ਮੈਂ ਜੁਆਨ ਹਾਂ, ਮੇਰਾ ਪਤੀ ਐਵੇਂ ਹੀ ਹੈ, ਚੰਗਾ ਹੋਇਆ ਤੂੰ ਆ ਗਿਆ ਤੇ ਮੈਨੂੰ ਕਿਤੇ ਲੈ ਚੱਲ। ਮੈਂ ਤੇਰੇ ਨਾਲ ਚੱਲਾਂਗੀ, ਤੇਰੀ ਸੇਵਾ ਕਰਾਂਗੀ ਜ਼ਿੰਦਗੀ ਭਰ। ਉਹ ਕਹਿਣ ਲੱਗਿਆ, ਬੀਬੀ! ਮੇਰੇ 'ਤੇ ਮਿਹਰ ਕਰ। ਮੈਂ ਤਾਂ

ਫੱਟੜ ਹੋਇਆ-ਹੋਇਆ ਹਾਂ, ਮੇਰਾ ਦੁਨੀਆਂ ਦੀ ਕਿਸੇ ਚੀਜ਼ ਨੂੰ ਕੋਈ ਜੀਅ ਨਹੀਂ ਕਰਦਾ, ਕੋਈ ਮੇਰੇ ਅੰਦਰ ਵਾਸ਼ਨਾ ਨਹੀਂ। ਬੀਬਾ! ਆਹ ਪੁੱਠੇ ਖਿਆਲ ਤੇਰੇ ਮਨ ਵਿੱਚ ਕਿਉਂ ਪੈਦਾ ਹੋ ਗਏ ਤੇ ਇਹ ਪਤਾ ਹੈ ਕਿ ਇਹਦਾ ਨਤੀਜਾ ਕੀ ਹੁੰਦਾ ਹੈ, ਬੜੀ ਮੁਸ਼ਕਲ ਦੇ ਨਾਲ ਮੈਂ ਪ੍ਰਮੇਸ਼ਰ ਦੇ ਵਲ ਲੱਗਿਆ ਹਾਂ ਤੇ ਇਹ ਤਾਂ ਸਾਰੇ ਹੀ ਕਰਮ ਭ੍ਰਿਸ਼ਟ ਹੋ ਜਾਣਗੇ।

ਵਿਸ਼ਿਸਟ ਜੀ ਕਹਿੰਦੇ ਨੇ ਹੇ ਰਾਮ ਜੀ! ਜਿਹੜਾ ਜਗਿਆਸੂ ਹੈ ਉਹ ਮਾਇਆ ਤੋਂ ਬਚ ਸਕਦਾ ਹੈ ਲੇਕਿਨ ਇਹ ਜੋ ਹੈ ਇਹ ਸਾਰੇ ਕਰਮ ਧਰਮ ਭ੍ਰਿਸ਼ਟ ਕਰ ਦਿੰਦੀ ਹੈ। ਜਿਸ ਤਰ੍ਹਾਂ ਦੇ ਨਾਲ ਇਸਪਾਤ ਦੇਖਣ ਨੂੰ ਬਹੁਤ ਸੋਹਣਾ ਲਗਦਾ ਹੈ ਪਰ ਜਦੋਂ ਉਸਦੇ ਨਾਲ ਅਸੀਂ ਸਪਰਸ਼ ਕਰਦੇ ਹਾਂ, ਤੇਜ਼ ਤਲਵਾਰ ਦੀ ਧਾਰ ਨਾਲ ਉਸੇ ਵੇਲੇ ਕੱਟਿਆ ਜਾਂਦਾ ਹੈ। ਕਹਿੰਦੇ, ਇਸਤ੍ਰੀ ਆਦਿ ਭੋਗਾਂ ਵਿੱਚ ਬੰਨ੍ਹਿਆਂ ਹੋਇਆ ਜੀਵ ਰਾਮ ਜੀ! ਮੂੜ੍ਹ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ। ਮਹਾਂਅੰਧ ਅਵਸਥਾ 'ਚ ਫਸ ਕੇ ਪਰਮ ਸੁੱਖ ਦੇਣ ਵਾਲੀ ਆਤਮਅਨੰਦ ਦਾ ਜੋ ਮੰਡਲ ਹੈ ਉਸਨੂੰ ਭੁੱਲ ਜਾਂਦਾ ਹੈ। ਧਿਆਨ ਉਹਦਾ ਅਛਾਦਨ ਹੋ ਜਾਂਦਾ ਹੈ, ਜਿਸ ਤਰ੍ਹਾਂ ਚੰਦ ਬੱਦਲਾਂ ਥੱਲੇ ਆ ਕੇ ਅਛਾਦਨ ਹੋ ਜਾਂਦਾ ਹੈ, ਇਸੇ ਤਰ੍ਹਾਂ ਦੇ ਨਾਲ ਉਹਦਾ ਜੋ ਗਿਆਨ ਬੜੀਆਂ ਹੀ ਮੁਸ਼ਕਲਾਂ ਦੇ ਨਾਲ ਪ੍ਰਾਪਤ ਕਰਿਆ ਹੈ, ਇਸਤ੍ਰੀ ਦੇ ਸੰਗ ਦੇ ਨਾਲ ਉਹ ਨਸ਼ਟ ਹੋ ਜਾਂਦਾ ਹੈ। ਖੜਗ ਦੇਖਣ ਨੂੰ ਸੁੰਦਰ ਹੁੰਦੀ ਹੈ, ਪਰ ਜਦੋਂ ਸਪਰਸ਼ ਕਰਦੀ ਹੈ, ਗਲ ਵੱਢ ਕੇ ਰੱਖ ਦਿੰਦੀ ਹੈ। ਸੋ ਗੁਰੂ ਮਹਾਰਾਜ ਵੀ ਕਹਿੰਦੇ ਨੇ ਕਿ ਪਿਆਰਿਓ! ਇਸ ਚੀਜ਼ ਤੋਂ ਬਚੋ, ਉੱਚੇ ਨਿਕਲੋ। ਰਹਿਤਨਾਮੇ 'ਚ ਆਉਂਦਾ ਹੈ -

ਮਾਏ ਭੈਣ ਜੋ ਆਵੈ ਸੰਗਤ ਦ੍ਰਿਸ਼ਟ ਬੁਰੀ ਦੇਖੇ ਤਿਸ ਪੰਗਤ।

ਮਾੜੀ ਨਿਗ੍ਹਾ ਦੇ ਨਾਲ ਜੇ ਕੋਈ ਬੰਦਾ ਦੇਖਦਾ ਹੈ ਸਤਿਸੰਗ 'ਚ ਆਈ ਹੋਈ ਬੀਬੀ ਨੂੰ। ਕਹਿੰਦੇ -

ਸਿੱਖ ਹੋਇ ਜੋ ਕਰੇ ਕ੍ਰੋਧ।

ਬਰਾਬਰ ਹੀ ਕਰ ਦਿੱਤਾ ਕਾਮ ਦੇ ਕ੍ਰੋਧ ਵੀ ਰਹਿਤਨਾਮੇ ਦੇ ਅੰਦਰ। ਕਹਿੰਦੇ ਜੇ ਸਿੱਖ ਹੋ ਜੇ ਕ੍ਰੋਧ ਕਰਦਾ ਹੈ -

ਕੰਨਿਆ ਮੂਲ ਨਾ ਦੇਵੈ ਸੋਧ।
ਧੀ ਭੈਣ ਕਾ ਪੈਸਾ ਖਾਏ।
ਗੋਬਿੰਦ ਸਿੰਘ ਧੱਕੇ ਜਮ ਖਾਇ।
ਪਰ ਨਾਰੀ ਜੂਆ ਅਸਤਿ ਚੋਰੀ ਮਧਰਾ ਜਾਨਿ।

ਪੰਜ ਚੀਜ਼ਾਂ ਦੱਸੀਆਂ ਨੇ ਇੱਕ ਤਾਂ ਪਰ-ਨਾਰੀ, ਇੱਕ ਜੂਆ ਖੇਡਣਾ, ਇੱਕ ਝੂਠ ਬੋਲਣਾ, ਇੱਕ ਚੋਰੀ ਕਰਨੀ, ਇੱਕ ਸ਼ਰਾਬ ਪੀਣੀ। ਕਹਿੰਦੇ -

ਪਾਂਚ ਐਬ ਇਹ ਜਗਤ ਮਹਿ ਤਜੇ ਸੋ ਸਿੰਘ ਸੁਜਾਨ।

ਜਿਹੜਾ ਸਿੰਘ ਪੰਜੋ ਐਬ ਛੱਡ ਦੇਵੇ ਉਹ ਸੁਜਾਨ ਸਿੰਘ ਹੈ। ਸੋ ਇਸ ਤਰ੍ਹਾਂ ਦੇ ਨਾਲ ਇੱਕ ਸਾਖੀ ਆਉਂਦੀ ਹੈ, ਗੁਰੂ ਛੇਵੇਂ ਪਾਤਸ਼ਾਹ ਦਾ ਇੱਕ ਗੁਰਸਿੱਖ ਸੀ, ਸੰਤ ਰਾਮ ਨਾਮ ਸੀ। ਛੇ ਫੁੱਟ ਤੋਂ ਉੱਚਾ ਕੱਦ ਸੀ, ਸਵਾ ਛੇ ਫੁੱਟ। ਜੁਆਨ ਸੀ ਭਰਵਾਂ, ਫੌਜ ਦੇ ਵਿੱਚ ਗਿਣਿਆ-ਚੁਣਿਆ ਜੁਆਨ ਸੀ। ਮਹਿਲਾਂ ਦੇ ਦੁਆਲੇ ਪਹਿਰਾ ਲਗਦਾ ਹੈ। ਬੀਟ 'ਤੇ ਘੁੰਮ ਰਿਹਾ ਸੀ ਤੇ ਸ਼ਾਹਜਹਾਨ ਦੀ ਲੜਕੀ ਨੇ ਉਪਰੋਂ ਖਿੜਕੀ 'ਚੋਂ ਦੇਖ ਲਿਆ ਤੇ ਮਨ ਵਿੱਚ ਕਰ ਲਿਆ ਕਿ ਮੈਂ ਤਾਂ ਸ਼ਾਦੀ ਇਹਦੇ ਨਾਲ ਹੀ ਕਰਨੀ ਹੈ, ਹੋਰ ਨਹੀਂ ਕਿਸੇ ਨਾਲ ਕਰਨੀ। ਆਪਣੀ ਮਾਂ ਨੂੰ ਕਹਿ ਦਿੱਤਾ, ਆਪਣੇ ਪਿਤਾ ਤੱਕ ਗੱਲ ਪਹੁੰਚ ਗਈ। ਅਖੀਰ ਬਹੁਤ ਉਸਨੂੰ ਰੋਕਿਆ, ਜਦੋਂ ਨਾ ਰੁਕੀ ਤਾਂ ਉਹ ਕਹਿਣ ਲੱਗੇ ਇਹ ਜੁਆਨ ਫੌਜ ਵਿੱਚ, ਇਸਨੂੰ ਇਸਲਾਮ ਵਿੱਚ ਲੈ ਆਉਂਦੇ ਹਾਂ, ਕੋਈ ਡਰ ਨਹੀਂ ਹੈ, ਜੇ ਗਰੀਬ ਹੈ ਤਾਂ ਮੈਂ ਇਹਨੂੰ ਗਵਰਨਰੀ ਦੇ ਦੇਵਾਂਗਾ। ਸੂਬਾ ਬਣਾ ਦੇਵਾਂਗਾ, ਜਗੀਰਾਂ ਦੇ ਦੇਵਾਂਗਾ, ਆਪੇ ਅਮੀਰ ਹੋ ਜਾਏਗਾ, ਠੀਕ ਹੈ। ਗੱਲਬਾਤ ਚਲਦੀ ਹੈ ਤੇ ਉਨ੍ਹਾਂ ਦਾ ਜੋ ਸੇਵਾਦਾਰ ਸੀ ਪਹਿਰੇਦਾਰ ਨਿਕਟਵਰਤੀ, ਉਹਨੇ ਆ ਕੇ ਬਾਹਰ ਇਹਨੂੰ ਵਧਾਈਆਂ ਦਿੱਤੀਆਂ। ਕਹਿੰਦਾ, ਸੰਤ ਰਾਮ ਵਧਾਈ ਹੋਵੇ, ਤੇਰੀ ਤਾਂ ਬਹੁਤ ਵੱਡੀ ਤਰੱਕੀ ਹੋ ਜਾਣੀ ਹੈ, ਸਾਨੂੰ ਤਾਂ ਤੂੰ ਪੁੱਛਣਾ ਹੀ ਨਹੀਂ। ਤੂੰ ਤਾਂ ਸੂਬਾ ਲੱਗ ਜਾਣਾ ਹੈ, ਬਹੁਤ ਜਾਇਦਾਦ ਤੈਨੂੰ ਕੱਲ੍ਹ ਨੂੰ ਮਿਲ ਜਾਣੀ ਹੈ। ਉਹ ਕਹਿੰਦਾ, ਕੀ ਗੱਲ? ਕਹਿੰਦਾ, ਆਹ ਗੱਲ ਕਰਦੇ ਸੀ ਅੱਜ। ਕਹਿੰਦਾ, ਮੇਰਾ ਤਾਂ ਧਰਮ ਹੈ, ਮੈਂ ਨਹੀਂ ਇਸ ਚੀਜ਼ 'ਚ ਫਸਦਾ। ਉਹ ਕਹਿੰਦੇ, ਤੈਨੂੰ ਕੀ ਹਰਜ਼ ਹੁੰਦਾ ਹੈ, ਵਿਆਹ ਤਾਂ ਤੂੰ ਕਰਾਉਣਾ ਹੀ ਕਰਾਉਣਾ ਹੈ। ਜਹਾਂਗੀਰ ਦੀ ਲੜਕੀ ਨਾਲ ਹੀ ਕਰਾ ਲੈ। ਉਹ ਕਹਿਣ ਕਿ ਜੇ ਇਹ ਗੱਲ ਬਿਲਕੁਲ ਸੱਚੀ ਹੈ ਤਾਂ ਮੈਂ ਇਸ ਦੇਸ਼ 'ਚੋਂ ਨਿਕਲ ਜਾਂਦਾ ਹਾਂ, ਉਸੇ ਵੇਲੇ ਚੱਲ ਪਿਆ। ਜਹਾਂਗੀਰ ਨੇ ਜਦੋਂ ਉਸ ਨੂੰ ਬੁਲਾਇਆ, ਪਤਾ ਲੱਗਿਆ ਕਿ ਉਹ ਤਾਂ ਭਗੌੜਾ ਹੋ ਗਿਆ। ਅਖੀਰ ਪੇਸ਼ਾਵਰ ਦੇ ਕੋਲ ਜਾ ਕੇ ਸਰਹੱਦ ਪਾਰ ਕਰਦਾ ਫੜਿਆ ਗਿਆ। ਲਾਹੌਰ ਜਾ ਕੇ ਫੇਰ ਪੁੱਛਿਆ ਗਿਆ ਉਸਨੂੰ, ਜਦੋ ਉਹ ਨਾ ਮੰਨਿਆ ਤਾਂ ਹੁਕਮ ਹੋ ਗਿਆ ਕਿ ਇਹਦਾ ਸਿਰ ਕੱਟ ਕੇ ਥਾਲ ਵਿੱਚ ਪੇਸ਼ ਕੀਤਾ ਜਾਵੇ ਤਾਂ ਕਿ ਸ਼ਹਿਜ਼ਾਦੀ ਦੇਖ ਲਵੇ।

ਜਿਸ ਵਕਤ ਉਸ ਦਾ ਸਿਰ ਕੱਟ ਕੇ ਲਿਆਏ। ਉਸ ਵੇਲੇ ਰੁਮਾਲ ਪਾਏ ਹੋਏ ਨੇ ਢਕਿਆ ਹੋਇਆ ਹੈ, ਸ਼ਹਿਜ਼ਾਦੀ ਨੂੰ ਕਿਹਾ ਕਿ ਆਹ ਸਿਰ ਪਿਆ ਹੈ ਉਹਦਾ। ਉਹ ਜਦੋਂ ਹੱਥ ਲਾਉਣ ਲੱਗੀ ਤਾਂ ਸਿਰ ਇੱਕ ਦਮ ਉੱਚਾ ਉੱਠ ਖੜ੍ਹਿਆ। ਉਹਦੇ ਕੱਦ ਤੋਂ ਸਵਾ ਗਿੱਠ ਹੋਰ ਉੱਚਾ ਉੱਠ ਗਿਆ। ਦਸਮ ਗ੍ਰੰਥ 'ਚ ਲਿਖਿਆ ਹੈ ਕਿ -

ਸਵਾ ਗਲਿਸ਼ਠ ਸਿਰ ਊਠਿਯੋ ਤਬ ਨ ਕਬੂਲੀ ਨਾਰ।ਦਸਮ ਗ੍ਰੰਥ

ਤਾਂ ਵੀ ਉਸਨੇ ਪਰਾਈ ਨਾਰੀ ਨੂੰ ਕਬੂਲਿਆ ਨਾ।

ਸੋ ਇਸ ਤਰ੍ਹਾਂ ਦੇ ਨਾਲ ਸੁੱਖ ਦਾ ਸਾਧਨ ਸਾਧਸੰਗਤ ਜੀ! ਘਰ 'ਚ ਤਾਂ ਹੁੰਦਾ ਹੈ ਜੇ ਪੁੱਤਰ ਵੀ ਆਗਿਆਕਾਰ ਹੋਵੇ, ਮਿੱਠਾ ਬੋਲਣ ਵਾਲੀ ਪਤਨੀ ਹੋਵੇ, ਧਨ ਪੱਲੇ ਹੋਵੇ, ਤਾਂ ਕਹਿੰਦੇ ਸਵਰਗ ਹੋਇਆ ਕਰਦਾ ਹੈ ਉਹ ਘਰ।

ਆਗਿਆਕਾਰੀ ਪੁੱਤਰ ਹੋਇ, ਅਰ ਮਿਠਬੋਲੀ ਨਾਰ।
ਧਨ ਆਪਣਾ ਸੰਤੋਖ ਮਨ ਚਾਰ ਸਵਰਗ ਸੰਸਾਰ।

ਇਹ ਚਾਰ ਸਵਰਗ ਦੇ ਸੰਸਾਰ ਨੇ। ਦੂਜੇ ਪਾਸੇ ਨਰਕ ਨੇ-

ਕਿੱਕਰ ਘਰ ਕਪੂਤ ਘਰ ਘਰ ਕੁਲਹਿਣੀ ਨਾਰ।
ਤ੍ਰਿਅ ਅੱਗੇ ਚਲਣਾ ਚਾਰੋ ਨਰਕ ਸੰਸਾਰ।

ਗੁਰੂ ਘਰ ਦੇ ਅੰਦਰ ਬਹੁਤ ਬੁਰਾ ਮੰਨਿਆ ਗਿਆ ਹੈ ਪਰ

ਇਸਤ੍ਰੀ ਦਾ ਸੰਗ ਇਸ ਤਰ੍ਹਾਂ ਦੇ ਨਾਲ ਪੜ੍ਹ ਲਓ –

ਧਾਰਨਾ – ਇਹ ਤਾਂ ਵਿਹੁ ਦੀਆਂ ਭਰੀਆਂ ਹੋਈਆਂ ਗੰਦਲਾਂ,
ਖੰਡ 'ਚ ਲਬੇੜ ਰੱਖੀਆਂ।
ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥
ਅੰਗ – ੧੩੭੯

ਚਾਹੇ ਮਾੜਾ ਪੁਰਸ਼ ਹੈ, ਚਾਹੇ ਮਾੜੀ ਇਸਤ੍ਰੀ ਹੈ, ਕੁਛ ਵੀ ਨਹੀਂ ਹੈ ਕਹਿੰਦੇ ਦੋਖ ਦ੍ਰਿਸ਼ਟੀ ਦੇ ਨਾਲ ਦੇਖੋ ਕੀ ਹੈ ਸਰੀਰ ਦੇ ਅੰਦਰ ਜਿਹਨੂੰ ਤੁਸੀਂ ਸੁੰਦਰ ਸਰੀਰ ਕਹਿੰਦੇ ਓਂ, ਮਨੁੱਖ ਦਾ ਸਰੀਰ ਬੀਬੀ ਦਾ ਸਰੀਰ। ਵਾਸ਼ਨਾ ਮਾੜੀਆਂ ਉਠਾਉਂਦੇ ਓਂ, ਕਹਿੰਦੇ ਹੈ ਕੀ ਇਹਦੇ ਵਿੱਚ –

ਬਿਸਟਾ ਅਸਤ ਰਕਤੁ ਪਰੇਟੇ ਚਾਮ ॥
ਇਸੁ ਊਪਰਿ ਲੇ ਰਾਖਿਓ ਗੁਮਾਨ ॥ ਅੰਗ – ੩੭੪

ਵਿਸ਼ਟਾ ਪਿਆ ਹੈ, ਮਾਸ ਪਿਆ ਹੈ, ਖੂਨ ਪਿਆ ਹੈ, ਹਜ਼ਾਰਾਂ ਕਿਸਮ ਦੀਆਂ ਮੈਲਾਂ ਪਈਆਂ ਨੇ। ਉਹ ਤਾਂ ਬਾਹਰੋਂ ਕੱਪੜੈ ਵਗੈਰਾ ਪਾ ਕੇ ਕਹਿੰਦੇ ਪਲਾਸਟਿਕ ਦਾ ਪਤਲਾ ਜਿਹਾ ਪੜਦਾ ਹੈ ਉਹਦੇ ਵਿੱਚ ਇਹ ਚੀਜ਼ਾਂ ਪਈਆਂ ਨੇ, ਕਹਿੰਦੇ ਦੋਖ ਦ੍ਰਿਸ਼ਟੀ ਨਾਲ ਦੇਖ ਪਿਆਰਿਆ! ਆਪਣਾ ਧਰਮ ਨਸ਼ਟ ਨਾ ਕਰ। ਸੋ ਸਧਨੇ ਨੇ ਕਿਹਾ ਕਿ ਬੀਬਾ! ਮੈਂ ਤੇਰੇ ਪੈਰੀਂ ਹੱਥ ਲਾਉਂਦਾ ਹਾਂ, ਬੜੀ ਮੁਸ਼ਕਲ ਦੇ ਨਾਲ ਮੈਨੂੰ ਰਾਹ ਮਿਲਿਆ ਹੈ, ਮੈਂ ਕਸਾਈ ਸੀ, ਪਤਾ ਨਹੀਂ ਕਿੰਨੇ ਜਾਨਵਰ ਮਾਰੇ ਨੇ, ਲੇਖਾ-ਪੱਤਾ ਮੈਨੂੰ ਪਤਾ ਨਹੀਂ ਕਿੰਨਾ ਦੇਣਾ ਪੈਣਾ ਹੈ, ਤੂੰ ਹੋਰ ਇੱਕ ਪਾਪ ਮੇਰੇ ਸਿਰ 'ਤੇ ਚਾੜ੍ਹਨ ਲੱਗੀ ਹੈਂ। ਜਾਹ ਤੂੰ ਆਪਣਾ ਕੰਮ ਕਰ, ਸੁੱਖੀ ਵਸ ਬੀਬਾ। ਸਾਧਾਂ ਨੂੰ ਨਹੀਂ ਤੰਗ ਕਰੀਦਾ। ਉਸ ਵੇਲੇ ਗਈ ਅੰਦਰ, ਹੋਰ ਹੀ ਕੁਛ ਸਮਝੀ ਕਿ ਡਰਦਾ ਹੈ ਮੇਰੇ ਪਤੀ ਤੋਂ, ਸੁੱਤਾ ਪਿਆ ਸੀ ਪਤੀ, ਵੱਡਾ ਹਥਿਆਰ ਪਿਆ ਸੀ ਘਰ, ਉਹ ਜ਼ੋਰ ਦੀ ਮਾਰਿਆ ਤੇ ਪਤੀ ਦਾ ਸਿਰ ਕੱਟ ਦਿੱਤਾ। ਸਿਰ ਕੱਟ ਕੇ ਥਾਲ ਦੇ ਵਿੱਚ ਰੱਖ ਲਿਆ, ਲਿਆ ਕੇ ਰੱਖ ਦਿੱਤਾ ਕਿ ਲੈ ਸੰਤ ਜੀ! ਹੁਣ ਤਾਂ ਡਰ ਹੀ ਖਤਮ ਕਰ ਦਿੱਤਾ ਤੇਰਾ ਮੈਂ। ਆਹ ਤੂੰ ਦੇਖ ਲੈ ਮਾਰ ਦਿੱਤਾ ਮੈਂ। ਹੁਣ ਤਾਂ ਨਿਸੰਗ ਹੋ ਕੇ ਲੈ ਚੱਲ ਮੈਨੂੰ ਜਿੱਥੇ ਤੇਰਾ ਜੀਅ ਕਰਦਾ ਹੈ। ਉਸ ਵੇਲੇ ਕਹਿਣ ਲੱਗਿਆ ਕਿ ਬੀਬਾ! ਤੂੰ ਬਹੁਤ ਮਾੜਾ ਕੰਮ ਕਰਿਆ। ਕਹਿੰਦੀ, ਜੇ ਇਸ ਤਰ੍ਹਾਂ ਕਰੇਂਗਾ ਤਾਂ ਮੈਂ ਛੱਡਦੀ ਤੈਨੂੰ ਵੀ ਨਹੀਂ। ਉਸ ਵੇਲੇ ਰੌਲਾ ਪਾ ਦਿੱਤਾ ਕਿ ਮੈਂ ਲੁੱਟੀ ਗਈ, ਮਾਰੀ ਗਈ, ਮੈਨੂੰ ਇਸ ਸਾਧ ਨੇ ਧੋਖਾ ਦਿੱਤਾ ਹੈ, ਮੇਰਾ ਪਤੀ ਮਾਰ ਦਿੱਤਾ। ਆਹ ਦੇਖੋ ਇਹਦੇ ਕੋਲ ਸਿਰ ਪਿਆ ਹੈ। ਦਿਨ ਚੜ੍ਹ ਗਿਆ, ਪੁਲਿਸ ਨੇ ਬੰਨ੍ਹ ਲਿਆ, ਬੰਨ੍ਹ ਕੇ ਰਾਜੇ ਦੇ ਪੇਸ਼ ਕਰ ਦਿੱਤਾ। ਰੋਂਦੀ ਜਾਂਦੀ ਹੈ, ਜਾ ਕੇ ਸਾਰੀ ਗੱਲ ਕਹੀ ਤੇ ਸਜ਼ਾ ਦੇ ਦਿੱਤੀ ਤੇ ਉਹ ਕਿਲ੍ਹਾ ਚਿਣਵਾ ਰਿਹਾ ਸੀ। ਕਿਲ੍ਹੇ ਦੇ ਵਿੱਚ ਕਹਿਣ ਲੱਗੇ ਕਿ ਬੰਦੇ ਦੀ ਬਲੀ ਚਾਹੀਦੀ ਹੈ। ਵੈਸੇ ਅੰਦਰੋਂ ਪਤਾ ਸੀ ਕਿ ਇੱਕ ਨਵਾਂ-ਨਵਾਂ ਭਗਤ ਪੈਦਾ ਹੋਇਆ ਹੈ, ਜਿਸਦਾ ਨਾਮ ਸਧਨਾ ਹੈ, ਕਾਜ਼ੀ ਵੀ ਖਿਝਦੇ ਸੀ, ਬ੍ਰਾਹਮਣ ਵੀ ਖਿਝਦੇ ਸੀ, ਦੋਹਾਂ ਨੂੰ ਪਤਾ ਲੱਗ ਗਿਆ ਕਿ ਇਹੀ ਸਧਨਾ ਹੈ। ਕਹਿੰਦੇ, ਹੁਣ ਇਹਨੂੰ ਸਜ਼ਾ ਦਿਵਾ ਦੇਈਏ ਚੰਗੀ ਤਰ੍ਹਾਂ ਤੇ ਜਿਉਂਦਾ ਹੀ ਇਹਦੇ ਵਿੱਚ ਚਿਣਵਾ ਦੇਈਏ। ਕਿਉਂਕਿ ਕਿਲ੍ਹੇ ਦੀ ਕੰਧ ਰਹਿੰਦੀ ਨਹੀਂ ਸੀ।

ਉਸ ਵੇਲੇ ਸਧਨੇ ਨੂੰ ਕਹਿਣ ਲੱਗੇ ਕਿ ਲੈ ਬਈ ਸਧਨਿਆ! ਤੇਰੀ ਸਜ਼ਾ ਆਹੀ ਹੈ ਕਿ ਤੈਨੂੰ ਜਿਉਂਦੇ ਨੂੰ ਕਿਲ੍ਹੇ ਦੀ ਕੰਧ ਵਿੱਚ ਚਿਣ ਦਿੱਤਾ ਜਾਵੇ। ਸੋ ਕੰਧ ਦੇ ਵਿੱਚ ਚਿਣਨਾ ਸ਼ੁਰੂ ਕਰ ਦਿੱਤਾ। ਰਾਜ ਆ ਗਏ ਤੇ ਆ ਕੇ ਇੱਟਾਂ ਲਾਉਣ ਲੱਗ ਗਏ। ਉਸ ਵੇਲੇ ਸਧਨੇ ਨੇ ਪ੍ਰਮੇਸ਼ਰ ਦਾ ਧਿਆਨ ਧਰਿਆ। ਹੇ ਪ੍ਰਭੂ! ਤੂੰ ਤਾਂ ਬੜਾ ਦਿਆਲੂ ਹੈਂ, ਮੰਨਿਆਂ ਮੈਂ ਬੜਾ ਪਾਪੀ ਹਾਂ, ਮੈਂ ਕਸਾਈ ਸੀ, ਪਰ ਮੈਨੂੰ ਇਹ ਵੀ ਪਤਾ ਹੈ ਕਿ ਤੇਰੇ ਨਾਮ ਦੇ ਅੰਦਰ ਬਹੁਤ ਸ਼ਕਤੀ ਹੈ –

ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ – ੧੧੯੫

ਹੁਣ ਮੈਂ ਤੇਰਾ ਬੰਦਾ ਬਣ ਗਿਆ ਪ੍ਰਭੂ, ਕ੍ਰਿਪਾ ਕਰ। ਤੂੰ ਤਾਂ ਮਾੜੇ ਬੰਦਿਆਂ ਦੀ ਵੀ ਰਾਖੀ ਕਰਦਾ ਰਿਹਾ ਹੈਂ, ਇਸ ਤਰ੍ਹਾਂ ਫੁਰਮਾਨ ਹੈ –

ਧਾਰਨਾ – ਜਿਵੇਂ ਭੇਖ ਧਾਰੀਆਂ ਨੂੰ ਰੱਖਿਆ,
ਇਵੇਂ ਮੇਰੀ ਰੱਖ ਲੱਜਿਆ।
ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ ਅੰਗ – ੮੫੮

ਹੇ ਪ੍ਰਭੂ! ਇੱਕ ਰਾਜੇ ਦੀ ਲੜਕੀ ਪਿੱਛੇ ਭੇਖ ਧਾਰ ਕੇ, ਤੇਰਾ ਰੂਪ ਬਣ ਕੇ ਚਲਿਆ ਗਿਆ ਸੀ ਤੇ ਉਹਦੀ ਤੂੰ ਲੱਜਿਆ ਰੱਖੀ।

ਗੱਲ ਇਸ ਤਰ੍ਹਾਂ ਦੇ ਨਾਲ ਹੈ ਇੱਕ ਲੜਕੀ ਸੀ, ਉਹ ਵਿਸ਼ਨੂੰ ਜੀ ਮਹਾਰਾਜ ਦੀ ਭਗਤੀ ਕਰਿਆ ਕਰਦੀ ਸੀ। ਭਗਤੀ ਹਮੇਸ਼ਾਂ ਪਿਆਰ ਨਾਲ ਹੋਇਆ ਕਰਦੀ ਹੈ, ਗੁਰੂ ਦੀ ਕਰੋ ਤਾਂ ਪਿਆਰ ਹੋਇਆ ਕਰਦਾ ਹੈ, ਕਿਸੇ ਦੇਵਤੇ ਦੀ ਕਰੋ ਤਾਂ ਪਿਆਰ ਹੋਇਆ ਕਰਦਾ ਹੈ। ਇਹ ਨਿਰਾ ਪਿਆਰ ਹੀ ਹੋਇਆ ਕਰਦਾ ਹੈ, ਪ੍ਰੇਮਾ ਭਗਤੀ ਇਹਦਾ ਫਲ ਹੋਇਆ ਕਰਦਾ ਹੈ। ਉਹ ਐਨੀ ਭਗਤੀ 'ਚ ਲੀਨ ਹੋ ਗਈ ਉਹਨੇ ਆਪਣੀ ਮਾਤਾ ਨੂੰ ਕਿਹਾ ਕਿ ਮਾਤਾ! ਮੈਂ ਸ਼ਾਦੀ ਨਹੀਂ ਕਰਾਉਣੀ ਜੇ ਕਰਾਉਣੀ ਹੈ ਤਾਂ ਵਿਸ਼ਨੂੰ ਭਗਵਾਨ ਨਾਲ ਕਰਾਉਣੀ ਹੈ। ਉਸ ਨੇ ਕਿਹਾ ਕਿ ਬੇਟਾ! ਕਲਜੁਗ ਦਾ ਸਮਾਂ ਹੈ, ਅੱਗੇ ਤਾਂ ਦੇਵਤੇ ਪ੍ਰਗਟ ਹੋ ਜਾਂਦੇ ਸੀ, ਹੁਣ ਤਾਂ ਆਉਂਦੇ ਹੀ ਨਹੀਂ ਹਨ। ਕਿਉਂਕਿ ਲੋਕਾਂ ਦੇ ਕਰਮ ਐਨੇ ਮੰਦ ਹੋ ਗਏ, ਦੇਵਤਿਆਂ ਦੇ ਦਰਸ਼ਨ ਨਹੀਂ ਹੁੰਦੇ। ਸੋ ਇਹ ਤਾਂ ਗੱਲ ਨਹੀਂ ਹੋਣੀ। ਕਹਿੰਦੀ, ਚਾਹੇ ਮੈਂ ਕੁਆਰੀ ਸਾਰੀ ਜ਼ਿੰਦਗੀ ਰਹਾਂ, ਪਰ ਮੈਂ ਸ਼ਾਦੀ ਵਿਸ਼ਨੂੰ ਜੀ ਨਾਲ ਹੀ ਕਰਾਉਣੀ ਹੈ। ਉਥੇ ਹੀ ਇੱਕ ਤਰਖਾਣ ਦਾ ਲੜਕਾ, ਮਹਿਲਾਂ 'ਚ ਕੰਮ ਕਰਿਆ ਕਰਦਾ ਸੀ, ਹੌਲੀ-ਹੌਲੀ ਉਸਨੂੰ ਇਸ ਗੱਲ ਦਾ ਪਤਾ ਲੱਗ ਗਿਆ ਤੇ ਉਹਦੇ ਮਨ ਵਿੱਚ ਆ ਗਿਆ ਕਿ ਮੈਂ ਕਿਸੇ ਛਲ ਨਾਲ ਇਹਦੇ ਨਾਲ ਸ਼ਾਦੀ ਕਰਾ ਲਵਾਂ, ਵਿਸ਼ਨੂੰ ਬਣਾਂ। ਉਹਦਾ ਇੱਕ ਮਿੱਤਰ ਸੀ ਕੋਈ ਟੈਕਨੀਕਲ ਬੰਦਾ। ਮਿੱਤਰ ਕਹਿਣ ਲੱਗਿਆ ਕਿ ਕੀ ਗੱਲ ਤੂੰ ਬੜਾ ਚੁੱਪ ਰਹਿੰਦਾ ਹੈਂ? ਕਹਿੰਦਾ, ਮੈਂ ਚੁੱਪ ਕਾਹਦਾ ਰਹਿੰਦਾ ਹਾਂ, ਰਾਜੇ ਦੀ ਲੜਕੀ ਨੇ ਇਹ ਪ੍ਰਣ ਕਰਿਆ ਹੈ ਕਿ ਮੈਂ ਵਿਸ਼ਨੂੰ ਭਗਵਾਨ ਨਾਲ ਸ਼ਾਦੀ ਕਰਾਉਣੀ ਹੈ ਤੇ ਉਪਾਅ ਕੋਈ ਬਣਦਾ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਮੇਰੀ ਹੀ ਸ਼ਾਦੀ ਹੋ ਜਾਏ। ਉਹ ਕਹਿੰਦਾ

ਇਹ ਤਾਂ ਮੈਂ ਕਰ ਦੇਵਾਂਗਾ। ਮੇਰੇ ਕੋਲ ਹੈ ਇੱਕ ਗਰੁੜ ਬਣਿਆ ਹੋਇਆ, ਉਹ ਉਡਾਰੀ ਮਾਰਦਾ ਹੈ, ਮੈਂ ਤੇਰੀਆਂ ਦੋ ਬਾਹਾਂ ਹੋਰ ਲਾ ਦਿੰਦਾ ਹਾਂ, ਪੂਰਾ ਹੀ ਵਿਸ਼ਨੂੰ ਦਾ ਰੂਪ ਬਣਾਂ ਦਿੰਦਾ ਹਾਂ। ਉਸ ਤਰ੍ਹਾਂ ਨਾਲ ਕਰਿਆ, ਕਹਿਣ ਲੱਗਿਆ ਕਿ ਤੂੰ ਹੁਣ ਉਹਦੇ ਮਹਿਲਾਂ ਤੇ ਜਾ ਕੇ ਉਤਰ ਜਾ। ਉਥੇ ਉਤਰਿਆ ਤਾਂ ਖੜਕਾ ਹੋਇਆ, ਲੜਕੀ ਦਾ ਮਹਿਲ ਸੀ, ਉਤੇ ਆਈ, ਆ ਕੇ ਖੁਸ਼ ਹੋ ਗਈ ਕਿ ਵਿਸ਼ਨੂੰ ਭਗਵਾਨ ਆ ਗਏ। ਉਹ ਕਹਿਣ ਲੱਗਿਆ ਕਿ ਐ ਲੜਕੀ ਮੈਂ ਤੇਰੀ ਭਗਤੀ 'ਤੇ ਪ੍ਰਸੰਨ ਹੋ ਕੇ ਪਹੁੰਚਿਆ ਹਾਂ, ਜਾਹ ਆਪਣੇ ਮਾਤਾ ਪਿਤਾ ਨੂੰ ਵੀ ਬੁਲਾ ਲੈ। ਮਾਤਾ ਪਿਤਾ ਵੀ ਬੁਲਾ ਲਏ, ਆ ਕੇ ਉਹ ਨਮਸ਼ਕਾਰਾਂ ਕਰਦੇ ਨੇ ਹੱਥ ਜੋੜੀਂ ਖੜ੍ਹੇ ਨੇ, ਕਹਿੰਦੇ ਰਾਜਨ! ਤੇਰੀ ਲੜਕੀ ਦੇ ਮਨ ਵਿੱਚ ਇਹ ਭਾਵਨਾ ਹੈ ਕਿ ਮੇਰੇ ਨਾਲ ਉਹਨੇ ਸ਼ਾਦੀ ਕਰਾਉਣੀ ਹੈ। ਸੋ ਮੈਂ ਆ ਗਿਆ ਹਾਂ, ਪਰ ਮੈਂ ਮਨੁੱਖ ਰੂਪ 'ਚ ਇੱਥੇ ਰਿਹਾ ਕਰਾਂਗਾ। ਦੇਵ ਰੂਪ ਵਿੱਚ ਨਹੀਂ ਰਹਿਣਾ, ਸੋ ਹੁਣ ਤਾਂ ਮੈਂ ਜਾਂਦਾ ਹਾਂ, ਸਵੇਰੇ ਮੈਂ ਮਨੁੱਖ ਰੂਪ ਵਿੱਚ ਆਵਾਂਗਾ। ਗਰੁੜ ਉਡਾਇਆ ਤੇ ਉਸ ਤੋਂ ਬਾਅਦ ਦੂਸਰਾ ਦਿਨ ਹੋਇਆ ਤੇ ਫੇਰ ਜਾ ਪਹੁੰਚਿਆ। ਸ਼ਾਦੀ ਹੋ ਗਈ, ਸਮਾਂ ਹੋ ਗਿਆ ਤੇ ਦੂਸਰੇ ਰਾਜੇ ਨੂੰ ਪਤਾ ਲੱਗ ਗਿਆ ਕਿ ਇੱਕ ਬਨਾਉਟੀ ਬੰਦੇ ਨੇ ਵਿਸ਼ਨੂੰ ਦਾ ਰੂਪ ਧਾਰ ਕੇ ਸ਼ਾਦੀ ਕਰਾ ਲਈ ਤੇ ਰਾਜੇ ਭਗਤ ਸੀ, ਉਹਨੇ ਫੌਜਾਂ ਹਟਾ ਦਿੱਤੀਆਂ। ਦੂਜੇ ਦੁਸ਼ਮਣ ਰਾਜੇ ਨੇ ਸੋਚਿਆ ਕਿ ਕਿਉਂ ਨਾ ਮੈਂ ਇਹਦਾ ਰਾਜ ਖੋਹ ਲਵਾਂ। ਫੌਜਾਂ ਚਾੜ੍ਹ ਦਿੱਤੀਆਂ। ਵਜ਼ੀਰਾਂ ਨੇ ਕਿਹਾ ਕਿ ਫਲਾਣੇ ਰਾਜੇ ਨੇ ਫੌਜ ਚਾੜ੍ਹ ਦਿੱਤੀ। ਕਹਿੰਦਾ ਕੋਈ ਗੱਲ ਨਹੀਂ ਵਿਸ਼ਨੂੰ ਜੀ ਹੈਗੇ, ਹੁਣ ਮੈਨੂੰ ਕਾਹਦਾ ਫਿਕਰ ਹੈ, ਆਪੇ ਰੱਖ ਲੈਣਗੇ ਸੁਦਰਸ਼ਨ ਚੱਕਰ ਨਾਲ। ਰਾਜਾ ਨੇੜੇ ਆ ਗਿਆ, ਕਹਿਣ ਲੱਗੇ, ਹੁਣ ਤਾਂ ਸ਼ਹਿਰ ਦੀ ਬਾਹਰਲੀ ਤਹਿਸੀਲ 'ਚ ਆ ਗਿਆ, ਦਰਵਾਜ਼ੇ ਭੰਨ੍ਹ ਰਿਹਾ ਹੈ। ਕਹਿੰਦੇ, ਫਿਕਰ ਹੀ ਨਾ ਕਰੋ, ਵਿਸ਼ਨੂੰ ਭਗਵਾਨ ਜੀ ਸਭ ਕੁਛ ਜਾਣਦੇ ਨੇ। ਆਪੇ ਮੇਰੀ ਰਾਖੀ ਕਰਨਗੇ। ਉਸ ਵੇਲੇ ਜਿਹੜਾ ਲੜਕਾ ਸੀ ਤਰਖਾਣ ਦਾ, ਇਹਨੇ ਕਿਹਾ ਕਿ ਮਰਨਾ ਤਾਂ ਮੈਂ ਫੇਰ ਵੀ ਹੈ, ਜਲਾਲਤ ਦੇ ਨਾਲ ਮਰਾਂਗਾ। ਕਿਉਂ ਨਾ ਮੈਂ ਆਪੇ ਹੀ ਮਰ ਜਾਵਾਂ। ਛੱਤ ਨਾਲ ਰੱਸਾ ਬੰਨ੍ਹਿਆ, ਜਦੋਂ ਗਲ 'ਚ ਪਾਉਣ ਲੱਗਿਆ, ਵਿਸ਼ਨੂੰ ਭਗਵਾਨ ਪ੍ਰਗਟ ਹੋ ਗਏ। ਕਹਿੰਦੇ, ਕਿਉਂ ਹੁਣ ਕਿਉਂ ਮਰਦਾ ਹੈਂ, ਰੂਪ ਮੇਰਾ ਬਣਾਇਆ ਹੈ। ਕਹਿੰਦੇ, ਤੂੰ ਤਾਂ ਮਰ ਜਾਏਂਗਾ, ਮੇਰੀ ਬਦਨਾਮੀ ਹੋਏਗੀ ਸਾਰੇ ਤੇ ਜਾਹ ਤੈਨੂੰ ਮੈਂ ਸ਼ਕਤੀ ਦਿੰਦਾ ਹਾਂ। ਇੱਕ ਗਰੁੜ ਦਿੰਦਾ ਹਾਂ, ਇਹਦੇ 'ਤੇ ਚੜ੍ਹ ਕੇ ਤੂੰ ਲੜਾਈ ਕਰ। ਐਨਾ ਕਹਿ ਕੇ ਗਾਇਬ ਹੋ ਗਏ। ਰਾਜਾ ਆਇਆ, ਕਹਿਣ ਲੱਗਿਆ ਕਿ ਮਹਾਰਾਜ! ਹੁਣ ਤਾਂ ਦੀਵਾਰਾਂ ਤੋੜਨ ਲੱਗੇ ਨੇ। ਕਹਿੰਦੇ, ਫਿਕਰ ਹੀ ਨਾ ਕਰੋ ਮੈਂ ਹੁਣੇ ਹੀ ਜਾਂਦਾ ਹਾਂ। ਗਰੁੜ ਦਿੱਤਾ ਸੀ, ਨਾਲ ਸ਼ਸਤਰ ਦਿੱਤਾ ਹੋਇਆ ਸੀ, ਉਹ ਚਲਿਆ ਗਿਆ। ਜਿਧਰ ਨੂੰ ਜਾਵੇ ਫੌਜਾਂ ਨੱਠ ਜਾਣ, ਜਿੱਧਰ ਨੂੰ ਜਾਵੇ ਫੌਜਾਂ ਨੱਠ ਜਾਣ। ਰਾਜੇ ਨੇ ਕਿਹਾ ਕਿ ਇਹ ਤਾਂ ਸੱਚੀਂ ਵਿਸ਼ਨੂੰ ਜੀ ਆ ਗਏ।

ਸੋ ਸਧਨਾ ਕਹਿਣ ਲੱਗਿਆ ਕਿ ਹੇ ਪ੍ਰਭੂ! ਤੂੰ ਤਾਂ ਐਨਾ ਦਿਆਲੂ ਹੈਂ ਕਿ ਭੇਖਧਾਰੀ ਦੀ ਵੀ ਰੱਖਿਆ ਕਰੀ, ਤੂੰ ਮੇਰੀ ਵੀ ਕਰ। ਇੱਟਾਂ ਚਿਣੀਆਂ ਜਾ ਰਹੀਆਂ ਨੇ, ਫੇਰ ਕੀ ਹੋਏਗਾ? ਆਵਾਜ਼ ਆਈ, ਕਹਿੰਦੇ ਸਧਨਿਆਂ! ਪਿਆਰਿਆ! ਇਹ ਤਾਂ ਕਰਮ ਨੇ ਤੂੰ ਦੋਸ਼ ਨਾ ਦੇ, ਇਹ ਤਾਂ ਤੇਰੇ ਹੀ ਕਰਮ ਨੇ, ਤੈਨੂੰ ਹੀ ਭੋਗਣੇ ਪੈਣੇ ਨੇ।

ਧਾਰਨਾ – ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ
ਦੋਸ਼ ਤੇਰੇ ਕਰਮਾਂ ਦਾ।

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥

ਅੰਗ – ੪੩੩

ਹੇ ਪ੍ਰਭੂ! ਐਸਾ ਕਿਹੜਾ ਕਰਮ ਹੈ। ਕਹਿਣ ਲੱਗੇ ਕਿ ਤੂੰ ਪਿਛਲੇ ਜਨਮ ਦਾ ਕਰਮ ਕੀਤਾ ਸੀ, ਦੱਸ ਦਿੰਦੇ ਹਾਂ ਤੈਨੂੰ। ਦੇਖ ਕੇ ਖੋਲ੍ਹ ਕੇ ਦਿਬਯ ਦ੍ਰਿਸ਼ਟ ਦੇਖ। ਕੀ ਦੇਖਦਾ ਹੈ ਪਿਛਲੇ ਜਨਮ ਦੇ ਅੰਦਰ ਮੋਨੀ ਸੰਤ ਸੀ, ਬੋਲਦਾ ਨਹੀਂ ਸੀ ਹੁੰਦਾ। ਤਪ ਕਰ ਰਿਹਾ ਹੈ, ਕਸਾਈ ਗਊ ਲਈਂ ਜਾ ਰਿਹਾ ਸੀ, ਗਊ ਛੁਟ ਕੇ ਨੱਠ ਆਈ ਸੀ, ਇਹਦੇ ਪਿੱਛੇ ਡੂੰਘਾ ਥਾਂ ਸੀ ਉਥੇ ਆ ਕੇ ਛੁਪ ਗਈ। ਕਸਾਈ ਨੇ ਆ ਕੇ ਪੁੱਛਿਆ ਕਿ ਭਗਤ ਜੀ! ਇੱਥੇ ਗਊ ਆਈ ਹੈ। ਦੇਖ ਲਿਆ ਕਿ ਛੁਰਾ ਵੀ ਇਹਦੇ ਹੱਥ ਵਿੱਚ ਹੈ, ਮਾਰਨ ਲੱਗਿਆ ਹੈ ਗਊ ਨੂੰ। ਉਸ ਵੇਲੇ ਬਿਨਾਂ ਵਿਚਾਰੇ ਹੀ ਦੋਵੇਂ ਹੱਥ ਬੰਨ੍ਹ ਕੇ ਪਿੱਛੇ ਵਲ ਨੂੰ ਇਸ਼ਾਰਾ ਕਰ ਦਿੱਤਾ ਕਿਉਂਕਿ ਬੋਲਣਾ ਤਾਂ ਹੈ ਨਹੀਂ ਸੀ। ਕਸਾਈ ਨੇ ਗਊ ਫੜੀ ਤੇ ਫੜ ਕੇ ਜਾ ਕੇ ਮਾਰ ਦਿੱਤੀ।

ਉਧਰਲੇ ਪਾਸੇ ਸ਼ੇਰ ਆਇਆ ਸ਼ੇਰ ਨੇ ਆ ਕੇ ਕਸਾਈ ਮਾਰ ਦਿੱਤਾ। ਉਹ ਮਰਿਆ ਪਿਆ, ਤੇ ਉਹ ਵੀ ਤੇ ਉਪਰਲੇ ਪਾਸੇ ਮਹਾਂਪੁਰਸ਼ਾਂ ਦਾ ਆਸ਼ਰਮ ਹੈ, ਕੁਟੀਆ ਹੈ, ਉਥੇ ਸਾਧੂ ਇਸ਼ਨਾਨ ਕਰਦੇ ਨੇ। ਇੱਕ ਕੁੰਡ ਭਰਿਆ ਪਿਆ ਹੈ, ਉਹ ਗੰਗਾ ਦੇ ਕਿਨਾਰੇ ਹੈ, ਗੰਗਾ ਦੇ ਵਿੱਚ ਬਰਸਾਤ ਹੋਈ, ਉਛਲੀ ਗੰਗਾ ਤੇ ਉਹ ਪਾਣੀ ਨਾਲ ਰਲਾ ਕੇ ਜਿੱਥੇ ਇਹ ਦੋਵੇਂ ਪਏ ਸੀ, ਇਨ੍ਹਾਂ ਦੇ ਉਤੋਂ ਦੀ ਲੰਘਾ ਦਿੱਤਾ ਪਾਣੀ। ਸੰਤਾਂ ਦੀ ਧੂੜੀ ਤੇ ਸੰਤਾਂ ਦੇ ਇਸ਼ਨਾਨ ਦੇ ਪਾਣੀ ਦਾ ਫਲ ਇਹ ਹੋਇਆ ਕਿ ਦੋਹਾਂ ਨੂੰ ਮਨੁੱਖ ਜਾਮਾ ਮਿਲ ਗਿਆ। ਕਹਿਣ ਲੱਗਿਆ, ਸਧਨਿਆ! ਇਹ ਜਿਹੜੀ ਔਰਤ ਸੀ ਤੇਰੇ ਪਿੱਛੇ ਪਈ ਇਹ ਓਹੀ ਗਊ ਹੈ। ਉਹ ਜਿਹੜਾ ਕਸਾਈ ਹੈ ਉਹ ਇਹਦਾ ਪਤੀ ਹੈ ਤੇ ਤੂੰ ਉਹੀ ਸਾਧੂ ਹੈਂ, ਹੁਣ ਵੀ ਸਾਧੂ ਹੈਂ। ਕਰਮ ਨੇ ਤੁਹਾਨੂੰ ਤਿੰਨਾਂ ਨੂੰ ਇਕੱਠਾ ਕਰ ਦਿੱਤਾ। ਹੁਣ ਕਰਮ ਆਪਣੇ action ਵਿੱਚ ਆ ਗਿਆ ਪਿਆਰਿਆ! ਹੁਣ ਤਾਂ ਪਿਆਰਿਆ ਭੋਗਣਾ ਹੀ ਪੈਣਾ ਹੈ। ਕਰਮ ਦਾ ਫਲ ਇਹ ਹੈ ਕਿ ਬੁਨਿਆਦ ਦੇ ਵਿੱਚ ਚਿਣਿਆ ਜਾ ਰਿਹਾ ਹੈਂ। ਕਹਿਣ ਲੱਗਿਆ, ਹੇ ਪ੍ਰਭੂ! ਜੇ ਸ਼ੇਰ ਦੀ ਸ਼ਰਨ ਵਿੱਚ ਚਲਿਆ ਜਾਵੇ ਕੋਈ ਬੰਦਾ ਤੇ ਗਿੱਦੜ ਆ ਕੇ ਉਹਨੂੰ ਡਰਾਉਣ, ਫੇਰ ਤਾਂ ਗੱਲ ਚੰਗੀ ਨਹੀਂ ਨਾ ਹੈ।

ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥

ਅੰਗ – ੮੫੮

ਫੇਰ ਤੇਰੀ ਸ਼ਰਨ ਵਿੱਚ ਆਉਣ ਦਾ ਕੀ ਫਾਇਦਾ ਹੋਇਆ। ਤੇਰੀ ਸ਼ਰਨ ਵਿੱਚ ਆ ਕੇ ਫੇਰ ਵੀ ਗਿੱਦੜਾਂ ਤੋਂ ਡਰ ਹੈ। ਕਰਮ

ਫੇਰ ਵੀ ਭੋਗਣਾ ਪੈਣਾ ਹੈ। ਆਵਾਜ਼ ਨਹੀਂ ਕੋਈ ਆਈ ਤੇ ਇਧਰਲੇ ਪਾਸੇ ਜਿਹੜੀ ਬੁਨਿਆਦ ਸੀ ਗੋਡਿਆਂ ਤੋਂ ਉਤੇ ਚਿਣੀ ਗਈ। ਫੇਰ ਬੇਨਤੀਆਂ ਕਰਦਾ ਹੈ ਕਹਿੰਦੇ ਸਧਨਿਆਂ! ਕੁਛ ਦਮ ਰੱਖ, ਕੋਈ ਸਬਰ 'ਚ ਆ। ਕੋਈ ਗੱਲ ਨਹੀਂ। ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਮੇਰੇ ਤਾਂ ਪ੍ਰਾਣ ਨਿਕਲਣ ਨੂੰ ਤਿਆਰ ਹੋ ਰਹੇ ਨੇ। ਲੱਕ ਤੱਕ ਮੇਰੇ ਦੀਵਾਰ ਆ ਗਈ ਹੈ, ਹੋਰ ਦੋ ਇੱਟਾਂ ਲਗਣੀਆਂ ਨੇ ਤੇ ਮੇਰਾ ਪੇਟ ਘੁੱਟਿਆ ਜਾਣਾ ਹੈ, ਸਾਹ ਮੈਂ ਕਿਵੇਂ ਲਵਾਂਗਾ। ਫੇਰ ਕੀ ਕਰੇਂਗਾ? ਇੱਕ ਬੂੰਦ ਵਾਸਤੇ ਇੱਕ ਪਪੀਹਾ ਪ੍ਰਿਹੁ-ਪ੍ਰਿਹੁ ਕਰਦਾ ਮਰ ਗਿਆ, ਮਰਨ ਤੋਂ ਬਾਅਦ ਚਾਹੇ ਉਹਨੂੰ ਸਮੁੰਦਰ ਮਿਲ ਜਾਏ, ਫੇਰ ਉਹਦੇ ਕਿਹੜੇ ਕੰਮ ਆਏਗਾ। ਐਸਾ ਤਰ੍ਹਾਂ ਦੇ ਨਾਲ ਪੜ੍ਹ ਲਓ -

ਧਾਰਨਾ - ਪ੍ਰਾਣਾਂ ਗਿਆਂ 'ਤੇ ਜੇ ਸਾਗਰ ਮਿਲ ਜਾਏ,
ਫੇਰ ਕਿਹੜੇ ਕੰਮ ਆਵਣਾ।
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥ ੨ ॥

ਅੰਗ - ੮੫੮

ਕਹਿੰਦੇ ਜੇ ਪ੍ਰਾਣ ਗਏ ਤੇ ਸਾਗਰ ਮਿਲ ਗਿਆ, ਫੇਰ ਕੀ ਕੰਮ ਆਏਗਾ?

ਐਨੇ ਨੂੰ ਇੱਟਾਂ ਫੇਰ ਲੱਗ ਗਈਆਂ, ਇਸ ਤਰ੍ਹਾਂ ਨਾਲ ਫੁਰਮਾਨ ਕਰਦਾ ਹੈ -

ਧਾਰਨਾ - ਕਹੁ ਕਾਹੇ ਚਢਾਵਉ ਜੀ,
ਬੂਢਿ ਮੂਏ ਨਉਕਾ ਮਿਲੈ।
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥ ਅੰਗ - ੮੫੮

ਕਹਿਣ ਲੱਗੇ, ਹੇ ਪ੍ਰਭੂ! ਪ੍ਰਾਣ ਤਾਂ ਮੇਰੇ ਨਿਕਲਣ ਵਾਲੇ ਹੋ ਰਹੇ ਨੇ। ਉਹ ਥਿਰ ਨਹੀਂ ਹੈਗੇ, ਤੁਸੀਂ ਕਹਿੰਦੇ ਓਂ ਕਿ ਤੇਰੀ ਰਾਖੀ ਕਰਾਂਗਾ। ਜੇ ਡੁੱਬ ਕੇ ਮਰ ਗਿਆ, ਫੇਰ ਕਿਸ਼ਤੀ ਲਈਂ ਫਿਰਿਓ ਤੇ ਕਿਹਨੂੰ ਤੂੰ ਚੜ੍ਹਾਏਂਗਾ। ਆਵਾਜ਼ ਆਈ ਸਧਨਿਆ! ਇਹ ਤਾਂ ਸ਼ਰਾਕਤ ਵਾਲੀਆਂ ਗੱਲਾਂ ਤੂੰ ਕਰਨ ਲੱਗ ਗਿਆ, ਭਗਤਾਂ ਵਾਲੀਆਂ ਗੱਲਾਂ ਨਹੀਂ। ਉਸ ਵੇਲੇ ਸੋਝੀ ਪਈ। ਕਹਿਣ ਲੱਗਿਆ, ਹੇ ਪ੍ਰਭੂ! ਮੇਰੇ ਤੋਂ ਬੜੀ ਭਾਰੀ ਭੁੱਲ ਹੋ ਗਈ। ਕ੍ਰਿਪਾ ਕਰੋ, ਹੁਣ ਤਾਂ ਮੈਂ ਤੇਰਾ ਹਾਂ, ਤੂੰ ਆਪਣਾ ਜਾਣ ਕੇ ਮੇਰੀ ਰਾਖੀ ਕਰ ਲੈ।

ਧਾਰਨਾ - ਵਾਹਿਗੁਰੂ! ਅਉਸਰੁ ਮੇਰੀ ਰੱਖ ਲੱਜਿਆ
ਪਿਆਰੇ! ਮੈਂ ਸਧਨਾ ਜਨ ਤੇਰਾ।
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ਅੰਗ - ੮੫੮

ਜਦ ਨਿਮਰਤਾ ਦੇ ਨਾਲ ਬੇਨਤੀ ਕੀਤੀ, ਕੀ ਦੇਖਦਾ ਹੈ ਕਿ ਸਾਮ੍ਹਣੇ ਬਹੁਤ ਵੱਡਾ ਪ੍ਰਕਾਸ਼ ਹੋਇਆ। ਹੁਕਮ ਹੋ ਗਿਆ ਤੇ ਕਿਲ੍ਹੇ ਦੀ ਦੀਵਾਰ ਜਿਹੜੀ ਚਿਣੀ ਜਾ ਰਹੀ ਸੀ, ਉਹ ਸਾਰੀ ਹੀ ਦੀਵਾਰ ਸੁੱਟ ਦਿੱਤੀ। ਜਿਹੜੇ ਦੋਖੀ ਖੜ੍ਹੇ ਸੀ, ਸਾਰੇ ਹੀ ਥੱਲੇ ਆ ਕੇ ਮਰ ਗਏ। ਰਾਜਾ ਬੇਨਤੀਆਂ ਕਰਦਾ ਹੈ, ਉਸੇ ਵੇਲੇ ਉਹ ਜਿਹੜੀ ਬੀਬੀ ਸੀ ਦੌੜੀ ਆਉਂਦੀ ਹੈ, ਪਾਗਲ ਹੋਈ-ਹੋਈ ਹੈ, ਕਹਿੰਦੀ ਮਾਰੋ ਨਾ ਇਹਨੂੰ ਮਾਰੋ ਨਾ, ਮੈਂ ਹੀ ਆਪਣੇ ਪਤੀ ਨੂੰ ਮਾਰਿਆ ਹੈ। ਲੱਜਾ ਰਹਿ ਗਈ। ਕਿਉਂਕਿ -

ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ ॥ ਅੰਗ - ੪੫੧

ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆ ਗਏ,
ਬੰਨ੍ਹੇ ਹੋਏ ਸੱਚੇ ਪਿਆਰ ਦੇ।
ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥

ਅੰਗ - ੪੦੩

ਰਾਜਾ ਚਰਨਾਂ 'ਤੇ ਢਹਿ ਪਿਆ ਕਿ ਭਗਤ ਜੀ! ਮੈਂ ਬੜਾ ਬੁਰਾ ਕੰਮ ਕਰਿਆ। ਤੁਹਾਨੂੰ ਤਕਲੀਫ ਦਿੱਤੀ ਤੇ ਇਸ ਔਰਤ ਨੂੰ ਮੈਂ ਕੁੱਤਿਆਂ ਤੋਂ ਪੜਵਾਵਾਂਗਾ। ਕਹਿੰਦੇ, ਨਾ ਇਹਦਾ ਕੋਈ ਕਸੂਰ ਨਹੀਂ ਹੈ। ਇਹ ਕਰਮਾਂ ਦੀ ਬੰਨ੍ਹੀ ਹੋਈ ਨੇ ਇਸ ਤਰ੍ਹਾਂ ਕੀਤਾ ਸੀ। ਮੈਨੂੰ ਕੋਈ ਦਵੈਸ਼ ਨਹੀਂ ਇਹਦੇ ਨਾਲ ਤੇ ਇਹਨੂੰ ਵੀ ਕੁਛ ਨਾ ਕਹੋ।

ਸੋ ਇਸ ਤਰ੍ਹਾਂ ਦੇ ਨਾਲ ਕਿੱਡੀ ਭਗਤੀ ਕੀਤੀ, ਇੱਕ ਕਸਾਈ ਨੇ ਕਿ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਗੁਰੂ ਰੂਪ ਹੋ ਕੇ ਬੈਠੇ ਨੇ। ਇੱਕੋ ਹੀ ਸ਼ਬਦ ਹੈ ਇਨ੍ਹਾ ਦਾ। ਜਿੰਨੇ ਵੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਏ ਨੇ ਇਹ ਸਤਿਗੁਰੂ ਸਰੂਪ ਨੇ ਸਾਰੇ। ਕਿਸ ਅਵਸਥਾ ਤੋਂ, ਕਿਹੜੀ ਥਾਂ ਤੋਂ ਉੱਠੇ, ਕਿੱਥੇ ਜਾ ਕੇ ਪਹੁੰਚੇ, ਨਾਮ ਜਪਿਆ, ਮਹਾਰਾਜ ਕਹਿੰਦੇ ਪਿਆਰਿਓ! ਤੁਸੀਂ ਵੀ ਨਾਮ ਜਪ ਲਓ, ਅਜੇ ਸਮਾਂ ਹੈ। ਕਾਲ ਦਾ ਕੋਈ ਪਤਾ ਨਹੀਂ ਕਿਹੜੇ ਵੇਲੇ ਆ ਕੇ ਝਪਟਾ ਮਾਰੇ। ਮਾਨਸ ਜਨਮ ਮਿਲਿਆ ਹੈ ਐਵੇਂ ਹੀ ਨਿਕਲ ਜਾਏਗਾ। ਸਾਨੂੰ ਬਾਰ-ਬਾਰ ਇਸ ਤਰ੍ਹਾਂ ਦੇ ਨਾਲ ਤਾਕੀਦ ਕਰਦੇ ਨੇ ਪੜ੍ਹੋ ਪਿਆਰ ਨਾ -

ਧਾਰਨਾ - ਦੇਖੀਂ, ਵਾਰੀ ਨਾ ਗਵਾ ਲਈਂ,
ਤੇਰਾ ਜਨਮ ਅਮੋਲ ਹੈ।
ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥

ਅੰਗ - ੧੭੬

ਸੋ ਇਸ ਤਰ੍ਹਾਂ ਧਿਆਨ ਰੱਖੋ ਭਾਈ! ਜੇ ਸਧਨਾ ਕਸਾਈ ਲੰਘ ਸਕਦਾ ਹੈ, ਤੁਸੀਂ ਤਾਂ ਕਿਰਤ ਕਰਨ ਵਾਲੇ ਬੰਦੇ ਓਂ। ਨਾ ਐਨੇ ਜਾਨਵਰ ਮਾਰੇ ਨੇ, ਉਹਦੇ ਉਤੇ ਦਇਆ ਹੋ ਸਕਦੀ ਹੈ ਸਾਧੂਆਂ ਨਾਲ ਮਿਲ ਕੇ, ਸਾਡੇ ਉਤੇ ਵੀ ਕ੍ਰਿਪਾ ਹੋ ਸਕਦੀ ਹੈ। *****ਮੈਂ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

(--------)

ਭਾਈ ਭਗੀਰਥ ਜੀ ਨੂੰ ਬ੍ਰਹਮੁ ਗਿਆਨ ਦਾ ਉਪਦੇਸ਼

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-28)

ਗੁਰੂ ਦੀ ਕ੍ਰਿਪਾ ਨਾਲ ਐਹੋ ਜਿਹੀ ਮਤ ਆਈ ਤਾਂ ਇਹ ਕਾਮਨਿ ਜੀਵ ਜਿਹੜਾ ਸੀ ਵਾਹਿਗੁਰੂ ਦੇ ਮਨ 'ਤੇ ਭਾਇਆ -

ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥
ਸਦ ਹੀ ਸੇਜੈ ਰਵੈ ਭਤਾਰੁ ॥ ਅੰਗ - ੩੫੭

ਜੇ ਸ਼ਿੰਗਾਰ ਕਰਨਾ ਹੈ ਭੈ ਤੇ ਭਾਵ ਦਾ, ਫੇਰ ਵਿਛੋੜਾ ਨਹੀਂ ਹੁੰਦਾ ਉਸਦਾ। ਮਹਾਰਾਜ ਕਹਿੰਦੇ, ਦੇਖ ਪ੍ਰੇਮੀਆਂ! ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਨਣਾ ਹੈ। ਕਦੇ ਨਹੀਂ ਕਹਿਣਾ ਕਿ ਉਹ ਹੈ ਨਹੀਂ ਤੇ ਜਦੋਂ ਹਾਜ਼ਰ ਨਾਜ਼ਰ ਜਾਣੇਂਗਾ, ਉਹ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਤੂੰ ਉਹਦੀ ਹਜ਼ੂਰੀ 'ਚ ਚਲਿਆ ਜਾਏਂਗਾ। ਫੇਰ ਉਥੇ ਭੈ ਦਾ ਸ਼ਿੰਗਾਰ ਕਰੀਂ। ਨਿਰਮਲ ਭਉ ਹੁੰਦਾ ਹੈ, ਐਹੋ ਜਿਹਾ ਭੈ ਨਹੀਂ ਹੈ ਜਿਵੇਂ ਸੱਪ ਤੋਂ ਡਰ ਹੁੰਦਾ ਹੈ। ਪਿਆਰ ਵਾਲੀ ਭੈ ਦਾ ਹੈ, ਕਿਤੇ ਗਲਤ ਗੱਲ ਨਾ ਮੇਰੇ ਤੋਂ ਹੋ ਜਾਵੇ। ਸੋ ਭੈ ਦਾ ਤੇ ਪਿਆਰ ਦਾ ਸ਼ਿੰਗਾਰ ਕਰੀਂ। ਉਹਦੇ ਨਾਲ ਤੇਰੀ 'ਨਾਮ' ਦੀ ਬਿਰਤੀ ਉਚੀ ਹੁੰਦੀ ਜਾਏਗੀ। ਸੋ ਇਸ ਤਰ੍ਹਾਂ ਦੇ ਨਾਲ 'ਨਾਮ' ਦੀ ਦਾਤ ਦੇ ਦਿੱਤੀ। ਖੀਵਾ ਹੋ ਗਿਆ ਉਸੇ ਵੇਲੇ, ਨਾਮ ਦਾ ਰਸ ਆ ਗਿਆ, ਤਾਂਤਰਿਕ ਮਾਰਗ ਤੋਂ ਹਟ ਗਿਆ। ਗੁਰਮਤਿ ਦ੍ਰਿੜ੍ਹ ਹੋ ਗਈ। ਨਾਮ ਵਿੱਚ ਟਿਕ ਗਿਆ, ਮਨ ਧਾਵਣ ਤੋਂ ਰੁਕ ਗਿਆ। ਪਹਿਲਾਂ ਜਿਹੜੀ ਰੁਚੀ ਸੀ, ਇਕਾਗਰਤਾ ਤਾਂ ਆ ਗਈ ਸੀ, ਤ੍ਰਾਟਕ ਦੇ ਵਿੱਚ ਪਰ ਰਸ ਨਹੀਂ ਸੀ ਆਉਂਦਾ। ਤ੍ਰਾਟਕ 'ਚ ਰਸ ਹੈ ਨਹੀਂ। frustration ਹੈ ਕ੍ਰੋਧ ਆਉਂਦਾ ਹੈ। ਜਿਹੜਾ ਨਾਮ ਹੈ, ਪਿਆਰ ਹੈ ਇਹ ਰਸ ਨਾਲ ਭਰਿਆ ਪਿਆ ਹੈ। ਸੋ ਉਹਦੇ ਵਿਚੋਂ ਭੋਗ ਪੈਦਾ ਹੁੰਦੇ ਨੇ, ਭੋਗਾਂ ਦੀਆਂ ਰੁਚੀਆਂ ਜਾਗਦੀਆਂ ਨੇ ਤੇ ਭੋਗਾਂ ਦੀ ਜਿਹੜੀ ਰੁਚੀ ਹੈ ਇਹ ਆਦਮੀ ਦੇ ਮਨ ਨੂੰ ਕਮਜ਼ੋਰ ਕਰ ਦਿੰਦੀ ਹੈ ਤੇ ਜਦੋਂ ਮਨ ਤੇ ਤਨ ਦੀ ਸ਼ਕਤੀ ਖਰਚ ਆਉਂਦੀ ਹੈ, ਜਦੋਂ ਸ਼ਕਤੀ ਖਰਚ ਹੋ ਗਈ ਤਾਂ ਮਹਾਰਾਜ ਕਹਿੰਦੇ-

ਖਸਮੁ ਵਿਸਾਰਿ ਕੀਏ ਰਸ ਭੋਗ ॥
ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - ੧੨੫੬

ਜਦੋਂ ਵਾਹਿਗੁਰੂ ਨੂੰ ਅਸੀਂ ਭੁੱਲ ਕੇ ਭੋਗਾਂ ਦੇ ਵਿੱਚ ਪ੍ਰਵਿਰਤ ਹੋ ਗਏ, ਭੋਗ ਅੱਜ ਤੱਕ ਕਿਸੇ ਨੇ ਨਹੀਂ ਭੋਗਿਆ। ਭੋਗ ਨੇ ਆਦਮੀ ਨੂੰ ਭੋਗ ਲਿਆ। ਸ਼ਰਾਬ ਨਹੀਂ ਮੁੱਕਦੀ ਹੈ, ਸ਼ਰਾਬ ਆਦਮੀ ਨੂੰ ਭੋਗ ਜਾਂਦੀ ਹੈ, ਫੇਫੜੇ ਕਮਜ਼ੋਰ, ਦਿਲ ਕਮਜ਼ੋਰ, ਦਿਮਾਗ ਦੇ ਵਿਚੋਂ ਸੋਚਣ ਸ਼ਕਤੀ ਖਤਮ, ਇਹਨੇ ਸ਼ਰਾਬ ਤਾਂ ਨਾ ਭੋਗੀ। ਕੋਈ ਵੀ ਵਿਸ਼ਾ ਲੈ ਲਓ ਸੰਸਾਰ ਦਾ ਉਹ ਆਦਮੀ ਨੂੰ ਭੋਗ ਜਾਂਦਾ ਹੈ।

ਭਰਥਰੀ ਹਰੀ ਕਹਿੰਦੇ ਨੇ ਕਿ ਹੈਰਾਨੀ ਦੀ ਗੱਲ ਹੈ ਕਿ ਸਾਨੂੰ ਇਹ ਲਗਦਾ ਹੈ ਅਸੀਂ ਭੋਗ ਭੋਗ ਰਹੇ ਹਾਂ, ਸੋਹਣੇ ਖਾਣੇ ਖਾ ਰਹੇ ਹਾਂ ਪਰ ਖਾਣੇ ਸਾਨੂੰ ਖਾ ਰਹੇ ਨੇ। ਮਹਾਰਾਜ ਕਹਿੰਦੇ ਜਿੰਨੇ ਸੁਆਦੂ ਖਾਣੇ ਖਾਏਂਗਾ ਉਹ ਤੈਨੂੰ ਭੋਗ ਜਾਣਗੇ ਤੇ ਤੇਰਾ ਸਰੀਰ ਰੋਗੀ ਹੋ ਜਾਏਗਾ। ਸੋ ਇਸ ਤਰ੍ਹਾਂ ਦੇ ਨਾਲ ਸ਼ਕਤੀ ਖਤਮ ਹੋ ਜਾਂਦੀ ਹੈ, ਰੋਗ ਉਪਜਦੇ ਨੇ ਜਿਵੇਂ ਆਤਸ਼ਬਾਜ਼ੀ ਚਲਦੀ ਹੈ, ਐਸ ਤਰ੍ਹਾਂ ਦੇ ਨਾਲ ਸਰੀਰ ਦੀ ਜਿਹੜੀ ਐਨਰਜੀ ਹੈ ਖਤਮ ਹੋ ਜਾਂਦੀ ਹੈ ਤੇ ਫੇਰ ਭੋਗ ਦੇ ਸੰਸਕਾਰ ਮਨ ਨੂੰ ਮੈਲਾ ਕਰ ਦਿੰਦੇ ਨੇ। ਮਨ ਨਾਮ ਵਿੱਚ ਨਹੀਂ ਟਿਕਦਾ। ਭੋਗ ਦਾ ਜਦੋਂ ਅਭਿਆਸ ਵਧ ਜਾਂਦਾ ਹੈ ਫੇਰ ਭੋਗਾਂ ਦੀ ਰੁਚੀ ਉਨੀਂ ਜ਼ਿਆਦਾ ਵਧਦੀ ਤੁਰੀ ਜਾਂਦੀ ਹੈ। ਭੋਗ ਨੂੰ ਕਦੇ ਰੱਜ ਨਹੀਂ ਆਇਆ। ਕਿਸੇ ਨੂੰ ਰੱਜ ਨਹੀਂ ਆਉਂਦਾ ਐਸਾ ਫੁਰਮਾਨ ਹੈ -

ਧਾਰਨਾ - ਬਹੁ ਰੰਗ ਤਮਾਸ਼ੇ ਅੱਖੀਆਂ ਦੇਖ ਨਾ ਰੱਜੀਆਂ।

ਅਖੀ ਵੇਖਿ ਨ ਰਜੀਆ, ਬਹੁ ਰੰਗ ਤਮਾਸੇ॥
ਉਸਤਤਿ ਨਿੰਦਾ ਕੰਨਿ ਸੁਣਿ, ਰੋਵਣਿ ਤੈ ਹਾਸੇ॥
ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ॥
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ॥
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ॥
ਪੀਰ ਮੁਰੀਦਾ ਪਿਰਹੜੀ ਸਚੀ ਰਹਰਾਸੇ॥

ਭਾਈ ਗੁਰਦਾਸ ਜੀ, ਵਾਰ ੨੭/੯

ਅੱਜ ਤੱਕ ਸੰਸਾਰ ਦੇ ਅੰਦਰ ਭੋਗ ਭੋਗਦਾ ਹੋਇਆ ਕੋਈ ਬੰਦਾ ਨਹੀਂ ਰੱਜਿਆ। ਨਾ ਅੱਖਾਂ ਦੇਖ-ਦੇਖ ਰੱਜਦੀਆਂ ਨੇ, ਨਾ ਕੰਨ ਸੁਣ-ਸੁਣ ਰੱਜਦੇ ਨੇ ਨਾ ਜੀਭ ਸੁਆਦ ਲੈ ਲੈ ਰੱਜਦੀ ਹੈ, ਨਾ ਨੱਕ ਵਾਸ਼ਨਾ ਲੈ-ਲੈ ਰੱਜਦਾ ਹੈ ਤੇ ਜੀਉਣ ਦੀ ਜਿਹੜੀ ਵਾਸ਼ਨਾ ਹੈ, ਉਹ ਵੀ ਕੋਈ ਰੱਜ ਕੇ ਨਹੀਂ ਜੀਉਂਦਾ। ਦੋ ਸੌ ਸਾਲ ਦੀ ਉਮਰ ਹੋ ਗਈ ਕਹਿੰਦਾ ਥੋੜ੍ਹੀ ਹੀ ਹੋਈ ਹੈ। ਪੰਜ ਸੌ ਸਾਲ ਦੀ ਹੋ ਗਈ ਕਹਿੰਦਾ ਛੇਤੀ ਹੀ ਚੱਲਿਆ। ਸੋ ਸਾਰੇ ਜਿੰਨੇ ਵੀ ਗਿਆਨ ਇੰਦਰੇ ਨੇ ਕੋਈ ਵੀ ਨਹੀਂ ਰੱਜਦਾ, ਜਿਹੜਾ ਪਿਆਰ ਹੈ ਪੀਰਾਂ ਤੇ ਮੁਰੀਦਾਂ ਦਾ ਉਹੀ ਸੱਚਾ ਰਸਤਾ ਹੈ। ਸੋ ਇਸ ਤਰ੍ਹਾਂ ਭੋਗਾਂ ਦੀ ਰੁਚੀ ਖਤਮ ਹੋ ਗਈ। ਕਿਉਂਕਿ ਭੋਗ ਦੀ ਰੁਚੀ ਆਦਮੀ ਹਰ ਵਕਤ ਮੰਗਦਾ ਹੈ, ਕੋਈ ਦੁਨੀਆਂ ਦਾ ਬੰਦਾ ਨਹੀਂ ਐਸਾ ਜਿਹੜਾ ਪ੍ਰਮੇਸ਼ਰ ਤੋਂ ਪਿਆਰ ਮੰਗਦਾ ਹੋਵੇ ਜਾਂ ਉਹਦਾ ਦਰਸ਼ਨ ਮੰਗਦਾ ਹੋਵੇ, ਕੋਈ ਵਿਰਲੇ-ਵਿਰਲੇ ਨੇ, ਸਾਰੇ ਨਹੀਂ ਹੈਗੇ। ਲੋੜਾਂ ਵਾਸਤੇ, ਆਪਣੇ ਭੋਗਾਂ ਵਾਸਤੇ ਦਿਨ ਰਾਤ ਉਹਦੇ ਕੋਲ ਅਰਦਾਸਾਂ ਹੁੰਦੀਆਂ ਨੇ। ਇਹ ਮੁੱਕਿਆ ਨਹੀਂ ਕਰਦੇ, ਥੋੜ੍ਹਾ ਜਿਹਾ ਪੈਸਾ ਪਹਿਲਾਂ ਕਹਿੰਦਾ ਹੈ ਕਿ ਮੇਰੇ ਕੋਲ ਵੀਹ ਕੁ ਹਜ਼ਾਰ ਹੋ ਜਾਏ। ਹੋ ਗਿਆ, ਕਹਿੰਦਾ, ਵੀਹ ਲੱਖ ਹੋ ਜਾਏ, ਹੋ ਗਿਆ ਕਹਿੰਦਾ ਹੁਣ ਵੀਹ ਕਰੋੜ ਹੋ ਜਾਏ। ਫੇਰ ਅਗਾਹਾਂ ਹੀ ਵਧਦਾ ਤੁਰਿਆ ਜਾਂਦਾ ਹੈ।

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - ੨੧੩

ਸੋ ਵਾਸ਼ਨਾ ਦੇ ਅੰਦਰ, ਭੋਗਾਂ ਦੇ ਅੰਦਰ ਰੁਚੀ ਕਦੇ ਖਤਮ

ਨਹੀਂ ਹੋਇਆ ਕਰਦੀ।

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਅੰਗ – ੧

ਚਾਹੇ ਚੌਦਾਂ ਹੀ ਪੁਰੀਆਂ ਦੇ ਭਾਰ ਬੰਨ੍ਹ ਲੈ, ਤਾਂ ਵੀ ਜਿਹੜੀ ਭੋਗ ਦੀ ਰੁਚੀ ਹੈ ਉਹਦੀ ਭੁੱਖ ਕਦੇ ਉਤਰਿਆ ਨਹੀਂ ਕਰਦੀ। ਫੇਰ ਇਹ ਕਿੰਨੀ ਮਾੜੀ ਹੈ, ਜਦੋਂ ਆਦਮੀ ਸਰੀਰ ਛੱਡਦਾ ਹੈ ਉਸ ਵੇਲੇ ਇਹ ਰੁਚੀ ਬਹੁਤ ਤੰਗ ਕਰਦੀ ਹੈ। ਉਹ ਵਾਸ਼ਨਾ ਬਣਦੀ ਹੈ, ਵਾਸ਼ਨਾ ਦੇ ਨਾਲ ਅਸੀਂ ਜਨਮ ਮਰਨ 'ਚ ਆਉਂਦੇ ਹਾਂ। ਮਕਾਨ ਦੀ ਵਾਸ਼ਨਾ, ਮਕਾਨ-ਮਕਾਨ ਆਦਮੀ ਕਰੀ ਜਾਂਦਾ ਹੈ। ਹੋਏਗਾ ਕੀ, ਪ੍ਰੇਤ ਬਣ ਜਾਏਗਾ। ਪੈਸਾ-ਪੈਸਾ ਸਾਰੀ ਜ਼ਿੰਦਗੀ ਕਰੀ ਜਾਂਦਾ ਹੈ, ਮਰਨ ਤੋਂ ਬਾਅਦ ਸੱਪ ਦੀ ਜੂਨੀ 'ਚ ਪੈ ਜਾਂਦਾ ਹੈ। ਇਸਤ੍ਰੀਆਂ ਵਲ ਧਿਆਨ ਦਿੰਦਾ ਹੈ, ਮਰਨ ਤੋਂ ਬਾਅਦ ਵੇਸਵਾ ਬਣ ਜਾਂਦਾ ਹੈ। ਪੁੱਤਰਾਂ ਵਲ ਧਿਆਨ ਦਿੰਦਾ ਹੈ ਕਿ ਪੁੱਤਰ ਹੋਰ ਚਾਹੀਦੇ ਨੇ, ਹੋਇਆ ਨਹੀਂ ਹੈ, ਹੋਣਾ ਚਾਹੀਦਾ ਹੈ, ਮਰ ਗਿਆ ਪੁੱਤਰ ਨੂੰ ਯਾਦ ਕਰਦਾ, ਸੂਰ ਬਣ ਜਾਏਗਾ, ਬਾਰ੍ਹਾਂ-ਬਾਰ੍ਹਾਂ ਇਕੱਠੇ ਹੀ ਜੰਮਦੇ ਨੇ, ਜੇ ਪ੍ਰਮੇਸ਼ਰ ਵਲ ਰੁਚੀ ਹੋਵੇ ਮਹਾਰਾਜ ਕਹਿੰਦੇ –

ਅੰਤਿ ਕਾਲਿ ਨਾਰਾਇਣੁ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ
ਪੀਤੰਬਰੁ ਵਾ ਕੇ ਰਿਦੈ ਬਸੈ ॥ ਅੰਗ – ੫੨੬

ਵਾਹਿਗੁਰੂ ਦੇ ਹਿਰਦੇ 'ਚ ਵਸ ਜਾਂਦਾ ਹੈ ਤੇ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਭਾਈ ਭਗੀਰਥ ਬੰਦਗੀ ਕਰਦਾ ਹੈ, ਬਾਣੀ ਇਕੱਠੀ ਕਰ ਲਈ ਮਹਾਰਾਜ ਤੋਂ, ਉਹਦੀ ਵਿਚਾਰ ਕਰਦਾ ਹੈ, ਸਿਮਰਨ ਕਰਦਾ ਹੈ। ਜੋ ਗੁਰਬਾਣੀ ਹੈ ਇਹਦੀ ਵਿਚਾਰ ਨਾਮ ਵਲ ਲਾਉਂਦੀ ਹੈ। ਨਾਮ ਦੀ ਰੁਚੀ ਜਾਗਦੀ ਹੀ ਗੁਰਬਾਣੀ ਤੋਂ ਹੈ ਜੇ ਇਕੱਲਾ ਬੰਦਾ ਨਾਮ ਜਪੀ ਜਾਵੇ, ਫੇਰ ਥੋੜ੍ਹੀ ਦੇਰ ਤੋਂ ਬਾਅਦ ਜਿਵੇਂ ਇੰਦਨ ਮੁੱਕ ਜਾਂਦਾ ਹੈ, ਐਉਂ ਉਹਦੀ ਰੁਚੀ ਠੰਢੀ ਪੈ ਜਾਂਦੀ ਹੈ। ਜੇ ਬਾਣੀ ਨੂੰ ਨਾਲ ਰੱਖਦਾ ਹੈ ਤਾਂ ਰੋਜ਼ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰਦਾ ਹੈ ਕਿਉਂਕਿ ਵੀਚਾਰ ਆਈ ਜਾਂਦੀ ਹੈ ਇਰਾਦਾ ਬਣੀ ਜਾਂਦਾ ਹੈ। ਮੈਲ ਦੂਰ ਕਰਦਾ ਹੈ, ਮਨ ਦੇ ਅੰਦਰ ਪ੍ਰਕਾਸ਼ ਆਉਂਦਾ ਹੈ, ਜਦੋਂ ਗੁਰਮੁਖ ਦੀ ਸੇਵਾ ਕਰਦਾ ਹੈ ਉਸ ਵੇਲੇ ਜਿਹੜੀ ਹਉਮੈ ਆਦਮੀ ਦੇ ਅੰਦਰ ਹੈ, ਇਹ ਨਿਜ ਹਉਮੈ ਟੁੱਟਦੀ ਹੈ ਉਥੇ ਸੇਵਾ ਕਰਕੇ ਤੇ ਇਹਦੇ ਨਾਲ ਫੇਰ ਆਪਾ ਨਰੋਆ ਹੁੰਦਾ ਹੈ। ਬਾਣੀ ਨਾਮ ਦੀ ਕੀਮਤ ਦੱਸ ਕੇ, ਅੰਦਰ ਚਾਉ ਪੈਦਾ ਕਰਦੀ ਹੈ ਸਾਧਸੰਗਤ ਜੀ, ਕਿਉਂਕਿ ਬਾਣੀ ਬਾਰ-ਬਾਰ ਸਾਨੂੰ ਦਸਦੀ ਹੈ –

ਧਾਰਨਾ – ਇੱਛਾ ਹੋਣ ਸਭੇ ਤੇਰੀਆਂ ਪੂਰੀਆਂ
ਸਤਿਨਾਮ ਜਪ ਕੇ ਵਾਹਿਗੁਰੂ।

ਬਾਣੀ ਦਸਦੀ ਹੈ –

ਪ੍ਰਭ ਕੈ ਸਿਮਰਨਿ ਪੂਰਨ ਆਸਾ ॥ ਅੰਗ – ੨੬੩
ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਅੰਗ – ੨੬੨

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ – ੬੪੯

ਰੁਚੀ ਜਾਗਦੀ ਹੈ ਆਦਮੀ ਦੀ। ਸੋ ਬਾਣੀ ਨਾਮ ਵਲ ਪ੍ਰੇਰਨਾ ਕਰਦੀ ਹੈ। ਦਸਦੀ ਹੈ –

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ਅੰਗ– ੮੧

ਬਾਰ-ਬਾਰ ਸਾਨੂੰ ਦਸਦੀ ਹੈ ਨਾਮ ਦਾ ਧਨ ਤੇਰੇ ਨਾਲ ਜਾਣਾ ਹੈ, ਬਾਕੀ ਜਿੰਨਾਂ ਹੈ ਉਹ ਸਾਰਾ ਜਮਦੂਤ ਲੁੱਟ ਲੈਂਦੇ ਨੇ ਰਾਹ ਵਿੱਚ। ਸੋ ਜਿਹਦੇ ਕੋਲ ਨਾਮ ਦਾ ਧਨ ਹੈ ਉਹਨੂੰ ਇੱਥੇ ਵੀ ਸਾਰੇ ਸਤਿਕਾਰ ਦੀ ਨਿਗ੍ਹਾ ਨਾਲ ਦੇਖਦੇ ਨੇ ਤੇ ਜਦੋਂ ਦਰਗਾਹ 'ਚ ਜਾਂਦਾ ਹੈ, ਉਥੇ ਵੀ ਸਤਿਕਾਰ ਹੁੰਦਾ ਹੈ ਉਸਦਾ।

ਰੇ ਰੇ ਦਰਗਹ ਕਹੈ ਨ ਕੋਊ ॥
ਆਉ ਬੈਠੁ ਆਦਰੁ ਸੁਭ ਦੇਊ ॥ ਅੰਗ – ੨੫੨

ਜੇ ਆਦਰ ਮਿਲ ਜਾਵੇ, ਉਥੇ ਜਾ ਕੇ ਕਹੋ ਜੀ ਆਓ ਜੀ ਬੈਠੋ ਜੀ, ਧੰਨ ਹੈ। ਤੁਸੀਂ ਤਾਂ ਬਹੁਤ ਚੰਗਾ ਕੰਮ ਕਰਕੇ ਆਏ ਓਂ ਫੇਰ ਤਾਂ ਫਿਕਰ ਲਹਿ ਗਿਆ, ਡਰ ਲਹਿ ਗਿਆ ਸਾਰਾ ਹੀ। ਕਿਉਂਕਿ ਉਹੀ ਡਰ ਆਦਮੀ ਨੂੰ ਮਾਰ ਰਿਹਾ ਹੈ। ਕਿੱਥੇ ਭੇਜ ਦੇਵੇ ਵਾਹਿਗੁਰੂ। ਕੋਈ ਪਤਾ ਨਹੀਂ ਸਾਧਸੰਗਤ ਜੀ। ਜਿਹਦੇ ਪੱਲੇ ਨਾਮ ਹੈ –

ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥
ਤਜਿ ਅਭਿਮਾਨੁ ਲੇਹੁ ਮਨ ਮੋਲਿ ॥
ਰਾਮ ਨਾਮੁ ਹਿਰਦੇ ਮਹਿ ਤੋਲਿ ॥
ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥ ਅੰਗ – ੨੮੩

ਪਰ ਮਹਾਰਾਜ ਕਹਿੰਦੇ ਐਨੀਆਂ ਗੱਲਾਂ ਸੁਣਨ ਤੋਂ ਬਾਅਦ ਵੀ ਸੰਸਾਰ ਨੂੰ ਸੁਰਤ ਨਹੀਂ ਆਉਂਦੀ, ਬੇਸੁਰਤ ਹੋਇਆ ਪਿਆ ਹੈ ਕਿਉਂਕਿ ego ਦੀ ਸੁਰਤ ਵਿੱਚ, cosmic ਸੁਰਤ ਵਿਚ ਆਇਆ ਨਹੀਂ ਹੈ ਤੇ ਮਹਾਰਾਜ ਇਹਨੂੰ ਬਾਰ-ਬਾਰ ਤਾਗੀਦ ਕਰਕੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

ਧਾਰਨਾ – ਮਨ ਭੋਲਿਆ ਹਉਮੈ ਸੁਰਤਿ ਵਿਸਾਰ।

ਕਿਹੜੀਆਂ ਗੱਲਾਂ 'ਚ ਤੂੰ ਪੈ ਗਿਆ, ego ਦੀ ਸੁਰਤ ਹੈ ਤੈਨੂੰ, ਆਹ ਮੇਰਾ ਪੁੱਤਰ ਹੈ, ਆਹ ਮੇਰੀਆਂ ਧੀਆਂ, ਆਹ ਮੇਰੇ ਭਰਾ, ਆਹ ਮੇਰੀ ਜਾਇਦਾਦ, ਆਹ ਮੇਰਾ ਮਿੱਤਰ, ਆਹ ਮੇਰਾ ਦੁਸ਼ਮਣ; ਆਹ ਸਾਡੇ ਪਿੰਡ ਦਾ, ਆਹ ਸਾਡਾ ਭਾਈਚਾਰਾ, ਆਹ ਫਲਾਣਾ, ਆਹ ਧਿਮਕਾ; ਹਉਮੈ ਦੀ ਸੁਰਤ 'ਚ ਰਹਿੰਦਾ ਹੈ, ਕਦੇ ਨਹੀਂ ਕਹਿੰਦਾ ਕਿ ਆਹ ਮੇਰਾ ਵਾਹਿਗੁਰੂ ਹੈ। ਕੋਈ ਵੀ ਨਹੀਂ ਕਹਿੰਦਾ। ਮਹਾਰਾਜ ਕਹਿੰਦੇ, ਹੈਰਾਨੀ ਦੀ ਗੱਲ ਹੈ –

ਸੰਗਿ ਸਹਾਈ ਸੁ ਆਵੈ ਨ ਚੀਤਿ ॥
ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ – ੨੬੭

ਜਿਨ੍ਹਾਂ ਨੇ ਨੁਕਸਾਨ ਕਰਨਾ ਹੈ, ਦੁੱਖ ਦੇਣਾ ਹੈ ਉਨ੍ਹਾ ਨਾਲ ਤਾਂ ਪ੍ਰੀਤ ਪਾਈ ਹੋਈ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਈਰਖਾ, ਨਿੰਦਿਆ, ਚੁਗਲੀ ਵਖੀਲੀ, ਆਸਾ ਅੰਦੇਸ਼ਾ ਆਦਿ

ਔਗੁਣਾਂ ਨਾਲ ਤੇ ਜਿਹੜੇ ਵਾਹਿਗੁਰੂ ਨੇ ਸਦਾ ਹੀ ਨਾਲ ਰਹਿ ਕੇ ਇਸਨੂੰ ਸੁੱਖ ਦੇਣਾ ਹੈ, ਉਹਨੂੰ ਚਿੱਤ ਤੋਂ ਭੁਲਾਈ ਬੈਠਾ ਹੈ। ਕਿਉਂਕਿ ਹਉਮੈ ਦੀ ਸੁਰਤ ਹੈ, ਕਿਉਂਕਿ ਮਹਾਰਾਜ ਕਹਿੰਦੇ -

ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥ ***ਅੰਗ - ੨੮੩***

ਇਹ ਨਾਮ ਦਾ ਧਨ ਕੋਈ ਵਿਰਲਾ ਪੁਰਸ਼ ਹੈ ਜਿਹੜਾ ਇਕੱਠਾ ਕਰਦਾ ਹੈ। ਕਹਿੰਦੇ, ਸੌ ਵਾਰੀ ਬਲਿਹਾਰ ਜਾਂਦੇ ਹਾਂ ਅਸੀਂ ਉਸਦੇ ਜਿਹੜੇ ਨਾਮ ਦਾ ਧਨ ਇਕੱਠਾ ਕਰਦੇ ਨੇ। ਸੋ ਬਾਣੀ ਵਿਚੋਂ ਇਹ ਪ੍ਰੇਰਨਾ ਮਿਲਦੀ ਹੈ ਸਾਧਸੰਗਤ ਜੀ।

ਸੋ ਭਾਈ ਭਗੀਰਥ ਗੁਰੂ ਨਾਨਕ ਦੀ ਸੰਗਤ 'ਚ ਰਹਿ ਕੇ ਸੇਵਾ ਕਰਦਾ ਹੈ ਤੇ ਸੁਰਤ ਇਸਦੀ ਉੱਚੀ ਉਠਦੀ ਚਲੀ ਗਈ, ਦਿਨਾਂ 'ਚ ਹੀ, ਜਿਹੜਾ ਉਮਰਾਂ 'ਚ ਸਫਰ ਤਹਿ ਹੁੰਦਾ ਹੈ, ਕਿੰਨੇ ਜਨਮਾਂ 'ਚ ਉਹ ਸਫਰ ਇਹਨੇ ਕੁਛ ਸਮੇਂ ਵਿਚ ਹੀ ਤਹਿ ਕਰ ਲਿਆ। ਮਹਾਰਾਜ ਦੀ ਨਦਰ ਹੋ ਗਈ। ਉੱਚੇ ਪਦ 'ਤੇ ਪਹੁੰਚਾ ਦਿੱਤਾ।

ਅੱਜ ਗੁਰੂ ਨਾਨਕ ਪਾਤਸ਼ਾਹ ਬੈਠੇ ਨੇ, ਨਾਲ ਹੀ ਆ ਗਿਆ ਤੇ ਮੋਦੀ ਖਾਨੇ ਮਹਾਰਾਜ ਕੰਮ ਕਰਦੇ ਨੇ ਇਹ ਕੋਲ ਹੀ ਰਹਿੰਦਾ ਹੈ। ਪਿੰਡ ਨੇੜੇ ਹੈ, ਗਿਆ ਨਹੀਂ ਮੁੜ ਕੇ, ਇਕ ਸਕਿੰਟ ਵਾਸਤੇ ਮਹਾਰਾਜ ਤੋਂ ਵਿਛੜਨਾ ਨਹੀਂ ਚਾਹੁੰਦਾ। ਸੋ ਹਰ ਵਕਤ ਇਕ ਟੱਕ ਲਾ ਕੇ ਮਹਾਰਾਜ ਦੇ ਦਰਸ਼ਨ ਕਰਦਾ ਰਹਿੰਦਾ ਹੈ ਤੇ ਜੇ ਥੋੜ੍ਹੀ ਦੇਰ ਵਾਸਤੇ ਮਹਾਰਾਜ ਲਾਂਭੇ ਹੋ ਜਾਣ, ਦਿਲ ਵਿੱਚ ਹੌਲ ਪੈ ਜਾਂਦਾ ਹੈ ਇੱਕ ਸਕਿੰਟ ਵਾਸਤੇ ਵੀ ਨੇਤਰਾਂ ਤੋਂ ਲਾਂਭੇ ਨਹੀਂ ਕਰਨਾ ਚਾਹੁੰਦਾ। ਐਸੀ ਪ੍ਰੀਤ ਮਹਾਰਾਜ ਦੇ ਨਾਲ ਪੈ ਗਈ ਤੇ ਮਹਾਰਾਜ ਜੀ ਦੇ ਪਾਸ ਇੱਕ ਗਰੀਬ ਬੰਦਾ ਚੰਗੇ ਖਾਂਦੇ-ਪੀਂਦੇ ਪਰਿਵਾਰ ਨਾਲ ਸਬੰਧ ਰਖਦਾ ਹੋਇਆ, ਹਾਲਾਤ ਨੇ ਗਰੀਬ ਕਰ ਦਿੱਤਾ ਜਿਹਨੂੰ ਸਫੈਦ-ਪੋਸ਼ ਕਹਿੰਦੇ ਨੇ। ਮਹਾਰਾਜ ਦੇ ਪਾਸ ਆ ਕੇ ਬੇਨਤੀ ਕਰੀ ਕਿ ਪਾਤਸ਼ਾਹ! ਤੁਸੀ ਸਾਰਿਆਂ ਨੂੰ ਰੂਹਾਨੀ ਉਪਦੇਸ਼ ਦਿੰਦੇ ਓਂ, ਰੂਹਾਨੀਅਤ ਦੇ ਵਿੱਚ ਉਚੇ ਉਠਾਉਂਦੇ ਓਂ ਤੇ ਦੂਸਰੇ ਪਾਸੇ ਤੁਸੀਂ ਵਿਹਾਰ ਦੀ ਵੀ ਸੋਝੀ ਦਿੰਦੇ ਓਂ ਤੇ ਆਪ ਦੇ ਪਾਸ ਆਉਂਦੇ ਨੇ ਤੇ ਜਦੋਂ ਆਪ ਧੜੀਆਂ ਗਿਣਦੇ-ਗਿਣਦੇ ਤੇਰ੍ਹਾਂ 'ਤੇ ਪਹੁੰਚਦੇ ਓਂ। ਉਸ ਵੇਲੇ ਪਤਾ ਨਹੀਂ ਕਿੰਨੀਆਂ-ਕਿੰਨੀਆਂ ਧੜੀਆਂ ਭਰ ਕੇ ਤੇਰ੍ਹਾਂ ਦੀਆਂ ਪਾਈ ਜਾਂਦੇ ਓਂ। ਤੇਰਾ-ਤੇਰਾ-ਤੇਰਾ-ਤੇਰਾ ਆਹ ਸਮਾਧੀ ਲਗ ਜਾਂਦੀ ਹੈ। ਵਿਹਾਰ ਵੀ ਪੂਰਾ ਕਰਦੇ ਓਂ, ਦੀਨ-ਦੁਨੀਆਂ ਦੋਹਾਂ ਦੇ ਰਾਖੇ ਓਂ। ਪਾਤਸ਼ਾਹ! ਮੈਂ ਬੜੀ ਤਕਲੀਫ ਦੇ ਵਿੱਚ ਹਾਂ। ਸਫੈਦਪੋਸ਼ ਹਾਂ ਕਿਸੇ ਅੱਗੇ ਅੱਜ ਤੱਕ ਹੱਥ ਨਹੀਂ ਅੱਡਿਆਂ। ਲੜਕੀ ਵਿਆਹੁਣਯੋਗ ਹੋ ਗਈ, ਘਰ ਰੱਖੀ ਨਹੀਂ ਜਾ ਸਕਦੀ ਕਿਉਂਕਿ ਅੱਜ ਜ਼ਮਾਨਾ ਜੋ ਹੈ ਉਹ ਆਪਣਾ ਰਾਜ ਨਹੀਂ ਹੈ, ਗੁਲਾਮੀ ਦਾ ਜ਼ਮਾਨਾ ਗੁਜ਼ਰ ਰਿਹਾ ਹੈ ਤੇ ਬਾਹਰਲਿਆਂ ਦਾ, ਪਠਾਣਾਂ ਦਾ ਰਾਜ ਹੈ। ਜੁਆਨ ਲੜਕੀ ਨੂੰ ਰਹਿਣ ਨਹੀਂ ਦਿੰਦੇ ਤੇ ਛੋਟੀ ਉਮਰ 'ਚ ਵਿਆਹ ਦਿਓ ਤਾਂ ਆਪਣੇ ਘਰ ਚਲੀ ਜਾਂਦੀ ਹੈ। ਸੋ ਪਾਤਸ਼ਾਹ! ਮੈਂ ਦਿਨ ਰਾਤ ਇਸ ਚਿੰਤਾ ਵਿੱਚ ਰਹਿੰਦਾ ਹਾਂ, ਮੈਨੂੰ ਕੋਈ ਰਾਹ ਦੱਸੋ ਕ੍ਰਿਪਾ ਕਰੋ। ਮਹਾਰਾਜ ਨੇ ਦਰਦ ਭਰੀ ਅਪੀਲ ਸੁਣੀ ਕਹਿੰਦੇ ਪ੍ਰੇਮੀਆਂ! ਤੂੰ ਫਿਕਰ ਨਾ ਕਰ। ਤੂੰ ਐਉਂ ਦੱਸ ਤੈਨੂੰ ਚਾਹੀਦਾ ਕੀ ਹੈ, ਲਿਖਾ ਦੇ। ਉਸ ਵੇਲੇ ਸਾਰੀ ਜੋ ਸੌਜ-ਰਸਦ ਸੀ, ਕੱਪੜਾ ਲੀੜਾ, ਚੀਜ਼ ਚਾਹੀਦੀ ਸੀ ਉਹ ਸਾਰੀ ਲਿਖਾ ਦਿਤੀ, ਕਾਗਜ਼ ਦੇ ਉਤੇ, ਮਹਾਰਾਜ ਨੇ ਆਪਣੇ ਦਸਤੇ-ਏ-ਮੁਬਾਰਕ ਨਾਲ ਆਪ ਲਿਖੀ। ਕਹਿੰਦੇ, ਤੂੰ ਫਿਕਰ ਨਾ ਕਰ। ਦੋ ਚਾਰ ਦਿਨਾਂ ਦੇ ਅੰਦਰ ਸਾਰਾ ਕੰਮ ਬਣ ਜਾਏਗਾ। ਉਸ ਵੇਲੇ ਆਪ ਜੀ ਨੇ ਮਾਇਆ ਦਿੱਤੀ, ਭਾਈ ਭਗੀਰਥ ਜੀ ਨੂੰ ਬੁਲਾਇਆ, ਕਹਿੰਦੇ ਗੁਰਸਿੱਖਾ! ਐਉਂ ਕਰ ਲਾਹੌਰ ਜਾਹ ਤੇ ਉਥੇ ਆਹ ਚੀਜ਼ਾਂ ਖਰੀਦ ਲਿਆ ਸਾਰੀਆਂ ਤੇ ਆਹ ਪੈਸੇ ਲੈ ਜਾ। ਪਰ ਗੱਲ ਇਹ ਹੈ ਕਿ ਛੇਤੀ ਤੋਂ ਛੇਤੀ ਕਰਨਾ ਹੈ। ਲਾਹੌਰ ਸਿਰਫ ਇੱਕ ਰਾਤ ਰਹਿਣਾ ਹੈ, ਦੂਸਰੀ ਰਾਤ ਨਹੀਂ ਰਹਿਣਾ, ਗੱਲ ਸਮਝਾ ਦਿੱਤੀ, ਪੈਸੇ ਦੇ ਦਿੱਤੇ ਤੇ ਲਾਹੌਰ ਪਹੁੰਚ ਗਿਆ, ਰਸਤੇ 'ਚ ਦੋ ਰਾਤਾਂ ਕੱਟ ਕੇ। ਉਥੇ ਜਦ ਗਿਆ ਤਾਂ ਜਾ ਕੇ ਇੱਕ ਚੰਗਾ ਵਪਾਰੀ ਦੇਖ ਕੇ ਜਿਸਦਾ ਨਾਮ ਮਨਸੁਖ ਸੀ ਉਹਦੇ ਕੋਲ ਜਾ ਕੇ ਸਾਰੀ ਲਿਸਟ ਦਿਖਾਈ ਕਿ ਸ਼ਾਹ ਜੀ! ਵਿਆਹ ਹੈ ਤੇ ਆਹ ਸਮਾਨ ਦੀ ਸੌਜ ਦੀ ਲਿਸਟ ਹੈ, ਇਹਦੇ ਮੁਤਾਬਿਕ ਸਾਨੂੰ ਸਮਾਨ ਛੇਤੀ ਤੋਂ ਛੇਤੀ ਚਾਹੀਦਾ ਹੈ, ਜੋ ਕੁਛ ਤੁਹਾਡੇ ਕੋਲ ਹੈ ਤੁਸੀਂ ਦੇ ਦਿਓ, ਜੋ ਤੁਹਾਡੇ ਕੋਲ ਨਹੀਂ ਉਹ ਸਾਨੂੰ ਮੰਗਾ ਕੇ ਦੇ ਦਿਓ। ਲਿਸਟ ਪੜ੍ਹੀ ਉਸਨੇ, ਕਹਿਣ ਲੱਗਿਆ, ਕੀ ਨਾਉਂ ਹੈ? ਕਹਿਣ ਲੱਗੇ, ਮੈਨੂੰ ਭਗੀਰਥ ਕਹਿੰਦੇ ਨੇ। ਕਹਿੰਦੇ, ਭਾਈ ਭਗੀਰਥ! ਇਹ ਜਿਹੜੀ ਲਿਸਟ ਹੈ ਇਹਦੇ 'ਚ ਬਾਕੀ ਤਾਂ ਤਿਆਰ ਮੈਂ ਹੁਣੇ ਹੀ ਕਰਾ ਦਿੰਦਾ ਹਾਂ ਸਭ ਕੁਛ, ਪਰ ਚੂੜਾ ਨਹੀਂ ਬਣਨਾ, ਇਹਨੂੰ ਬਣਾਉਣ ਵਾਸਤੇ ਜਿਸ ਤਰ੍ਹਾਂ ਦਾ ਚੂੜਾ ਲਿਖਿਆ ਹੋਇਆ ਹੈ ਇਹਨੂੰ ਦੋ ਦਿਨ ਚਾਹੀਦੇ ਨੇ। ਉਹ ਕਹਿਣ ਲੱਗਿਆ, ਠੀਕ ਹੈ, ਮਨਸੁਖ ਜੀ! ਪਰ ਮੈਂ ਇੱਕ ਰਾਤ ਤੋਂ ਵੱਧ ਰਹਿ ਨਹੀਂ ਸਕਦਾ, ਕਿਉਂਕਿ ਮੈਨੂੰ ਹੁਕਮ ਨਹੀਂ ਹੈ। ਕਹਿਣ ਲੱਗੇ, ਤੁਸੀਂ ਲੋਧੀ ਦੀ ਨੌਕਰੀ ਕਰਦੇ ਓਂ, ਉਨ੍ਹਾਂ ਨੇ ਹੁਕਮ ਦਿੱਤਾ ਹੈ ਤੁਹਾਨੂੰ ਕਿ ਦੋ ਰਾਤਾਂ ਨਾ ਰਹੋ ਤੇ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਤੁਸੀਂ ਦੋ ਰਾਤਾਂ ਰਹੋ ਫੇਰ ਯੱਕਾ ਲੈ ਕੇ, ਇਹ ਮੁਲਤਾਨੀ ਘੋੜਿਆਂ ਦਾ ਯੱਕਾ ਬਹੁਤ ਤੇਜ਼ ਚਲਦਾ ਹੈ ਤੇ ਉਹਦੇ ਵਿੱਚ ਤੁਸੀਂ ਜਿੱਥੇ ਦੋ ਰਾਤਾਂ ਰਹੇ ਓਂ, ਇੱਕ ਰਾਤ ਰਹੋਂਗੇ। ਇੱਕ ਰਾਤ ਇਧਰੇ ਮੁਜ਼ਰੇ ਪਾ ਲਿਓ, ਕੰਮ ਬਣ ਜਾਏਗਾ, ਨਾਲੇ ਤੁਹਾਡੇ ਕੋਲ ਸਮਾਨ ਦਾ ਬੋਝ ਹੋਏਗਾ, ਕਿੱਥੇ ਚੁੱਕੀਂ ਜਾਉਂਗੇ ਐਨੀ ਦੂਰ। ਤੁਸੀਂ ਯੱਕੇ 'ਚ ਬੈਠ ਕੇ ਚਲੇ ਜਾਇਓ। ਉਹ ਕਹਿਣ ਲੱਗੇ ਕਿ ਠੀਕ ਹੈ, ਇਹ ਸਾਰੀਆਂ ਗੱਲਾਂ ਮੈਂ ਜਾਣਦਾ ਹਾਂ, ਪਰ ਹੁਕਮ ਡਾਹਢੇ ਦਾ ਹੈ। ਕਹਿਣ ਲੱਗੇ, ਤੁਸੀਂ ਕੋਈ ਨੌਕਰੀ ਕਰਦੇ ਓਂ? ਪਠਾਣ ਦਾ ਹੁਕਮ ਹੈ? ਹਾਕਮ ਦਾ ਹੁਕਮ ਹੈ? ਉਹ ਕਹਿੰਦੇ, ਜੇ ਹਾਕਮ ਦਾ ਹੁਕਮ ਹੁੰਦਾ ਤਾਂ ਮੈਨੂੰ ਕੋਈ ਔਖ ਨਹੀਂ ਸੀ। ਪਰ ਇਹ ਹੁਕਮ ਅਦੂਲੀ ਕਰਕੇ ਮੇਰੀ ਦੀਨ ਦੁਨੀਆਂ ਦੋਨੋਂ ਵਿਗੜਦੀਆਂ ਨੇ। ਚੌਂਕ ਗਿਆ ਮਨਸੁਖ ਸੁਣਦੇ ਸਾਰ। ਕਹਿੰਦਾ, ਹੈਂ! ਐਹੋ ਜਿਹਾ ਵੀ ਕੋਈ ਹਾਕਮ ਹੈ ਜਿਹਦੀ ਹੁਕਮ ਅਦੂਲੀ ਕਰਕੇ ਦੀਨ ਵੀ ਵਿਗੜਦਾ ਹੋਵੇ ਤੇ ਦੁਨੀਆਂ ਵੀ ਵਿਗੜਦੀ ਹੋਵੇ। ਦੁਨੀਆਂ ਤਾਂ ਅਸੀਂ ਸੁਣੀ ਹੈ ਲੇਕਿਨ ਦੀਨ ਤਾਂ ਹਾਕਮਾਂ ਦੇ ਕੋਲ ਹੁੰਦਾ ਨਹੀਂ।

ਕਹਿਣ ਲੱਗੇ, ਭਾਈ ਭਗੀਰਥ! ਐਡੀ ਵੱਡੀ ਔਖੀ ਬਾਤ? ਉਹ ਕਹਿੰਦਾ ਹਾਂ, ਇਹ ਬਹੁਤ ਔਖੀ ਬਾਤ ਹੈ ਕਿਉਂਕਿ ਜੋ ਸੇਵਾ ਮੈਂ ਸਿਰ 'ਤੇ ਚੁੱਕੀ ਹੋਈ ਹੈ ਉਹ ਤਨਖਾਹ ਲੈਣ ਵਾਲੀ ਨਹੀਂ ਹੈ, ਉਹ ਤਾਂ ਆਪਾ ਦੇਣ ਵਾਲੀ ਹੈ ਦਿੰਦੇ ਹੀ ਚਲੇ ਜਾਣਾ ਹੈ,

ਆਪਣੇ ਕੋਲ ਕੁਛ ਨਹੀਂ ਰੱਖਣਾ, ਉਹ ਬਹੁਤ ਔਖੀ ਸੇਵਾ ਹੈ ਇਸ ਤਰ੍ਹਾਂ ਨਾਲ ਫੁਰਮਾਉਂਦੇ ਨੇ।

ਧਾਰਨਾ - ਗੁਰ ਕੀ ਸੇਵਾ ਔਖੀ ਹੈ,
ਸਿਰ ਦੀਜੈ ਆਪੁ ਗਵਾਇ।

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ
ਤਿਨ ਸਤਗੁਰੁ ਮਿਲਿਆ ਆਇ ॥ ੪ ॥
ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥
ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥
ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥
ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ॥ ਅੰਗ - ੨੭

ਕਹਿਣ ਲੱਗਿਆ, ਭਾਈ ਮਨਸੁਖ! ਮੈਂ ਗੁਰੂ ਦੀ ਸੇਵਾ ਵਿੱਚ ਹਾਜ਼ਰ ਹਾਂ, ਮੇਰੇ ਗੁਰੂ ਦਾ ਹੁਕਮ ਹੈ ਕਿ ਇੱਕ ਰਾਤ ਤੋਂ ਵੱਧ ਨਹੀਂ ਰਹਿਣਾ ਤੇ ਸੇਵਾ ਜਿਹੜੀ ਹੈ ਮਹਾਂਪੁਰਸ਼ਾਂ ਦੀ ਇਹ ਬਹੁਤ ਔਖੀ ਹੁੰਦੀ ਹੈ। ਇਹਦੇ ਵਿੱਚ ਜੇ ਆਪਣਾ ਆਪ ਰੱਖ ਲਵੇ ਫੇਰ ਤਾਂ ਨਹੀਂ ਸੇਵਾ ਹੁੰਦੀ ਕਿ ਮੈਂ ਵੀ ਰਹਾਂ ਤੇ ਸੇਵਾ ਵੀ ਕਰਾਂ। ਕਹਿੰਦੇ, ਆਪਣਾ ਆਪ ਤਾਂ ਖਤਮ ਕਰਨਾ ਪੈਂਦਾ ਹੈ।

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ - ੨੮੬

ਰੱਬ ਤਾਂ ਉਹਨੂੰ ਮਿਲਦਾ ਹੈ ਜਿਹੜਾ ਆਪਣਾ ਆਪ ਮਿਟਾ ਦੇਵੇ, ਜੇ ਮੈਂ ਵੀ ਬਣਿਆ ਹੋਇਆ ਤੇ ਸੇਵਾ ਵੀ ਕਰਦਾ ਹੈ ਤੇ ਆਪਣੇ ਆਪ ਨੂੰ ਵੀ ਗਿਣਦਾ ਹੈ, ਮੇਰੀ ਵੀ ਮਹਿਮਾ ਹੋਵੇ, ਮੈਨੂੰ ਵੀ ਲੋਕ ਚੰਗਾ ਕਹਿਣ। ਮੇਰੇ ਵੀ ਆਖੇ ਲੱਗਣ, ਫੇਰ ਤਾਂ ਭਾਈ ਸੇਵਾਦਾਰ ਨਹੀਂ ਹੈ, ਫੇਰ ਤਾਂ ਸ਼ਰੀਕ ਹੋ ਜਾਂਦਾ ਹੈ। ਉਹਦਾ ਥਾਂ ਨਹੀਂ ਹੋਇਆ ਕਰਦਾ, ਗੁਰੂ ਦੀ ਗੋਰ ਵਿੱਚ ਸਮਾਉਣਾ ਪੈਂਦਾ ਹੈ। ਦੋ ਨਹੀਂ ਰਹਿੰਦੇ ਇੱਕ ਥਾਂ ਦੇ ਉਤੇ -

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਅੰਗ - ੫੬੦

ਸੇਵਾਦਾਰ ਦੇ ਵਿੱਚ ਜੇ ਮੈਂ ਹੈ ਤਾਂ ਉਹਦੀ ਸੇਵਾ ਥਾਂ ਨਹੀਂ ਪਿਆ ਕਰਦੀ, ਸੇਵਾ ਉਹਦੀ ਤਾਂ ਥਾਂ ਪੈਂਦੀ ਹੈ ਜਿਹੜਾ ਮੈਂ ਗਵਾ ਦਿੰਦਾ ਹੈ, ਕਿਉਂਕਿ ਮੈਂ ਹਉਮੈ ਦੇ ਵਿਚ, ਜਦੋਂ ਤੱਕ ਹਉਮੈ ਹੈ ਮਹਾਰਾਜ ਕਹਿੰਦੇ -

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥
ਅੰਗ - ੧੧੦੨

ਜੇ ਮੈਂ ਰੱਖ ਕੇ ਸੇਵਾ ਕਰਦਾ ਹੈ, ਕਹਿੰਦੇ ਉਹ ਸੇਵਕ ਨਹੀਂ ਹੋਇਆ ਕਰਦਾ।

ਇੱਕ ਮਹਾਤਮਾ ਸੀਗੇ, ਆਪ ਦੇ ਪਾਸ ਇੱਕ ਡਾਕੂ ਆ ਗਿਆ। ਪੁਲਿਸ ਮਗਰ ਲੱਗੀ ਹੋਈ ਹੈ ਤੇ ਜਦੋਂ ਨੇੜੇ ਆ ਗਿਆ ਤਾਂ ਕਹਿਣ ਲੱਗਿਆ ਕਿ ਸੰਤ ਮੈਨੂੰ ਬਚਾ ਦੇਣ, ਸੰਤਾਂ ਦੇ ਕੋਲ ਜਾਂਦਾ ਹੀ ਪੈਰੀਂ ਪੈ ਗਿਆ। ਕਹਿੰਦਾ ਮਹਾਰਾਜ! ਮੈਂ ਡਾਕੂ ਹਾਂ, ਹੁਣ ਲਕੋ ਨਹੀਂ ਰੱਖਦਾ ਤੇ ਮੇਰੇ ਮਗਰ ਪੁਲਿਸ ਉਹ ਦੇਖੋ ਆ ਰਹੀ। ਮੈਨੂੰ ਹੁਣ ਬਚਾ ਦਿਓ। ਜੇ ਅੱਜ ਬਚਾ ਦਿਓਂ, ਮੈਂ ਤੁਹਾਡਾ ਸਾਰੀ ਜ਼ਿੰਦਗੀ ਅਹਿਸਾਨ ਨਹੀਂ ਭੁੱਲਦਾ। ਕਹਿੰਦੇ, ਪ੍ਰੇਮੀਆਂ! ਹੁਣ ਤਾਂ ਗੱਲਬਾਤ ਦਾ ਵੀ ਸਮਾਂ ਨਹੀਂ ਹੈ, ਜਾਹ ਉਥੋਂ ਮਾਲਾ ਚੁੱਕ ਲੈ ਤੇ ਬੈਠ ਕੇ ਵਾਹਿਗੁਰੂ-ਵਾਹਿਗੁਰੂ ਕਰੀ ਜਾਹ ਤੇ ਉਸ ਵੇਲੇ ਪੁਲਿਸ ਆ ਗਈ, ਬੈਠਾ ਹੈ। ਮਾਲਾ ਫੇਰੀ ਜਾਂਦਾ ਹੈ, ਕਹਿੰਦਾ ਸੰਤ ਜੀ! ਇੱਥੇ ਚੋਰ ਆਇਆ ਹੈ। ਕਹਿੰਦੇ, ਭਾਈ! ਸਾਨੂੰ ਤਾਂ ਚੋਰ ਵੀ ਸੰਤ ਤੇ ਸੰਤ ਵੀ ਸੰਤ। ਸਾਨੂੰ ਤਾਂ ਕੋਈ ਮਾੜਾ ਨਹੀਂ ਦਿਸਦਾ, ਮੈਂ ਹੀ ਮਾੜਾ ਹਾਂ, ਮੇਰੇ ਨਾਲੋਂ ਤਾਂ ਤੁਸੀਂ ਸਾਰੇ ਹੀ ਚੰਗੇ ਓਂ। ਚੋਰ ਵੀ ਚੰਗਾ ਹੈ -

ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਅੰਗ - ੭੨੮

ਮੈਂ ਚੰਗਾ ਨਹੀਂ ਹਾਂ ਤੇ ਮੈਨੂੰ ਕੋਈ ਬੁਰਾ ਨਹੀਂ। ਮੈਨੂੰ ਤਾਂ ਕੋਈ ਚੋਰ ਦਿਸਦਾ ਹੀ ਨਹੀਂ।

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥
ਅੰਗ - ੬੧੦

ਵਾਹਿਗੁਰੂ ਜੀ ਨੇ। ਇਹ ਗੱਲ ਕਹਿਣ ਦੀ ਨਹੀਂ ਹੁੰਦੀ, ਮਹਾਤਮਾ ਵਰਤਾਉਂਦੇ ਹੁੰਦੇ ਨੇ।

ਯੂ.ਪੀ ਜਿੱਥੇ ਫਾਰਮ ਸੀ ਮੇਰਾ, ਉਥੇ ਸਾਡੇ ਨਾਲ ਹੀ ਇੱਕ ਪਿੰਡ ਸੀ, ਕੈਮਰੀ, ਥਾਣਾ ਸੀ ਸਾਡਾ, ਉਥੇ ਇੱਕ ਸਾਧੂ ਰਿਹਾ ਕਰਦੇ ਸੀ ਅਣਗੋਲੇ ਜਿਹੇ। ਕੋਈ ਨਹੀਂ ਸੀ ਜਾਣਦਾ ਉਨ੍ਹਾਂ ਨੂੰ ਮੈਂ ਕਈ ਵਾਰੀ ਸੁਣਿਆ, ਇੱਕ ਵਾਰੀ ਮਨ 'ਚ ਆਇਆ ਕਿ ਦੇਖ ਕੇ ਆਈਏ, ਸੰਤਾਂ ਦੇ ਦਰਸ਼ਨ ਕਰੀਏ, ਲਾਭ ਹੀ ਹੁੰਦਾ ਹੈ-

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - ੧੩੭੭

ਉਥੋਂ ਨੁਕਸਾਨ ਨਹੀਂ ਕਦੇ ਹੋਇਆ ਕਰਦਾ, ਲਾਭ ਹੀ ਹੋਇਆ ਕਰਦਾ ਹੈ। ਮੈਂ ਚਲਿਆ ਗਿਆ, ਜਾ ਕੇ ਨਮਸ਼ਕਾਰ ਕਰੀ, ਮੈਂ ਕਿਹਾ ਬਾਬਾ ਜੀ! ਮੈਨੂੰ ਪਤਾ ਲੱਗਿਆ ਹੈ ਕਿ ਤੁਹਾਡੇ ਡਾਕੂ ਆ ਗਏ ਸੀ ਤੇ ਤੁਹਾਨੂੰ ਬਹੁਤ ਮਾਰਿਆ ਹੈ। ਕਹਿੰਦੇ, ਨਾ ਨਾ ਮੈਨੂੰ ਨਹੀਂ ਇੱਥੇ ਭਗਵਾਨ ਆਏ ਸੀ ਭਗਵਾਨ, ਉਨ੍ਹਾਂ ਦਾ ਰੂਪ ਐਸਾ ਹੀ ਸੀਗਾ। ਭਗਵਨ ਕਹਿੰਦੇ ਸੀ ਕਿ ਦੱਸੋ, ਤੁਹਾਡੇ ਕੋਲ ਕੀ ਹੈ? ਮੈਂ ਕਿਹਾ, ਭਗਵਨ ਤੁਸੀਂ ਤਾਂ ਅੰਤਰਜਾਮੀ ਓਂ, ਦੇਖ ਲਓ ਜਿਹੜਾ ਕੁਛ ਦੇਖਣਾ ਹੈ। ਤੁਸੀਂ ਸਾਡੀ ਡਿਊਟੀ ਲਾਈ ਹੈ ਗਜ਼ਾ ਕਰਕੇ ਲਿਆਓ ਤੇ ਛਕ ਛਕਾ ਲਈ, ਸਾਧੂਆਂ ਨੂੰ ਛਕਾ ਦਿਓ। ਸੋ ਭਗਵਨ ਮਾਇਆ ਤਾਂ ਆਪ ਨੇ ਸਾਨੂੰ ਦਿੱਤੀ ਹੀ ਨਹੀਂ। ਕਹਿੰਦੇ, ਭਗਵਨ ਫੇਰ ਮੈਨੂੰ ਮਾਰਨ ਕੁੱਟਣ ਲੱਗ ਗਏ। ਕਹਿੰਦੇ, ਭਗਵਨ ਭਗਵਨ ਛੱਡ ਤੂੰ ਸਾਨੂੰ ਕਹਿਣਾ, ਪੈਸੇ ਦਿੰਦਾ ਹੈਂ ਕਿ ਨਹੀਂ? ਭਗਵਨ ਮੁਝੇ ਮਾਰਤੇ ਰਹੇ। ਮੈਂ ਕਿਹਾ, ਭਗਵਨ! ਇਹ

ਸਰੀਰ ਤੁਹਾਡਾ ਹੈ ਜਿੰਨਾਂ ਮਾਰਨਾ ਹੈ ਮਾਰਦੇ ਰਹੋ। ਮੈਂ ਤਾਂ ਹਾਂ ਨਹੀਂ। ਕਹਿੰਣੇ ਫੇਰ ਭਗਵਨ ਨੇ ਕਈ ਥਾਂ 'ਤੇ ਜ਼ਖਮ ਕਰ ਦਿੱਤੇ। ਕਈ ਥਾਂ ਹੱਡੀਆਂ ਮਰੋੜ ਦਿੱਤੀਆਂ। ਫੇਰ ਚਲੇ ਗਏ ਭਗਵਨ। ਗਊ ਖੜ੍ਹੀ ਸੀ, ਮੈਂ ਕਿਹਾ ਭਗਵਨ! ਯੇ ਗਾਏ ਹੈਂ, ਆਪ ਕੀ ਸੰਗਤੋਂ ਕੋ ਦੂਧ ਪਿਲਾਨੇ ਵਾਸਤੇ। ਯੇ ਲੈ ਜਾਓ, ਅਗਰ ਨਹੀਂ ਦੂਧ ਪਿਲਾਨਾ।

ਕਹਿੰਦੇ, ਫੇਰ ਉਹ ਚਲੇ ਗਏ, ਮੈਂ ਕਿਹਾ ਤੁਸੀਂ ਫੇਰ ਪੁਲਿਸ ਵਿੱਚ ਰਿਪੋਰਟ ਨਹੀਂ ਦਿੱਤੀ? ਕਹਿੰਦੇ, ਭਗਵਨ ਕੀ ਰਿਪੋਰਟ ਕਹਾਂ ਦੀ ਜਾਤੀ ਹੈ। ਮੈਂ ਕਿਹਾ ਕਿ ਬੜਾ ਨੇਸ਼ਟਾ ਇਹਦਾ ਪੱਕਾ ਹੈ। ਇਹ ਤਾਂ ਗੁਪਤ ਲਾਲ ਪਿਆ ਹੈ। ਉਸ ਵੇਲੇ ਮੈਂ ਅੰਦਰ ਵੜਨ ਲੱਗਿਆ, ਕਮਰੇ 'ਚ; ਉਹ ਕਹਿੰਦੇ, ਭਗਵਨ! ਆਗੇ ਏਕ ਭਗਵਨ ਪੜੇ ਹੈਂ। ਦੇਖ ਲੇਨਾ। ਮੈਂ ਦੇਖਿਆ, ਸੱਪ ਪਿਆ ਵੱਡਾ ਸਾਰਾ। ਮੈਂ ਕਿਹਾ ਇਹ ਇੱਥੇ ਹੀ ਰਹਿੰਦਾ ਹੈ ਸੰਤ ਜੀ? ਕਹਿੰਦੇ ਹਾਂ, ਯਹੀਂ ਰਹਿਤੇ ਹੈਂ ਹਮ ਦੋਨੋਂ। ਮੈਂ ਕਿਹਾ, ਸੌਂਦੇ ਕਿੱਥੇ ਹੁੰਦੇ ਓਂ। ਕਹਿੰਦੇ, ਮੈਂ ਤਾਂ ਇੱਥੇ ਧਰਤੀ 'ਤੇ ਹੀ ਪੈ ਜਾਂਦਾ ਹਾਂ। ਯੇ ਭਗਵਨ ਵੀ ਆ ਜਾਤੇ ਹੈਂ, ਕਈ ਵਾਰੀ ਮੇਰੇ ਉਤੇ ਪੈ ਜਾਂਦੇ ਨੇ। ਕਈ ਵਾਰੀ ਨਾਲ ਪੈ ਜਾਂਦੇ ਨੇ। ਮੈਂ ਕਿਹਾ, ਫੇਰ ਜਦੋਂ ਤੁਸੀਂ ਜਾਗਦੇ ਓਂ। ਕਹਿੰਦੇ, ਮੈਂ ਆਵਾਜ਼ ਦਿੰਦਾ ਹਾਂ ਕਿ ਭਗਵਨ! ਅੰਮ੍ਰਿਤ ਵੇਲਾ ਹੋ ਗਿਆ, ਹੁਣ ਅਸੀਂ ਇਸ਼ਨਾਨ ਕਰਨਾ ਹੈ, ਹੁਣ ਜਾਓ ਤੁਸੀਂ ਆਪਣਾ ਆਰਾਮ ਕਰੋ। ਫੇਰ ਕਹਿੰਦੇ, ਇਹ ਰੋਜ਼ ਤੁਰ ਜਾਂਦਾ ਹੈ। ਕਹਿੰਦੇ, ਇੱਥੇ ਬਹੁਤ ਨੇ, ਮੈਨੂੰ ਦੱਸਿਆ ਕਿ ਪੰਜਾਹ ਸੱਠ ਸੱਪ ਰਹਿੰਦੇ ਨੇ ਇੱਥੇ। ਯਹੀਂ ਚਲੇ ਜਾਤੇ ਹੈਂ ਔਰ ਭਗਵਨ ਦਰਸ਼ਨ ਦੇਤੇ ਰਹਿਤੇ ਹੈਂ। ਦ੍ਰਿਸ਼ਟੀ ਦਾ ਐਸਾ ਸੀ ਉਹਦੀ ਕਿ-

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ - ੨੭੨

ਬ੍ਰਹਮ ਦ੍ਰਿਸ਼ਟੀ ਸੀ ਉਹਦੀ। ਸੋ ਇਸ ਚੀਜ਼ ਦਾ ਲਾਭ ਹੀ ਲਾਭ ਹੋਇਆ ਕਰਦਾ ਹੈ, ਕਿਉਂਕਿ ਜਦੋਂ ਹਉਮੈ ਮਿਟ ਜਾਂਦੀ ਹੈ। ਉਸ ਵੇਲੇ ਇੱਕ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ। ਸੋ ਜਿਹੜਾ ਸੇਵਕ ਹਉਮੈ ਰੱਖ ਕੇ ਸੇਵਾ ਕਰਦਾ ਹੈ, ਉਹਦੀ ਸੇਵਾ ਥਾਂ ਨਹੀਂ ਪਿਆ ਕਰਦੀ। ਸੇਵਾ ਥਾਂ ਉਹਦੀ ਪੈਂਦੀ ਹੈ ਜਿਹੜਾ ਹਉਮੈ ਮਾਰ ਦੇਵੇ ਤੇ ਮਨ ਤੇ ਤਨ ਗੁਰੂ ਨੂੰ ਸੌਂਪ ਦੇਵੇ।

ਧਾਰਨਾ - ਹਉਮੈ ਵਿਚੋਂ ਮਾਰ, ਮਨ ਤਨ ਸੌਂਪ ਦੇ ਗੁਰਾਂ ਨੂੰ।

ਮੈਂ ਨੂੰ ਮਾਰ ਕੇ ਮਨ ਵੀ ਤੇ ਤਨ ਵੀ ਸੌਂਪ ਕੇ ਕੀ ਹੁੰਦਾ ਹੈ ਦੋ ਵਾਜੇ ਵਜਦੇ ਹੋਣ, ਜੇ ਇੱਕ ਦੀ ਸੁਰ ਗਲਤ ਚੱਲ ਰਹੀ ਹੈ, ਦੂਜੇ ਦੀ ਸੁਰ ਗਲਤ ਚੱਲ ਰਹੀ ਹੈ, ਆਪਣੀ-ਆਪਣੀ ਮਰਜ਼ੀ ਨਾਲ ਵਾਜੇ ਵੱਜ ਰਹੇ ਨੇ ਸੁਰ ਨਹੀਂ ਹੋਇਆ ਕਰਦੇ। ਫਿੱਕਾ ਪੈ ਜਾਂਦਾ ਹੈ। ਇਵੇਂ ਜਿਵੇਂ ਗੁਰੂ ਦੇ ਕੋਲ, ਸੰਤਾਂ ਦੇ ਕੋਲ ਸੇਵਕ ਹੁੰਦਾ ਹੈ ਜੇ ਉਹ ਆਪਣੀ ਮਨਮਤਿ ਕਰੇ ਤਾਂ ਉਹਦੀ ਤਰੱਕੀ ਰੁਕ ਜਾਂਦੀ ਹੈ, ਤਰੱਕੀ ਰੁਕਣ ਦੇ ਇਲਾਵਾ ਬਹੁਤ ਵੱਡੇ ਦੋਸ਼ ਦਾ ਭਾਗੀ ਬਣ ਜਾਇਆ ਕਰਦਾ ਹੈ। ਸੋ ਐਸਾ ਫੁਰਮਾਨ ਹੈ -

ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥
ਅੰਗ- ੨੮

ਜਿਹੜਾ ਹਰ ਵਕਤ ਹਿਰਦੇ ਦੇ ਅੰਦਰ ਧਾਰਨ ਕਰਕੇ ਰੱਖਦਾ ਹੈ ਉਹ ਸੇਵਕ ਹੈ -

ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥
ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥
ਅੰਗ - ੨੮

ਸੋ ਕਹਿਣ ਲੱਗਿਆ, ਮਨਸੁਖ ਜੀ! ਜੇ ਕੋਈ ਰਾਜਾ ਹੁੰਦਾ, ਨਵਾਬ ਹੁੰਦਾ, ਦੌਲਤ ਖਾਨ ਲੋਧੀ ਹੁੰਦਾ ਮੈਨੂੰ ਕੋਈ ਫਿਕਰ ਨਹੀਂ ਸੀਗਾ। ਮੈਂ ਇੱਕ ਰਾਤ ਦੀ ਥਾਂ 'ਤੇ ਦੋ ਰਾਤਾਂ ਰਹਿ ਜਾਂਦਾ। ਪਰ ਮੇਰਾ ਵਾਹ ਦੁਨੀਆਂ ਦੇ ਨਾਲ ਨਹੀਂ ਹੈ, ਦੁਨੀਆਂ ਦੇ ਬੰਦੇ ਨਾਲ ਨਹੀਂ, ਮੇਰਾ ਤਾਂ ਵਾਹ ਪ੍ਰਮੇਸ਼ਰ ਦੇ ਨਾਲ ਹੈ। ਉਹ ਤਾਂ ਆਪ ਨਿਰੰਕਾਰ ਸਰੂਪ ਹੋ ਕੇ ਅਜੇ ਪ੍ਰਗਟ ਨਹੀਂ ਹੋਏ, ਅਜੇ ਮੋਦੀ ਦੀ ਕਾਰ ਕਰ ਰਹੇ ਨੇ, ਸਤਿਸੰਗ ਕਰ ਰਹੇ ਨੇ, ਤਿਆਰੀ ਕਰ ਰਹੇ ਨੇ। ਇੱਕ ਦਿਨ ਆਏਗਾ ਜਿਸ ਦਿਨ ਦੁਨੀਆਂ ਦੇ ਅੰਦਰ ਚੜ੍ਹਦਾ ਲਹਿੰਦਾ ਸਾਰੀ ਸ੍ਰਿਸ਼ਟੀ ਦੇ ਅੰਦਰ ਉਨ੍ਹਾਂ ਦਾ ਪ੍ਰਕਾਸ਼ ਫੈਲ ਜਾਏਗਾ। ਅਜੇ ਆਪ ਕਾਰਜ ਕਰ ਰਹੇ ਨੇ। ਗੱਲਬਾਤ ਦੱਸੀ, ਸਾਰਾ ਕੁਛ ਸਮਝਾਇਆ ਤਾਂ ਉਸ ਵੇਲੇ ਕਹਿਣ ਲੱਗੇ ਕਿ ਇਹ ਸਾਰੀ ਗੱਲ ਪ੍ਰਤੀਤ ਦੀ ਹੋਇਆ ਕਰਦੀ ਹੈ, ਜੇ ਗੁਰੂ 'ਤੇ ਪ੍ਰਤੀਤ ਹੀ ਨਹੀਂ ਆਈ। ਭਰੋਸਾ ਹੀ ਨਹੀਂ ਆਇਆ, ਤਾਂ ਫੇਰ ਸਬੰਧ ਜੁੜਿਆ ਹੀ ਨਹੀਂ ਕਰਦਾ। ਪਹਿਲੀ ਚੀਜ਼ ਪ੍ਰਤੀਤ ਦੀ ਜ਼ਰੂਰੀ ਹੈ। ਜੇ ਪ੍ਰਤੀਤ ਨਹੀਂ ਹੈ ਤਾਂ ਅੱਗੇ ਗੱਲ ਨਹੀਂ ਚਲਦੀ। ਸੋ ਉਸ ਵੇਲੇ ਆਪ ਨੇ ਫੁਰਮਾਨ ਜੋ ਕੀਤਾ, ਭਾਈ ਸੰਤੋਖ ਜੀ ਨੇ ਐਸਾ ਫੁਰਮਾਨ ਕੀਤਾ ਹੈ -

ਭੇਜ ਸੁਣਤੇ ਨਹ ਕੀਜੈ ਸੰਸਾ।

ਉਸ ਨੇ ਇੱਕ ਗੱਲ ਕਰੀ ਕਿ ਭਗੀਰਥ ਜੀ! ਮੈਂ ਤੁਹਾਡੀ ਗੱਲ ਸੁਣ ਕੇ ਹੀ ਇਤਬਾਰ ਵੀ ਕਰਦਾ ਹਾਂ, ਪਰ ਮੇਰਾ ਤਜਰਬਾ ਜਿਹੜਾ ਹੈ ਉਹ ਬਹੁਤ ਵੱਡਾ ਹੈ। ਬਚਪਨ ਤੋਂ ਮੈਂ ਸਾਧੂ ਸੰਤਾਂ ਦੇ ਪਿੱਛੇ ਲੱਗਿਆ ਹੋਇਆ ਹਾਂ। ਪਰ ਮੈਨੂੰ ਤਾਂ ਕੋਈ ਪੂਰਾ ਨਹੀਂ ਮਿਲਿਆ। ਹੋ ਸਕਦਾ ਹੈ ਤੁਹਾਨੂੰ ਕੋਈ ਧੋਖਾ ਲਗ ਗਿਆ, ਜਾਂ ਤੁਹਾਨੂੰ ਨਾ ਅੰਦਰਲੀ ਗੱਲ ਦਾ ਪਤਾ ਹੋਵੇ। ਕਹਿਣ ਲੱਗੇ, ਨਹੀਂ ਮਨਸੁਖ ਜੀ! ਮੇਰਾ ਗੁਰੂ ਪੂਰਾ ਹੈ, ਇਹਦੇ ਵਿੱਚ ਸੰਸਾ ਨਾ ਕਰੋ। ਜਿਹਦੀ ਮੈਂ ਉਪਮਾ ਕਰ ਰਿਹਾ ਹਾਂ ਉਹਦੇ ਉਤੇ ਸੰਸਾ ਨਾ ਕਰੋ। ਇਹ ਦੂਰ ਹੋ ਜਾਣ ਕੁਬੰਧਨ, ਜਿਹੜੇ ਮਾੜੇ ਅਸਰ ਪਏ ਹੋਏ ਨੇ। ਉਸ 'ਤੇ ਤੁਸੀਂ ਸ਼ਰਧਾ ਕਰੋ। ਉਹਨੇ ਤਾਂ ਨਿੱਜ ਸਰੂਪ ਕੀਤਾ ਹੈ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

ਧਾਰਨਾ - ਪ੍ਰਮੇਸ਼ਰ ਪੂਰਾ ਜੀ,
ਸਤਿਗੁਰ ਮੇਰਾ, ਸਤਿਗੁਰ ਮੇਰਾ।

ਕਹਿਣ ਲੱਗੇ ਭਾਈ ਮਨਸੁਖ ਜੀ! ਤੁਸੀਂ ਨਿਸ਼ਚੇ 'ਚ ਆਵੋ, ਪ੍ਰਤੀਤ 'ਚ ਆਵੋ, ਜੋ ਗੁਰੂ ਨਾਨਕ ਪਾਤਸ਼ਾਹ ਨੇ ਮੇਰਾ ਗੁਰੂ ਹੈ ਉਹਨੂੰ ਨਾ ਕਹੋ ਕਿ ਕਲੀ ਕਾਲ 'ਚ ਕੋਈ ਨਹੀਂ ਹੈਗਾ। ਇਹ ਜੋ ਤੁਹਾਡਾ ਤਜਰਬਾ ਹੈ ਕਿ ਕਲੀ ਕਾਲ 'ਚ ਕੋਈ ਪੂਰਾ ਨਹੀਂ ਹੈ। ਠੀਕ ਹੈ ਤੁਸੀਂ ਦੇਖਿਆ ਹੈ, ਤੁਹਾਡਾ ਕੱਚਿਆਂ ਨਾਲ ਵਾਹ ਪਿਆ ਹੈ ਤੇ ਮੇਰਾ ਪੱਕੇ ਨਾਲ ਵਾਹ ਪਿਆ ਹੈ।

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥

ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥
ਅੰਗ - ੩੯੭

ਉਹ ਤਾਂ ਪੂਰਾ ਪ੍ਰਮੇਸ਼ਰ ਹੈ।

ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥
ਅੰਗ - ੮੦੨

ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥
ਅੰਗ - ੫੨

ਸੋ ਐਸਾ ਜੋ ਸਤਿਗੁਰੂ ਹੈ ਉਹਦੇ ਤਾਂ ਦਰਸ਼ਨ ਕਰਨ ਦੇ ਨਾਲ ਹੀ ਧਰਮ ਪੈਦਾ ਹੋ ਜਾਂਦਾ ਹੈ, ਆਦਮੀ ਦੇ ਮਨ 'ਚ।

ਸਤਿਗੁਰੁ ਧਰਤੀ ਧਰਮ ਹੈ
ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਇ ॥
ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥
ਅੰਗ - ੩੦੨

ਸੋ ਪ੍ਰਤੀਤ ਦੀ ਬਾਤ ਹੋਇਆ ਕਰਦੀ ਹੈ। ਮੈਨੂੰ ਤਾਂ ਪੂਰੀ ਪ੍ਰਤੀਤ ਹੈ, ਸਾਰੀ ਗੱਲ ਦੱਸੀ ਕਿ ਇਸ ਤਰ੍ਹਾਂ ਦੇ ਨਾਲ ਮੈਂ ਪ੍ਰੀਤਮਾ ਦੀ ਪੂਜਾ ਕਰਿਆ ਕਰਦਾ ਸੀ ਤੇ ਮੇਰੇ ਨੇਤਰ ਬੰਦ ਸੀ ਤੇ ਮੈਨੂੰ ਭਾਖਿਆ ਹੋਈ ਕਿ ਭਗੀਰਥ! ਜੇ ਤੂੰ ਮੁਕਤੀ ਲੈਣੀ ਹੈ ਤਾਂ ਸੁਲਤਾਨਪੁਰ ਵਿੱਚ ਮੋਦੀ ਦਾ ਕੰਮ ਕਰ ਰਿਹਾ ਹੈ। ਉਹਦੀ ਚਰਨ ਸ਼ਰਨ 'ਚ ਚਲਿਆ ਜਾਹ, ਉਹ ਮੁਕਤੀ ਦੇ ਸਕਦਾ ਹਾਂ। ਮੈਂ ਤਾਂ ਪਦਾਰਥ ਦੇ ਸਕਦੀ ਹਾਂ, ਮੁਕਤੀ ਦੀ ਵਸਤੂ ਜੋ ਹੈ ਉਹ ਮੇਰੇ ਪਾਸ ਨਹੀਂ ਹੈ, ਪ੍ਰਮੇਸ਼ਰ ਦਾ ਦਰਸ਼ਨ ਤਾਂ ਮੈਨੂੰ ਵੀ ਨਹੀਂ ਹੋਇਆ, ਮੈਂ ਤੈਨੂੰ ਨਹੀਂ ਕਰਾ ਸਕਦੀ, ਸੋ ਉਸ ਵੇਲੇ ਤੋਂ ਮੇਰੇ ਮਨ ਵਿਚ ਪ੍ਰਤੀਤ ਆ ਗਈ। ਸੋ ਸਾਧਸੰਗਤ ਜੀ ਸਾਰੀ ਗੱਲ ਪ੍ਰਤੀਤ ਦੀ ਹੋਇਆ ਕਰਦੀ ਹੈ -

ਧਾਰਨਾ - ਹੋਵੇ ਪ੍ਰਤੀਤ ਜੀ, ਸਤਿਗੁਰ ਦੀ ਪੂਰੀ ਮਨ ਵਿਚ।

ਸਤਿਗੁਰੂ ਦੀ ਪ੍ਰਤੀਤ ਜਦੋਂ ਤੱਕ ਸਾਡੇ ਮਨ ਵਿਚ ਨਹੀਂ ਆਉਂਦੀ, ਸ਼ੱਕ ਵਿਚ ਰਹਿੰਦੇ ਹਾਂ ਕਿ ਇਹ ਲੰਘਾ ਦੇਣਗੇ, ਆਹ ਵਾਹਿਗੁਰੂ ਮੰਤਰ ਸਾਨੂੰ ਪਾਰ ਕਰ ਦਏਗਾ ਕਿ ਨਹੀਂ ਕਰ ਦਏਗਾ। ਗੁਰੂ ਨਾਨਕ ਸਾਡੀ ਗੱਲ ਸੁਣ ਲਏਗਾ ਕਿ ਅਸੀਂ ਜਾ ਕੇ ਮਾਤਾ ਰਾਣੀ ਨੂੰ ਮੰਨੀਏ, ਉਹ ਸੁਣ ਜਾਂ ਜਾ ਕੇ ਅਸੀਂ ਗੁੱਗੇ ਦੇ ਜਾਈਏ, ਜਾਂ ਫਲਾਣਾ ਪੀਰ ਹੈ ਉਹ ਛੇਤੀ ਸੁਣ ਲੈਂਦਾ ਹੈ, ਫਲਾਣਾ ਦੇਵਤਾ ਹੈ ਉਹ ਛੇਤੀ ਸੁਣ ਲੈਂਦਾ ਹੈ ਇਹ ਪ੍ਰਤੀਤ ਨਹੀਂ ਹੋਇਆ ਕਰਦੀ। ਪ੍ਰਤੀਤ ਹੋਇਆ ਕਰਦੀ ਹੈ ਕਿ ਮੇਰਾ ਸਤਿਗੁਰੂ ਆਪ ਨਾਲ ਰਹਿੰਦਾ ਹਾਜ਼ਰ ਨਾਜ਼ਰ ਹੈ, ਪੂਰੀ ਪ੍ਰਤੀਤ ਹੋਵੇ।

ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥
ਅੰਗ - ੩੦

ਜੇ ਪ੍ਰਤੀਤ ਘੱਟ ਹੈ, ਨਹੀਂ ਬਣਿਆ ਕਰਦਾ ਕੰਮ। ਪੂਰਾ ਵਿਸ਼ਵਾਸ਼ ਹੋਵੇ 100%, ਕਹਿੰਦੇ ਫੇਰ ਪੂਰੀ ਗੱਲ ਬਣ ਜਾਂਦੀ ਹੈ। ਜਿਹੋ ਜੇਹਾ ਉਹਨੂੰ ਜਾਣੋ ਤੇਹੋ ਜਿਹਾ ਸੁੱਖ ਹੁੰਦਾ ਹੈ। ਗੁਰੂ ਅੰਗਦ ਸਾਹਿਬ ਮਹਾਰਾਜ, ਭਾਈ ਬਾਲਾ ਜੀ ਬੈਠੇ ਨੇ, ਬਾਬਾ ਬੁੱਢਾ ਜੀ ਬੈਠੇ ਨੇ।

ਕਹਿਣ ਲੱਗੇ, ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨਾਲ ਨੌਆਂ ਖੰਡਾਂ, ਸੱਤਾਂ ਦੀਪਾਂ, ਜਿੱਥੇ ਤਕ ਧਰਤੀ ਦੀ ਆਬਾਦੀ ਹੈ, ਸਾਡੇ ਜਾ ਕੇ ਇਨ੍ਹਾਂ ਦੇ ਕੌਤਕ ਦੇਖੇ ਤੇ ਆਪ ਗੁਰੂ ਨਾਨਕ ਨੂੰ ਕੀ ਸਮਝਦੇ ਰਹੇ। ਕਿਉਂਕਿ ਸਾਧਸੰਗਤ ਜੀ! ਅੱਜਕੱਲ੍ਹ ਨਕਸ਼ੇ ਬਣਦੇ ਨੇ ਕਿ ਗੁਰੂ ਨਾਨਕ ਏਥੇ ਤੱਕ ਗਏ। ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਜਿੱਥੇ ਤੱਕ ਸ੍ਰਿਸ਼ਟੀ ਸੀ ਗੁਰੂ ਨਾਨਕ ਉਥੇ ਤੱਕ ਗਏ। ਕਹਿੰਦੇ, ਫੇਰ ਬੋਲਦੇ ਕਿਵੇਂ ਸੀ, ਅੰਗ੍ਰੇਜ਼ੀ, ਅਫਰੀਕਾ ਦੀ ਬੋਲੀ ਕਿਵੇਂ ਬੋਲਦੇ ਸੀ।

ਇਹ ਸਾਰਿਆਂ ਦੇ ਅੰਦਰ ਬਾਣੀ ਜਿਹੜੀ ਹੈ ਚਾਰ ਹਿੱਸਿਆਂ 'ਚ ਹੁੰਦੀ ਹੈ। ਪਹਿਲਾ ਹਿੱਸਾ ਜੋ ਹੋਇਆ ਕਰਦਾ ਹੈ ਉਹਨੂੰ ਪਰਾ ਬਾਣੀ ਕਹਿੰਦੇ ਨੇ, ਉਹਨੂੰ ਅਸੀਂ ਵੀ ਨਹੀਂ ਸਮਝਦੇ, ਉਹ ਅਜੇ ਉਠ ਖੜ੍ਹਦੀ ਹੈ ਸਾਡੇ ਅੰਦਰ। ਦੂਸਰੀ ਹੋਇਆ ਕਰਦੀ ਹੈ ਹਿਰਦੇ ਦੀ ਬਾਣੀ, ਜਿਹਨੂੰ ਪਸੰਤੀ ਕਹਿੰਦੇ ਨੇ, ਜੇ ਇਹਨੂੰ ਅੰਗ੍ਰੇਜ਼ੀ 'ਚ ਕਹੀਏ ਤਾਂ ਇਹਨੂੰ Telepathy ਕਹਿੰਦੇ ਨੇ। ਭਾਵ ਹੁੰਦੇ ਨੇ, ਅੱਖਰ ਨਹੀਂ ਉਹਦੇ ਵਿਚ ਕੋਈ ਵੀ ਹੁੰਦਾ। ਤੀਸਰੀ ਹੋਇਆ ਕਰਦੀ ਹੈ ਕੰਠ ਦੀ ਬਾਣੀ ਜਿਹਨੂੰ ਮੱਧਮਾ ਕਹਿੰਦੇ ਨੇ। ਚੌਥੀ ਜਿਵੇਂ ਮੈਂ ਬੋਲਦਾ ਹਾਂ, ਇਹ ਬੈਖਰੀ ਹੋਇਆ ਕਰਦੀ ਹੈ। ਬੈਖਰੀ ਤਾਂ ਹੋਇਆ ਕਰਦੀ ਹੈ ਆਪਣੇ-ਆਪਣੇ ਦੇਸ਼ ਦੀ। ਜਿਹੜੀ ਮਧਮਾ ਹੋਇਆ ਕਰਦੀ ਹੈ ਉਹ ਦੋਹਾਂ ਦਾ ਮਿਲਗੋਭਾ ਹੁੰਦਾ ਹੈ। ਕੁਛ ਆਪਣੇ ਦੇਸ਼ ਦੀ ਕੁਛ ਅੱਖਰ ਬਣ ਰਹੇ ਹੁੰਦੇ ਨੇ। ਜਿਹੜੀ ਹਿਰਦੇ ਦੀ ਬਾਣੀ ਹੁੰਦੀ ਹੈ ਪਸੰਤੀ ਜਿਸਨੂੰ ਆਖਦੇ ਨੇ, ਉਹ ਭਾਵ ਦੀ ਬਾਣੀ ਹੁੰਦੀ ਹੈ। ਜਿਹੜਾ telepathy ਸਮਝਣ ਜਾਣਦਾ ਹੈ, ਉਹ ਸਾਰਿਆਂ ਦੀ, ਡੰਗਰਾਂ ਦੀ ਬਾਣੀ, ਦਰਖਤਾਂ ਦੀ ਬਾਣੀ, ਪਰਿੰਦਿਆਂ ਦੀ ਬਾਣੀ, ਕੀੜੀਆਂ ਦੀ ਬਾਣੀ ਸਭ ਦੀਆਂ ਸਮਝ ਲੈਂਦਾ ਹੈ।

ਕਈ ਮਹਾਤਮਾਵਾਂ ਦੀਆਂ ਸਾਖੀਆਂ ਆਉਂਦੀਆਂ ਨੇ ਕਿ ਜਾਨਵਰ ਉਨ੍ਹਾਂ ਨਾਲ ਗੱਲਾਂ ਕਰਦੇ ਸੀ। ਜਾਨਵਰ ਸਾਰੇ ਹੀ ਬੋਲਦੇ ਨੇ ਪਰ telepathy ਨਾਲ ਗੱਲ ਕਰਦੇ ਨੇ ਇੱਕ ਦੂਜੇ ਨਾਲ। ਕੁਛ ਇਨ੍ਹਾਂ ਦੇ ਨਿਸ਼ਾਨੀਆਂ ਵੀ ਹੈਗੀਆਂ। ਸੋ ਗੁਰੂ ਨਾਨਕ ਸਾਰਿਆਂ ਦੇ ਭਾਵ ਦੀ ਬਾਣੀ ਸਮਝਦੇ ਸੀ, ਸਾਰਿਆਂ ਨੂੰ ਸਮਝਾ ਦਿੰਦੇ ਸੀ। ਦੂਜੀ ਗੱਲ, ਉਹ ਸਾਰਾ ਕੁਛ ਹੀ ਜਾਣਦੇ ਸੀ, ਉਨ੍ਹਾਂ ਦੇ ਮੂਹਰੇ ਤਾਂ ਕੋਈ ਚੀਜ਼ ਨਹੀਂ ਸੀ ਕਿ ਆਹ ਬਾਣੀ ਨਹੀਂ ਜਾਣਦੇ, ਜੀ ਉਹ ਅੰਗ੍ਰੇਜ਼ੀ ਨਹੀਂ ਸੀ ਪੜ੍ਹੇ। ਐਸੀ ਬਾਤ ਨਹੀਂ ਹੈ ਸੋ ਜਿੱਥੇ ਤੱਕ ਧਰਤੀ ਸੀ ਉਥੇ ਤੱਕ ਗੁਰੂ ਨਾਨਕ ਪਾਤਸ਼ਾਹ ਗਏ, ਸਭ ਦਾ ਉਧਾਰ ਕੀਤਾ, ਮਿਸਰ 'ਚ ਗਏ, ਸੁਡਾਨ 'ਚ ਗਏ। ਅਫਰੀਕਾ 'ਚ ਫਿਰਦੇ ਰਹੇ। ਸਾਖੀਆਂ ਆਉਂਦੀਆਂ ਨੇ ਕਿ ਐਹੋ ਜਿਹੇ ਲੋਕ ਸੀ ਕਿ ਜਿਹੜੇ ਬੰਦੇ ਹੀ ਖਾਂਦੇ ਸੀ। ਸੋ ਇਸ ਤਰ੍ਹਾਂ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਕਹਿਣ ਲੱਗੇ, ਪਾਤਸ਼ਾਹ! ਉਹ ਤਾਂ ਪੂਰਨ ਸੰਤ ਸੀ। ਮਹਾਰਾਜ ਚੁੱਪ ਕਰ ਰਹੇ ਕਿ ਭਾਈ ਬਾਲੇ ਨੇ ਨਾਲ ਰਹਿ ਕੇ ਗੁਰੂ ਨਾਨਕ ਨੂੰ ਸਮਝਿਆ ਨਹੀਂ। ਅਸੀਸ ਦਿੱਤੀ ਚੰਗਾ ਭਾਈ! ਤੂੰ ਵੀ ਸੰਤ ਹੋਇਆ। ਬਾਬਾ ਜੀ ਨੂੰ ਪੁੱਛਿਆ ਕਿ ਬਾਬਾ ਜੀ! ਤੁਸੀਂ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਅੱਠ ਸਾਲ ਤੋਂ ਲੱਗੇ ਹੋਏ ਓਂ, ਤੇ ਬੜੇ ਖੁਲ੍ਹ ਕੇ ਦਰਸ਼ਨ ਕਰੇ ਨੇ। ਬਹੁਤ ਕੁਛ ਤੁਸੀਂ ਉਨ੍ਹਾਂ ਬਾਰੇ ਜਾਣਦੇ ਓਂ, ਤੁਸੀਂ ਕੀ ਸਮਝਦੇ

ਰਹੇ? ਬਾਬਾ ਜੀ ਕਹਿੰਦੇ ਕਿ ਮਹਾਰਾਜ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀ। ਕਹਿੰਦੇ, ਚੰਗਾ ਤੁਸੀਂ ਬ੍ਰਹਮਗਿਆਨੀ ਹੋਏ। ਸਾਰਿਆਂ ਨੂੰ ਪੁੱਛਿਆ ਭਾਈ ਭਗੀਰਥ ਨੂੰ, ਮਨਸੁਖ ਨੂੰ, ਸਾਰਿਆਂ ਨੇ ਆਪਣੇ-ਆਪਣੇ ਨਿਹਚੇ ਨਾਲ ਜਵਾਬ ਦਿੱਤਾ। ਜਦੋਂ ਸਾਰੇ ਦੱਸ ਚੁੱਕੇ ਗੁਰੂ ਨਾਨਕ ਪਾਤਸ਼ਾਹ ਦੇ ਬਾਰੇ ਤਾਂ ਉਸ ਵੇਲੇ ਸਾਰਿਆਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਸੀ? ਉਸ ਵੇਲੇ ਆਪ ਦੇ ਨੇਤਰਾਂ 'ਚੋਂ, ਕੋਇਆਂ 'ਚੋਂ ਇੱਕ-ਇੱਕ ਕਤਰਾ ਹੰਝੂਆਂ ਦਾ ਬਹਿ ਤੁਰਿਆ, ਕਾਫੀ ਦੇਰ ਚੁੱਪ ਰਹੇ, ਉਸ ਤੋਂ ਬਾਅਦ ਬੋਲੇ ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ ਦੇ ਬਾਰੇ ਪੁੱਛਦੇ ਓਂ। ਉਹ ਤਾਂ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਆਪ ਨਿਰੰਕਾਰ, ਗੁਰੂ ਨਾਨਕ ਰੂਪ ਹੋ ਕੇ ਪ੍ਰਗਟ ਹੋਏ ਸੀ, ਗੁਰੂ ਜੋਤੀ। ਸਾਰਿਆਂ ਨੇ ਨਮਸ਼ਕਾਰ ਕਰ ਦਿਤੀ, ਪਾਤਸ਼ਾਹ! ਤੁਸੀਂ ਆਪ ਨਿਰੰਕਾਰ ਤਾਂਹੀ ਬਣ ਗਏ। ਨਿਹਚੇ ਦਾ ਫਰਕ ਹੈ, ਚਾਰ ਨਿਹਚੇ ਹੁੰਦੇ ਨੇ। ਪਹਿਲਾ ਨਿਹਚਾ ਹੁੰਦਾ ਹੈ ਕਿ ਮੇਰਾ ਜੋ ਗੁਰੂ ਹੈ ਉਹ ਚੰਗਾ ਸੰਤ ਹੈ, ਦੂਸਰਾ ਨਿਹਚਾ ਹੁੰਦਾ ਹੈ ਕਿ ਸਾਰੇ ਸੰਤਾਂ ਤੋਂ ਚੰਗਾ ਸੰਤ ਹੈ। ਤੀਸਰਾ ਨਿਹਚਾ ਹੁੰਦਾ ਹੈ ਕਿ ਉਹ ਤਾਂ ਪ੍ਰਭੂ ਵਰਗਾ ਹੈ, ਚੌਥਾ ਨਿਹਚਾ ਹੁੰਦਾ ਹੈ ਕਿ ਉਹ ਤਾਂ ਸਾਖਸ਼ਾਤ ਆਪ ਹੀ ਪ੍ਰਮੇਸ਼ਰ ਹੈ। ਸੋ ਜਿਹੋ ਜਿਹਾ ਜਾਣਦਾ ਹੈ -

ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥
ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥ ਅੰਗ - ੩੦

ਕਹਿੰਦੇ, ਲਾ ਕੇ ਦੇਖ ਭਾਉ, ਪਿਆਰ ਲਾ ਕੇ ਦੇਖ ਲਓ, ਸਹਸਾ ਨਾ ਇਹਦੇ 'ਚ ਕਰਿਓ।

ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥
ਅੰਗ - ੩੦

ਉਹ ਤਾਂ ਸ਼ਬਦ ਦੇ ਨਾਲ ਮਿਲੇ ਹੁੰਦੇ ਨੇ, ਇਕੋ ਹੀ ਹੁੰਦੇ ਨੇ, ਦੋ ਨਹੀਂ ਹੋਇਆ ਕਰਦੇ। ਸੋ ਕਹਿਣ ਲੱਗੇ, ਮਨਸੁਖ ਜੀ! ਤੁਸੀਂ ਇਸ ਗੱਲ ਦੇ ਉਤੇ ਸੰਸਾ ਨਾ ਕਰੋ। ਉਹ ਤਾਂ ਕਰਤਾਰ ਨੇ ਆਪਣਾ ਨਿੱਜ ਸਰੂਪ ਬਣਾਇਆ ਹੈ।

ਮਤਵਾਲਾ ਬੰਦਾ ਇਸ ਚੀਜ਼ ਨੂੰ, ਮਹਿਮਾ ਨੂੰ ਜਾਣਦਾ ਹੈ। ਪਰ ਹੁਣ ਅੱਜਕੱਲ੍ਹ ਆਪਣੇ ਆਪ ਨੂੰ ਛੁਪਾਈ ਬੈਠੇ ਨੇ, ਮੋਦੀ ਬਣੇ ਹੋਏ ਨੇ, ਕਈ ਵਾਰੀ ਮੌਜ 'ਚ ਆ ਕੇ ਆਪ ਤੋਲਣ ਲੱਗ ਜਾਂਦੇ ਨੇ। ਜਦੋਂ ਬਾਰ੍ਹਾਂ ਤੋਂ ਬਾਅਦ ਤੇਰ੍ਹਾਂ ਆਉਂਦਾ ਹੈ, 13 ਨਹੀਂ ਕਹਿੰਦੇ 'ਤੇਰਾ' ਕਹਿੰਦੇ ਨੇ। 'ਤੇਰਾ-ਤੇਰਾ' ਸਮਾਧੀ ਲਗ ਜਾਂਦੀ ਹੈ। ਸਮਾਧੀ ਖੁਲ੍ਹਦੀ ਨਹੀਂ, ਤਕੜੀ ਰੁੱਕ ਜਾਂਦੀ ਹੈ, ਗਾਹਕ ਖੜ੍ਹੇ ਦੇਖਦੇ ਨੇ ਕਿ 13 ਨੇ ਕੀ ਕਰ ਦਿੱਤਾ। ਕਹਿੰਦੇ ਜਦੋਂ ਵੱਟਾ ਚੁੱਕਦੇ ਨੇ ਸੇਰ ਦਾ, ਦੋ ਸੇਰ ਦਾ, ਪਾਈ ਜਾਂਦੇ ਨੇ ਪੰਜ ਸੇਰ ਦਾ ਪਾ ਲੈਂਦੇ ਨੇ, ਦੱਸ ਸੇਰ ਦਾ ਪਾ ਲੈਂਦੇ ਨੇ। ਪਰ ਜਦੋਂ 'ਪਾ' ਨੂੰ ਹੱਥ ਲਾਉਂਦੇ ਨੇ ਤਾਂ ਕਹਿੰਦੇ ਨੇ ਧੰਨ ਪਾ, ਧੰਨ ਪਾ। ਪਾ ਮਾਲਕ ਪਾ। ਪਾ ਹੀ ਪਾ ਕਹੀ ਜਾਂਦੇ ਨੇ ਫੇਰ। ਵਜਦ 'ਚ ਆ ਜਾਂਦੇ ਨੇ। ਪੂਰਨ ਨੇ, ਚੌਦਾਂ ਹੀ ਲੋਕਾਂ ਦੇ ਨਿਅੰਤਾ ਨੇ। ਕਹਿਣ ਲੱਗਿਆ, ਠੀਕ ਹੈ ਭਾਈ, ਬਿਲਕੁਲ ਠੀਕ ਹੈ। ਤੇਰਾ ਅਨੁਭਵ ਤੇਰੇ ਵਾਸਤੇ ਠੀਕ ਹੈ ਪਰ ਮੈਂ ਤਾਂ ਥਾਂ-ਥਾਂ 'ਤੇ ਫਿਰ ਕੇ, ਜਿਵੇਂ ਮੱਛੀ ਪੱਥਰ ਚੱਟ ਕੇ ਮੁੜਦੀ ਹੈ, ਮੇਰਾ ਨਿਹਚਾ ਕੁਛ ਹਿੱਲਿਆ ਹੋਇਆ ਹੈ। ਮੇਰੀ ਤਾਂ ਜਦੋਂ ਤੱਕ ਨਿਸ਼ਾ ਨਹੀਂ ਪੂਰੀ ਹੁੰਦੀ, ਜਦ ਤਕ ਮੈਂ ਏਨਾਂ ਵਿਸ਼ਵਾਸ਼ ਤਾਂ ਨਹੀਂ ਕਰ ਸਕਦਾ ਜਿੰਨਾਂ ਤੂੰ ਕਰਦਾ ਹੈਂ। ਸੋ ਕਹਿਣ ਲੱਗਿਆ, ਠੀਕ ਹੈ, ਤੁਸੀਂ ਨਿਸ਼ਾ ਕਰਾ ਲਿਓ। ਤੇ ਮੈਨੂੰ ਤਾਂ ਜਦ ਤੋਂ ਉਨ੍ਹਾਂ ਨੇ ਨਾਮ ਦੀ ਦਾਤ ਦਿੱਤੀ ਹੈ ਮੈਂ ਹਲਕਾ ਫੁਲਕਾ ਹੋ ਗਿਆ। ਅੰਤਸ਼ਕਰਣ ਦੀ ਸਾਰੀ ਮੈਲ ਲਹਿ ਗਈ ਹੈ ਤੇ ਆਪਣੇ ਸਰੂਪ ਦੇ ਦਰਸ਼ਨ ਹੁੰਦੇ ਨੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ।

ਧਾਰਨਾ - ਅੰਮ੍ਰਿਤ ਨਾਮ ਰਿਦੇ ਮਹਿ ਦੀਨੋ,
ਜਨਮ ਜਨਮ ਕੀ ਮੈਲ ਗਈ।

ਗੁਰਿ ਪੂਰੈ ਮੇਰੀ ਰਾਖਿ ਲਈ ॥
ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥
ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥
ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥
ਅੰਗ - ੮੨੩

ਕਹਿਣ ਲੱਗੇ, ਮਨਸੁਖ ਜੀ! ਠੀਕ ਹੈ, ਆਦਮੀ ਆਪਣੀ-ਆਪਣੀ ਅਕਲ ਦੇ ਪਿੱਛੇ ਚਲਦਾ ਹੈ। ਪਰ ਮੈਂ ਤਾਂ ਜੋ ਹੱਡਬੀਤੀ ਹੈ ਮੇਰੇ ਨਾਲ, ਮੈਂ ਤੁਹਾਨੂੰ ਉਹ ਬੇਨਤੀ ਕੀਤੀ ਹੈ ਕਿ ਭਰੋਸਾ ਹੀ ਸਾਰੀ ਚੀਜ਼ ਹੁੰਦੀ ਹੈ, ਸ਼ਰਧਾ ਹੀ ਸਾਰੀ ਚੀਜ਼ ਹੁੰਦੀ ਹੈ। ਜੇ ਗੁਰੂ ਤੋਂ ਕੁਛ ਲੈਣਾ ਹੈ, ਮਹਾਂਪੁਰਸ਼ ਤੋਂ ਲੈਣਾ ਹੈ ਜੇ ਸ਼ਰਧਾ ਹੋਵੇ ਤਾਂ ਮਿਲ ਜਾਂਦਾ ਹੈ, ਨਾ ਹੋਵੇ ਫੇਰ ਨਹੀਂ ਮਿਲਦਾ।

ਇੱਕ ਵਾਰੀ ਇੱਕ ਰਾਜਾ ਆਪਣੇ ਵਜ਼ੀਰ ਨੂੰ ਕਹਿਣ ਲੱਗਿਆ, ਵਜ਼ੀਰ ਸਾਹਿਬ! ਇੱਕ ਗੱਲ ਨਹੀਂ ਮੇਰੇ ਸਮਝ 'ਚ ਆ ਰਹੀ। ਉਹ ਕਹਿੰਦੇ, ਦੱਸੋ। ਕਹਿੰਦੇ, ਇਹ ਦੱਸੋ ਕਿ ਪੀਰ ਵੱਡਾ ਹੈ ਕਿ ਯਕੀਨ ਵੱਡਾ ਹੈ, ਭਰੋਸਾ। ਇਨ੍ਹਾਂ ਦੋਹਾਂ 'ਚੋਂ ਕਿਹੜੀ ਚੀਜ਼ ਵੱਡੀ ਹੈ। ਕਹਿੰਦੇ ਜੀ, ਦੋਵੇਂ ਵੱਡੀਆਂ ਨੇ। ਪੀਰ ਵੱਡਾ ਤੇ ਭਰੋਸਾ ਵੀ ਵੱਡਾ। ਦੋਵੇਂ ਵੱਡੇ ਚਾਹੀਦੇ ਨੇ। ਉਹ ਕਹਿੰਦਾ, ਮੈਂ ਨਹੀਂ ਇਹ ਗੱਲ ਸੁਣਦਾ ਮੈਨੂੰ ਇੱਕ ਦੱਸ। ਕਹਿੰਦਾ, ਮਹਾਰਾਜ! ਦੋਵੇਂ ਵੱਡੇ ਨੇ। ਅਖੀਰ ਜਦ ਪੰਜ ਸੱਤ ਇਹੀ ਗੱਲ ਹੋਈ ਤਾਂ ਕਹਿੰਦੇ ਮੈਨੂੰ ਇੱਕ ਦੱਸ, ਇੱਕ ਕਿਉਂ ਨਹੀਂ ਕਹਿੰਦਾ? ਕਹਿੰਦਾ ਮਹਾਰਾਜ! ਮੈਂ ਫੇਰ ਦੱਸ ਦਿੰਦਾ ਹਾਂ। ਉਹ ਇਹ ਹੈ ਕਿ ਭਰੋਸਾ ਵੱਡਾ ਹੈ। ਜੇ ਪੀਰ ਵਿੱਚ ਕਮਜ਼ੋਰੀ ਵੀ ਹੋਵੇ, ਭਰੋਸਾ ਪੂਰਾ ਹੋਵੇ ਤਾਂ ਵੀ ਤਰ ਜਾਂਦਾ ਹੈ। ਧੰਨੇ ਦਾ ਜਿਹੜਾ ਮੁਰਸ਼ਦ ਸੀ ਜਿਹਨੇ ਵੱਟਾ ਦਿੱਤਾ ਉਹ ਕਮਜ਼ੋਰ ਸੀਗਾ, ਲੇਕਿਨ ਜਿਹੜਾ ਭਰੋਸਾ ਸੀ ਧੰਨੇ ਦਾ, ਪ੍ਰਤੱਖ ਹੋ ਰੱਬ ਮਿਲ ਗਿਆ ਉਸਨੂੰ। ਪ੍ਰਸ਼ਾਦੇ ਛਕ ਲਏ ਉਹਨੇ। ਬਾਅਦ ਵਿੱਚ ਜਿਹੜਾ ਮੁਰਸ਼ਦ ਸੀ, ਜਦੋ ਉਹਨੂੰ ਪਤਾ ਲੱਗਿਆ, ਤ੍ਰਿਲੋਚਨ ਨੂੰ ਕਿ ਧੰਨੇ ਨੂੰ ਪ੍ਰਾਪਤੀ ਹੋ ਗਈ। ਕੋਲ ਚਲਿਆ ਗਿਆ, ਕਹਿੰਦਾ ਧੰਨਿਆਂ! ਪ੍ਰਸ਼ਾਦਾ ਛਕਾਉਂਦਾ ਹੁੰਦਾ ਹੈਂ, ਕਹਿੰਦਾ ਹਾਂ ਜੀ। ਉਹ ਨਹੀਂ ਅਭਿਮਾਨ 'ਚ ਆਇਆ। ਉਵੇਂ ਜਿਵੇਂ ਰਿਹਾ। ਕਹਿੰਦੇ ਪ੍ਰਸ਼ਾਦਾ ਛਕਾਉਂਦਾ ਹੈਂ? ਕਹਿੰਦਾ ਹਾਂ ਜੀ। ਕਹਿੰਦੇ, ਸੱਚੀਓਂ ਕਹਿੰਦਾ ਹੈਂ ਕਿ ਆਪੇ ਹੀ ਖਾ ਕੇ ਕਹਿ ਦਿੰਦਾ ਹਾਂ। ਕਹਿੰਦਾ, ਨਾ ਮਹਾਰਾਜ! ਉਹ ਤਾਂ ਰੋਜ਼ ਛਕਦੇ ਨੇ। ਕਹਿੰਦੇ, ਹੁਣ ਰਹਿੰਦੇ ਕਿੱਥੇ ਨੇ, ਕਹਿੰਦੇ ਮੇਰੇ ਕੋਲੋਂ ਜਾਂਦੇ ਹੀ ਨਹੀਂ, ਇੱਥੇ ਹੀ ਰਹਿੰਦੇ ਨੇ। ਕਹਿੰਦੇ ਹੁਣ ਵੀ ਹੈਗੇ? ਕਹਿੰਦਾ ਹਾਂ। ਕਹਿੰਦਾ ਕਿੱਥੇ ਨੇ? ਕਹਿੰਦਾ ਓ ਦੇਖੋ! ਔਹ ਜਿਹੜੀ ਲਾਲ ਗਊ ਹੈ ਗੋਰੀ

ਗਊ ਉਹਦੇ ਨਾਲ ਖੜ੍ਹੇ ਨੇ। ਕਹਿੰਦਾ ਕਿਹੜੀ? ਕਹਿੰਦਾ, ਉਹ ਦੇਖੋ ਮਹਾਰਾਜ! ਦਰਖਤ ਦੇ ਉਰਲੇ ਪਾਸੇ। ਕਹਿੰਦਾ, ਗਊ ਤਾਂ ਖੜ੍ਹੀ ਹੈ ਪਰ ਮੈਨੂੰ ਤਾਂ ਨਾਲ ਦਿਸਦੇ ਨਹੀਂ? ਕਹਿੰਦਾ, ਨਾਲ ਖੜ੍ਹੇ ਨੇ। ਆਹ ਹੁਣ ਏਧਰ ਨੂੰ ਤੁਰੇ ਆਉਂਦੇ ਨੇ। ਕਹਿੰਦੇ, ਧੰਨਿਆਂ! ਤੇਰੀ ਨਿਗ੍ਹਾ ਠੀਕ ਹੈ, ਕੋਈ ਦਿਮਾਗ ਵਿੱਚ ਤਾਂ ਨਹੀਂ ਨੁਕਸ? ਕਹਿੰਦਾ, ਨਹੀਂ ਆਹ ਗੱਲ ਨਹੀਂ ਹੈ ਹਲਟ ਵੀ ਹੱਕਦੇ ਹੁੰਦੇ ਨੇ। ਨੱਕੇ ਵੀ ਉਹ ਛੱਡਦੇ ਨੇ, ਕੁਤਰਾ ਵੀ ਕਰ ਦਿੰਦੇ ਨੇ, ਮੱਝਾਂ ਦੀਆਂ ਧਾਰਾਂ ਵੀ ਕੱਢ ਦਿੰਦੇ ਨੇ। ਕਹਿੰਦੇ, ਤੂੰ ਕੀ ਕਰਦਾ ਹੈਂ? ਮੈਨੂੰ ਕਹਿੰਦੇ ਨੇ ਕਿ ਤੂੰ ਇੱਥੈ ਬੈਠਾ ਰਾਮ-ਰਾਮ ਕਰੀ ਜਾਹ। ਮੈਨੂੰ ਆਹੀ ਚੰਗਾ ਲਗਦਾ ਹੈ, ਮੈਨੂੰ ਆਦਤ ਪਈ ਹੋਈ ਹੈ। ਮੈਂ ਤਾਂ ਜਦੋਂ ਤੋਂ ਸੰਸਾਰ ਦੀ ਉਤਪਤੀ ਹੋਈ ਹੈ ਉਸ ਵੇਲੇ ਤੋਂ ਹੀ ਸੰਤਾਂ ਦਾ ਕੰਮ ਕਰੀ ਜਾਂਦਾ ਹਾਂ ਤੇ ਮੈਨੂੰ ਕਰਨ ਹੀ ਨਹੀਂ ਦਿੰਦੇ। ਕੁਛ ਸਮਝ ਗਿਆ ਕਿ ਕੋਈ ਹੈ ਗੜਬੜ ਜ਼ਰੂਰ। ਕੋਈ ਗੱਲ ਹੈ, ਗੱਲ ਤੋਂ ਬਿਨਾਂ ਤਾਂ ਇਹ ਕਰ ਨਹੀਂ ਰਿਹਾ। ਲੋਕ ਵੀ ਇਹ ਕਹਿੰਦੇ ਨੇ ਕਿ ਧੰਨੇ ਦਾ ਖੂਹ ਆਪੇ ਚੱਲੀ ਜਾਂਦਾ ਹੈ, ਨੱਕੇ ਵੀ ਆਪੇ ਛੱਡੀ ਜਾਂਦੇ ਨੇ, ਧੰਨਾ ਬੈਠਾ ਰਹਿੰਦਾ ਹੈ ਅੱਖਾਂ ਮੀਚ ਕੇ। ਬਈ, ਆਹੀ ਗੱਲ ਹੋਣੀ ਹੈ ਇਹਨੇ ਦੱਸੀ ਤਾਂ ਕਿਸੇ ਨੂੰ ਹੈ ਨਹੀਂ। ਫੇਰ ਉਹਨੇ ਬੇਨਤੀ ਕਰੀ ਕਿ ਧੰਨਿਆਂ! ਬਈ ਮੈਂ ਸੱਚ ਦਸਦਾ ਹਾਂ ਕਿ ਮੈਂ ਤਾਂ ਐਵੇਂ ਹੀ ਤੈਨੂੰ ਕਿਹਾ ਸੀਗਾ, ਭੋਗ ਤਾਂ ਮੈਂ ਲਵਾਉਂਦਾ ਹਾਂ, ਪਰ ਮੇਰਾ ਤਾਂ ਕਦੇ ਖਾਧਾ ਨਹੀਂ, ਮੈਂ ਤਾਂ ਆਪੇ ਹੀ ਖਾਂਦਾ ਹੁੰਦਾ ਹਾਂ। ਕਹਿੰਦਾ, ਤੂੰ ਠਾਕੁਰ ਨੂੰ ਬੇਨਤੀ ਕਰ ਕਿ ਮੈਨੂੰ ਵੀ ਦਰਸ਼ਨ ਦੇ ਦੇਵੇ। ਸੋ ਉਸ ਵੇਲੇ ਜਾ ਕੇ ਬੇਨਤੀ ਕਰੀ, ਧੰਨਾ ਕਹਿਣ ਲੱਗਿਆ ਮਹਾਰਾਜ! ਮੈਨੂੰ ਇਹਨੇ ਲਾਇਆ ਹੈ, ਇਹ ਮੇਰਾ ਗੁਰੂ ਹੈ। ਮੁਰਸ਼ਦ ਹੈ, ਤੁਸੀਂ ਇਹਨੂੰ ਦਰਸ਼ਨ ਨਹੀਂ ਦਿੱਤੇ। ਕਹਿੰਦੇ, ਧੰਨਿਆਂ! ਇਹ ਤਾਂ ਚਲਾਕ ਹੈ, ਚਲਾਕਾਂ ਨੂੰ ਨਹੀਂ ਮੇਰੇ ਦਰਸ਼ਨ ਹੁੰਦੇ।

ਤੇਰੇ ਮਨ ਵਿੱਚ ਭੋਲਾਪਨ ਸੀ, ਤਰਕ-ਵਿਤਰਕ ਵਾਲਿਆਂ ਨੂੰ ਮੈਂ ਨਹੀਂ ਮਿਲਿਆ ਕਰਦਾ ਤੇ ਤੇਰੇ ਮਨ 'ਚ ਵਿਸ਼ਵਾਸ਼ ਸੀਗਾ, ਧੰਨਿਆਂ! ਮੈਂ ਤਾਂ ਵਸ ਹਾਂ ਪਿਆਰ ਦੇ। ਜਿੱਥੇ ਪਿਆਰ ਹੁੰਦਾ ਹੈ, ਉਥੇ ਮੈਂ ਬੰਨਿਆਂ ਜਾਂਦਾ ਹਾਂ। ਮੇਰੇ ਤੋਂ ਜਿਹਦਾ ਵੀ ਜੀਅ ਕਰਦਾ ਹੈ, ਕੰਮ ਕਰਾਉਂਦੇ ਨੇ ਪਿਆਰ ਵਾਲੇ। ਵਸ 'ਚ ਆ ਜਾਂਦਾ ਹਾਂ -

ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ***ਅੰਗ - ੯੬੨***

ਸੋ ਦਰਸ਼ਨ ਇਹਨੂੰ ਹੋ ਨਹੀਂ ਸਕਦੇ। ਕਹਿਣ ਲੱਗਿਆ, ਨਾ ਮਹਾਰਾਜ ਕ੍ਰਿਪਾ ਕਰੋ ਜੇ ਇਹ ਮੈਨੂੰ ਨਾ ਤੁਹਾਡੇ ਲੜ ਲਾਉਂਦਾ ਫੇਰ ਕੀ ਬਣਦਾ। ਕਹਿੰਦੇ ਤੂੰ ਮੰਨ ਲਈ ਗੱਲ। ਜਿਹੜਾ ਮੰਨਦਾ ਹੈ -

ਮੰਨੈ ਤਰੈ ਤਾਰੇ ਗੁਰੁ ਸਿਖ ॥ ***ਅੰਗ - ੩***

ਕਹਿੰਦੇ ਜਿਹੜਾ ਸਿੱਖ ਹੁੰਦਾ ਹੈ ਉਹ ਗੁਰੂ ਨੂੰ ਵੀ ਤਾਰ ਦਿੰਦਾ ਹੈ। ਜਿਹਦੇ ਮਨ 'ਚ ਨਿਹਚਾ ਹੁੰਦਾ ਹੈ। ਕਹਿੰਦੇ ਚਲ ਇੱਕ ਵਾਰੀ ਦਰਸ਼ਨ ਦੇ ਦੇਵਾਂਗੇ ਇਹਨੂੰ। ਪਰ ਇਸ ਤਰ੍ਹਾਂ ਨਹੀਂ ਦੇਣਾ। ਇਹਨੇ ਵੱਟਾ ਜਿਹੜਾ ਤੈਨੂੰ ਫੜਾਇਆ ਸੀ, ਇਹਦੇ ਨਾਲ ਇਹ ਜੁੱਤੀਆਂ ਦੇ ਕਿੱਲ ਠੋਕਦਾ ਹੁੰਦਾ ਸੀ, ਕਹਿੰਦੇ ਤੈਨੂੰ ਦੇ ਦਿੱਤਾ ਠਾਕੁਰ ਬਣਾ ਕੇ। ਚਲਾਕ ਹੈ ਕਹਿੰਦੇ। ਪਾਤਸ਼ਾਹ! ਮੇਰੇ ਕਰਕੇ ਇਹਨੂੰ ਦਰਸ਼ਨ ਦੇ ਦਿਓ।

ਸੋ ਕਹਿਣ ਲੱਗੇ ਜੇ ਪੀਰ ਮਾੜਾ ਵੀ ਹੈ, ਵਿਸ਼ਵਾਸ਼ ਪੂਰਾ ਹੋਵੇ ਤਾਂ ਵੱਡਾ ਹੁੰਦਾ ਭਰੋਸਾ, ਉਹਦੇ ਨਾਲ ਤਰ ਜਾਇਆ ਕਰਦਾ ਹੈ। ਕਹਿੰਦੇ, ਬਾਕੀ ਜੇ ਇਹ ਗੱਲ ਪੱਕੀ ਦੇਖਣੀ ਹੈ ਤਾਂ ਮੈਨੂੰ ਛੇ ਮਹੀਨੇ ਦੀ ਮੋਹਲਤ ਦਿਓ। ਮੋਹਲਤ ਦੇ ਦਿਤੀ ਗਈ। ਉਹ ਰਾਜਾਂ ਨੂੰ ਲੈ ਗਿਆ, ਮਜ਼ਦੂਰ ਲੈ ਗਿਆ। ਇੱਕ ਜਗ੍ਹਾ ਜਾ ਕੇ ਕਹਿਣ ਲੱਗਿਆ ਕਿ ਇੱਥੇ ਪੀਰ ਜੁੱਤੇਸ਼ਾਹ ਹੋਏ ਨੇ, ਉਨ੍ਹਾਂ ਦਾ ਮਜ਼ਾਰ ਨਹੀਂ ਕਿਸੇ ਨੇ ਬਣਾਇਆ, ਬਹੁਤ ਵੱਡੇ ਪੀਰ ਸੀ, ਸਾਡੇ ਬਜ਼ੁਰਗ ਉਥੇ ਜਾਂਦੇ ਹੁੰਦੇ। ਆਪਣੇ ਪੈਰ ਦਾ ਇੱਕ ਜੁੱਤਾ ਲਾਹ ਕੇ ਇੱਕ ਬਕਸੇ 'ਚ ਬੰਦ ਕਰ ਦਿਤਾ। ਨਿਹੁੰ 'ਚ ਦਬਾ ਕੇ ਮਜ਼ਾਰ ਬਣਾ ਦਿੱਤਾ। ਵੀਰਵਾਰ ਦਾ ਮੇਲਾ ਹੈ ਸਾਰੇ ਸੱਦਾ ਦੇ ਦਿੱਤਾ। ਇਸ਼ਤਿਹਾਰ ਕੱਢ ਦਿੱਤੇ, ਦੁਨੀਆਂ ਚੱਲ ਪਈ ਸਾਰੀ। ਭਰੋਸੇ ਦੀ ਸਾਰੀ ਗੱਲ ਹੁੰਦੀ ਹੈ, ਸੁੱਖਾਂ ਵਰ ਆਉਣ ਲੱਗ ਗਈਆਂ ਤੇ ਰੌਲਾ ਪੈ ਗਿਆ, ਬਹੁਤ ਵੱਡਾ ਇਕੱਠ ਹੋਣ ਲੱਗ ਗਿਆ। ਛੇ ਮਹੀਨੇ ਬਾਅਦ ਰਾਜੇ ਦਾ ਲੜਕਾ ਬੀਮਾਰ ਹੋ ਗਿਆ। ਹਕੀਮ ਘਬਰਾਹਟ 'ਚ ਪਏ ਹੋਏ ਨੇ। ਵਜ਼ੀਰ ਨੂੰ ਪੁੱਛਿਆ ਕਿ ਹਕੀਮ ਦਵਾਈ ਦਿੰਦੇ ਨੇ, ਲਗਦੀ ਨਹੀਂ ਹੈ। ਕਹਿੰਦੇ, ਮਹਾਰਾਜ! ਪੀਰ ਜੁੱਤੇਸ਼ਾਹ ਦਾ ਮਜ਼ਾਰ ਹੈ ਉਥੇ ਸੁਖਨਾ ਸੁੱਖ ਲਓ ਹੋ ਜਾਏਗਾ। ਉਥੇ ਗਿਆ, ਰਾਜੇ ਨੇ ਸੁੱਖਣਾ ਸੁੱਖੀ ਕਿ ਪੀਰ ਜੀ! ਮੈਂ ਤੁਹਾਡਾ ਬਹੁਤ ਵੱਡਾ ਮਜ਼ਾਰ ਬਣਾ ਦੇਵਾਂਗਾ, ਮੇਰੇ ਲੜਕੇ ਨੂੰ ਤੰਦਰੁਸਤ ਕਰੋ। ਥੋੜ੍ਹੇ ਦਿਨਾਂ 'ਚ ਲੜਕਾ ਵਲ ਹੋ ਗਿਆ, ਉਸ ਵੇਲੇ ਰਾਜਾ ਵੱਡੇ ਜਲੂਸ ਦੇ ਨਾਲ, ਬੈਂਡ-ਵਾਜੇ ਵਜਾਉਂਦਾ ਹੋਇਆ ਉਥੇ ਜਾ ਰਿਹਾ ਹੈ, ਮੰਨਤ ਦੇਣ ਵਾਸਤੇ। ਇਹ ਵਜ਼ੀਰ ਪਹਿਲਾਂ ਹੀ ਚਲਿਆ ਗਿਆ, ਇਹਨੇ ਮਜ਼ਦੂਰ ਲਏ ਇਹਨੇ ਜਾ ਕੇ ਮਜ਼ਾਰ ਢਾਹੁੰਣਾ ਸ਼ੁਰੂ ਕਰ ਦਿੱਤਾ। ਰਾਜਾ ਜਦ ਗਿਆ ਮਜ਼ਾਰ ਅੱਧਾ ਢਹਿ ਗਿਆ। ਕਹਿੰਦਾ, ਵਜ਼ੀਰ ਸਾਹਿਬ! ਇਹ ਕੀ ਕਰਨ ਲੱਗੇ ਓਂ? ਕਹਿੰਦਾ, ਮਹਾਰਾਜ! ਤੁਹਾਡੇ ਸਵਾਲ ਦਾ ਜਵਾਬ ਦੇਣ ਲੱਗਿਆ ਹਾਂ। ਕਹਿੰਦੇ, ਮੇਰੇ ਸਵਾਲ ਦਾ ਜਵਾਬ? ਕਹਿੰਦਾ, ਹਾਂ ਮਹਾਰਾਜ! ਤੁਹਾਨੂੰ ਮੈਂ ਇਹ ਗੱਲ ਕਹੀ ਸੀ ਕਿ ਪੀਰ ਨਾਲੋਂ ਯਕੀਨ ਵੱਡਾ ਹੈ, ਭਰੋਸਾ ਵੱਡਾ ਹੈ। ਸੋ ਇਹ ਮਜ਼ਾਰ ਕੋਈ ਨਹੀਂ ਹੈ, ਮੈਂ ਆਪਣੇ ਪੈਰ ਦੀ ਇੱਕ ਜੁੱਤੀ ਇਹਦੇ 'ਚ ਰੱਖ ਕੇ ਮਜ਼ਾਰ ਬਣਾਇਆ ਹੋਇਆ ਹੈ। ਹੁਣੇ ਨਿਕਲ ਆਉਂਦੀ ਹੈ। ਥੋੜ੍ਹੀ ਦੇਰ ਬਾਅਦ ਪੁੱਟੀ। ਬਕਸਾ ਕੱਢ ਲਿਆ, ਕਹਿੰਦਾ, ਮਹਾਰਾਜ! ਆਹ ਜੁੱਤਾ ਮੇਰਾ ਹੈ, ਇੱਕ ਪੈਰ ਤੇ ਆਹ ਦੂਜਾ ਪੈਰ ਦੱਬਿਆ ਹੋਇਆ ਸੀ। ਇਹ ਮੈਂ ਮਸ਼ਹੂਰ ਕਰ ਦਿੱਤਾ ਸੀ। ਭਰੋਸੇ ਦੇ ਨਾਲ, ਕਿਉਂਕਿ ਚੇਤਨ ਸਾਰੇ ਪਰੀਪੂਰਨ ਹੈ, ਕਿਤੇ ਭਰੋਸਾ ਕਰ ਲਓ, ਉਥੇ ਹੀ ਪੂਰਾ ਹੋਣ ਲੱਗ ਜਾਂਦਾ ਹੈ। ਸੋ ਇਸ ਕਰਕੇ ਕਹਿਣ ਲੱਗੇ, ਯਕੀਨ ਵੱਡਾ ਹੈ।

ਸੋ ਕਹਿਣ ਲੱਗਿਆ, ਭਾਈ ਭਗੀਰਥ ਕਿ ਮਨਸੁਖ ਜੀ ਸਾਰੀ ਗੱਲ ਪ੍ਰਤੀਤ ਦੀ ਹੈ। ਕਹਿੰਦਾ, ਉਹ ਤਾਂ ਠੀਕ ਹੈ, ਮੈਂ ਵੀ ਮੰਨਦਾ ਹਾਂ। ਪਰ ਆਹ ਸਮੇਂ ਦੇ ਅੰਦਰ, ਕਲਜੁਗ ਦੇ ਅੰਦਰ, ਪਾਖੰਡ ਵਰਤਿਆ ਹੋਇਆ ਹੈ ਸਾਰੇ। ਜਿਹੜੇ ਸਾਧੂ ਨੇ ਆਪਣੇ ਏਜੰਟ ਰਖਦੇ ਨੇ। ਅਖਬਾਰ ਕਢਾਉਂਦੇ ਨੇ, ਇਸ਼ਤਿਹਾਰ ਕਢਾਉਂਦੇ ਨੇ, ਦੂਰ-ਦੂਰ ਤੱਕ ਆਪਣੀ ਮਹਿਮਾ ਕਰਾਉਂਦੇ ਨੇ। ਪੈਸੇ ਦਿੰਦੇ ਨੇ, ਗੱਠਦੇ ਨੇ ਉਨ੍ਹਾਂ ਨੂੰ। ਬੜੇ ਤਰੀਕੇ ਕਰਦੇ ਨੇ ਤੇ ਬੜੇ ਕਿਸਮ

ਦੇ ਪਾਖੰਡ ਵਰਤਦੇ ਨੇ ਤੇ ਅੰਦਰੋਂ ਨਾਸਤਕ ਨੇ ਤੇ ਇਸ ਹਉਮੈ ਨੇ ਸਾਰੇ ਸੰਸਾਰ ਨੂੰ ਘੇਰਿਆ ਹੋਇਆ ਹੈ। ਹੋ ਸਕਦਾ ਹੈ ਕੋਈ ਇੱਕ ਅੱਧ ਬ੍ਰਹਮਗਿਆਨੀ ਹੋਵੇ, ਕੋਈ ਧਿਆਨੀ ਹੋਵੇ, ਬਾਕੀ ਕਥਨੀ ਹੀ ਕਥਨੀ ਹੈ। ਅਸਲੀਅਤ ਨਹੀਂ ਕਿਤੇ ਤੇ ਉਸ ਵੇਲੇ ਕਹਿਣ ਲੱਗਿਆ, ਮਹਾਰਾਜ! ਵੀ ਤੇਰੇ ਵਾਂਗਣ ਹੀ ਕਹਿੰਦੇ ਨੇ ਕਿ ਭਾਈ ਮਨਸੁਖ! ਉਨ੍ਹਾਂ ਨੇ ਵੀ ਸਾਰੇ ਜ਼ਮਾਨੇ ਦਾ ਅਧਿਐਨ ਕਰਿਆ ਹੈ, ਅੰਤਰ-ਆਤਮੇ ਸਾਰੇ ਥਾਨ ਦੇਖੇ ਨੇ ਤੇ ਆਪ ਦਾ ਫੁਰਮਾਨ ਇਹ ਹੈ ਕਿ ਸੱਚ ਜਿਹੜਾ ਹੈ ਉਹ ਬਹੁਤ ਥੋੜ੍ਹਾ ਰਹਿ ਗਿਆ -

ਧਾਰਨਾ - ਕਰੋੜਾਂ ਵਿੱਚ ਕੋਈ ਐ,
ਰਾਮ ਜੋ ਦੇਖੇ ਸਭ ਥਾਂ।
ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥
ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥ ਅੰਗ - ੫੧

ਜਿਹੜਾ ਤੱਤਵ ਦਾ ਦਰਸ਼ਨ ਕਰਦਾ ਹੈ, ਅਕਾਲਪੁਰਖ ਚੇਤਨ ਦਾ ਸਭ ਥਾਂ ਦੇ ਉਤੇ, ਕਹਿੰਦੇ ਕਰੋੜਾਂ 'ਚ ਇੱਕੋ ਹੀ ਹੈ, ਇਹ ਮਹਾਰਾਜ ਫੁਰਮਾਇਆ ਕਰਦੇ ਨੇ। ਬਾਕੀ ਪਾਖੰਡ ਹੀ ਪਾਖੰਡ ਫਿਰਦਾ ਹੈ -

ਕਹਨ ਕਹਾਵਨ ਇਹੁ ਕੀਰਤਿ ਕਰਲਾ ॥
ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥
ਅੰਗ - ੫੧

ਗੱਲਾਂ ਸਭ ਕਰਦੇ ਨੇ, ਰੂਹਾਨੀਅਤ ਦੇ ਸਿਧਾਂਤ ਦਸਦੇ ਨੇ, ਕਹਿੰਦੇ ਹੀ ਕਹਿੰਦੇ ਨੇ, ਨਿਹਚਾ ਨਹੀਂ ਹੈ, ਕਿਸੇ-ਕਿਸੇ ਦਾ ਨਿਹਚਾ ਹੈ -

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅੰਗ - ੫੬

ਉਹ ਪੋਥੀਆਂ, ਵੇਦਾਂ ਦੀ ਕਥਾ ਕਰਦੇ ਨੇ ਕਿ ਰਾਮ ਹਰੇਕ ਦੇ ਅੰਦਰ ਹੈ, ਲੇਕਿਨ ਉਹ ਬੁੱਝਦੇ ਤਾਂ ਨਹੀਂ ਹਨ, ਗੱਲਾਂ ਹੀ ਗੱਲਾਂ ਰਹਿ ਗਈਆਂ।

ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਅੰਗ - ੫੬

ਕੀਰਤਨ ਸੁਣਾਉਣਗੇ, ਬਹੁਤ ਵਧੀਆ ਉਪਦੇਸ਼ ਦੇਣਗੇ, ਪ੍ਰਬੰਧਕਾਂ ਨਾਲ ਲੜ ਪੈਣਗੇ ਕਿ ਤੂੰ ਥੋੜ੍ਹੇ ਪੈਸੇ ਕਿਉਂ ਦਿੰਦਾ ਹੈਂ। ਮੈਨੂੰ ਪੰਜ ਹਜ਼ਾਰ ਘੰਟੇ ਦਾ ਦੇਹ। ਉਹ ਕਹਿੰਦੇ ਨੇ ਜੀ ਬਹੁਤ ਹੈ, ਗਰੀਬ ਹਾਂ ਅਸੀਂ, ਨਾ ਉਨ੍ਹਾਂ ਨੂੰ ਕੁਛ ਆਇਆ, ਨਾ ਉਨ੍ਹਾਂ ਨੂੰ। ਉਹ ਕਹਿੰਦੇ ਨੇ, ਕਿ ਫਲਾਣੇ ਦਾ ਨਾਉਂ ਲਏ 'ਤੇ ਪੈਸਾ ਬਹੁਤਾ ਆ ਜਾਏਗਾ। ਉਹ ਕਹਿੰਦੇ ਕਿ ਇਹ ਨਾ ਪੈਸਾ ਲੈ ਜਾਣ, ਮੈਂ ਹੀ ਲਵਾਂ ਸਾਰਾ ਪੈਸਾ। ਆਹ ਰੌਲਾ ਹੈ ਮਹਾਰਾਜ ਕਹਿੰਦੇ ਅੰਦਰੋਂ ਮਾਇਆ ਦੀ ਗੱਲਾਂ ਆਉਂਦੀਆਂ ਨੇ।

ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥ ੬ ॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥
ਅੰਗ - ੫੬

ਵਾਦ ਦੀਆਂ ਗੱਲਾਂ ਕਰਦਾ ਹੈ, ਫਲਾਣੇ ਦਾ ਯੁੱਧ ਫਲਾਣੇ ਨਾਲ ਹੋਇਆ, ਏਸ ਤਰ੍ਹਾਂ ਯੁੱਧ ਹੋਇਆ ਉਹਦੀਆਂ ਬਾਤਾਂ ਕਰਦਾ ਹੈ।

ਸੋ ਕਹਿਣ ਲੱਗੇ, ਮਹਾਰਾਜ ਤਾਂ ਮਨਸੁਖ ਜੀ! ਤੇਰੇ ਵਾਲੀ ਗੱਲ ਕਹਿੰਦੇ ਨੇ, ਠੀਕ ਹੈ, ਸੰਸਾਰ ਦੇ ਅੰਦਰ ਕਾਲ ਪਿਆ ਹੋਇਆ ਹੈ। ਸੱਚ ਨਜ਼ਰ ਨਹੀਂ ਆ ਰਿਹਾ ਤੇ ਆਹ ਜਿਹੜਾ ਯੁੱਗ ਆ ਗਿਆ, ਕਲੀ ਕਾਲ ਦਾ ਇਹ ਕਲਾ-ਕਲੇਸ਼ ਦਾ ਯੁੱਗ ਹੈ। ਇੱਥੇ ਬੇਤਾਲੇ ਭੂਤ-ਪ੍ਰੇਤ ਤੁਰੇ ਫਿਰਦੇ ਨੇ ਮਨੁੱਖ ਬਣੇ -

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥
ਅੰਗ - ੫੫੬

ਕਹਿੰਦੇ, ਬੇਤਾਲੇ ਤੁਰੇ ਫਿਰਦੇ ਨੇ ਤੇ ਇਹਦਾ ਰੱਥ ਜਿਹੜਾ ਹੈ ਉਹ ਅੱਗ ਦਾ ਹੋ ਗਿਆ। ਤ੍ਰਿਸ਼ਨਾ ਦਾ, ਵੈਰ ਦਾ ਵਿਰੋਧ ਦਾ, ਬਾਸਾਂ ਵਾਂਗੂੰ ਖਹਿੰਦੇ ਨੇ ਆਪਸ ਵਿੱਚ। ਚਾਹੇ ਪਰਿਵਾਰ ਖਹਿੰਦਾ ਹੈ, ਚਾਹੇ ਪਰਿਵਾਰ ਦੂਜੇ ਪਰਿਵਾਰ ਨਾਲ ਖਹਿੰਦਾ ਹੈ, ਚਾਹੇ ਮੁਹੱਲਾ ਮੁਹੱਲੇ ਨਾਲ ਖਹਿੰਦਾ ਹੈ। ਚਾਹੇ ਇੱਕ ਧਰਮ ਵਾਲਾ ਦੂਜੇ ਧਰਮ ਨਾਲ ਖਹਿੰਦਾ ਹੈ। ਦੇਸ਼ ਵਾਲਾ ਦੂਜੇ ਦੇਸ਼ ਨਾਲ ਖਹਿੰਦਾ ਹੈ। ਕਹਿੰਦੇ ਅੱਗ ਮੱਚ ਰਹੀ ਹੈ ਯੁੱਗ ਦੇ ਅੰਦਰ। ਵੈਰ-ਵਿਰੋਧ ਵਿੱਚ ਆ ਕੇ ਬਾਂਸਾਂ ਵਾਂਗੂੰ ਖਹਿ-ਖਹਿ ਕੇ ਮਰਦੇ ਨੇ, ਧਰਮਹੀਣ ਹੋਣ ਕਰਕੇ ਜੀਵ ਜਿਹੜਾ ਹੈ ਉਹ ਭੂਤਨਾ ਬਣ ਗਿਆ। ਪਹਿਲਾਂ ਜਿਹੜੇ ਪਹਿਲੇ ਯੁੱਗ ਸੀਗੇ, ਉਨ੍ਹਾਂ 'ਚ ਸਤਿ ਸੀ। ਕਹਿੰਦੇ ਸਤਿਜੁਗ ਦੇ ਵਿੱਚ -

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਅੰਗ - ੩੪੬

ਇਨ੍ਹਾਂ ਤਿੰਨਾਂ ਜੁਗਾਂ ਦੇ ਅੰਦਰ ਸਤਿਜੁਗ ਜਿਹੜਾ ਸੀ ਉਹਦੇ ਚਾਰ ਪੈਰ ਸੀਗੇ। ਉਹਦੇ ਅੰਦਰ ਸਤਿ ਸੀਗਾ, ਯੱਗ ਸੀਗਾ, ਪੂਜਾ ਸੀ, ਦਾਨ ਸੀ, ਪਰ ਫੇਰ ਕੀ ਹੋਇਆ?

ਸਤਜੁਗਿ ਧਰਮੁ ਪੈਰ ਹੈ ਚਾਰਿ ॥ ਅੰਗ - ੮੮੦

ਕਹਿੰਦੇ ਸਤਿਜੁਗ ਲੰਘਿਆ। ਚਾਰ ਪੈਰ ਸੀਗੇ, ਜਤ ਦਾ, ਯੱਗ ਦਾ, ਪੂਜਾ ਦਾ ਤੇ ਦਾਨ ਦਾ।

ਤ੍ਰੇਤੈ ਇਕ ਕਲ ਕੀਨੀ ਦੂਰਿ ॥ ਅੰਗ - ੮੮੦

ਤ੍ਰੇਤੇ ਦੇ ਵਿੱਚ ਸਤਿ ਜਾਂਦਾ ਰਿਹਾ, ਸਤਿਵਾਦੀ ਨਾ ਰਹੇ ਤੇ ਤਿੰਨ ਪੈਰ ਰਹਿ ਗਏ। ਯੱਗ, ਪੂਜਾ ਤੇ ਦਾਨ।

ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ ਅੰਗ - ੮੮੦

ਪੂਜਾ ਤੇ ਦਾਨ ਦੇ ਆਸਰੇ ਧਰਮ ਦਾ ਬੈਲ ਤੁਰਦਾ ਹੈ।

ਕਲਜੁਗਿ ਧਰਮ ਕਲਾ ਇਕ ਰਹਾਏ ॥
ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥ ਅੰਗ - ੮੮੦

ਕਲਜੁਗ ਵਿੱਚ ਹੁਣ ਇੱਕ ਪੈਰ ਨਾਲ ਤੁਰਿਆ ਜਾ ਰਿਹਾ ਹੈ। ਇਹਨੂੰ ਵੀ ਤੋੜਨ ਲੱਗਿਆ ਹੋਇਆ ਹੈ ਕਲਜੁਗ। ਇਹ ਦਾਨ ਦਾ ਪੈਰ ਹੈ, ਪਰ ਇਹ ਚਲਦਾ ਨਹੀਂ। ਕਿਉਂ ਨਹੀਂ ਚਲਦਾ। ਮਹਾਰਾਜ ਕਹਿੰਦੇ -

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥
ਅੰਗ - ੧੪੨੮

ਦਾਨ ਦੇ ਕੇ ਆਦਮੀ ਪ੍ਰਗਟ ਕਰ ਰਿਹਾ ਹੈ। ਤਿੰਨ ਤਰ੍ਹਾਂ

ਦਾ ਦਾਨ ਹੈ। ਤਮੋ ਗੁਣ ਦਾਨ, ਰਜੋ ਗੁਣ ਦਾਨ, ਸਤੋ ਗੁਣ ਦਾਨ। ਤਮੋ ਗੁਣੀ ਦਾਨ ਖਿਝ ਕੇ ਦੇ ਰਿਹਾ ਹੈ ਕਿ ਮੈਨੂੰ ਮਾੜਾ ਨਾ ਕਹਿਣ। ਆਪਣੀ ਤਾਕਤ ਤੋਂ ਵੱਧ ਦੇ ਰਿਹਾ ਹੈ। ਰਜੋ ਗੁਣ ਵਾਲਾ ਕਹਿੰਦਾ ਜੀ ਮੇਰਾ ਪੱਥਰ ਲਵਾ ਦਿਓ। ਮੇਰਾ ਨਾਉਂ ਲਿਖੋ, ਲੋਕ ਜਾਨਣ ਕਿ ਮੈਂ ਦਾਨ ਦਿੱਤਾ ਹੈ। ਕਹਿੰਦੇ ਇਹ ਤਾਂ ਦੋ ਹੋ ਗਏ ਨਸ਼ਟ,। ਸਤੋ ਗੁਣ ਵਾਲਾ ਕਹਿੰਦਾ ਹੈ ਕਿ ਜੀ ਗੁਪਤ ਦਾਨ ਲੈ ਲਓ। ਲਿਖਣਾ ਲਿਖਾਉਣਾ ਕਾਹਦਾ ਹੈ। ਠੀਕ ਹੈ ਮੈਨੂੰ ਪ੍ਰਮੇਸ਼ਰ ਨੇ ਦਿੱਤਾ ਹੈ ਤੇ ਮੈਂ ਉਹਦੇ ਵਿਚੋਂ ਕੱਢ ਕੇ ਦੇ ਰਿਹਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ ਪੈਰ ਟੁੱਟ ਗਏ ਚਾਰੋ ਤੇ ਹੁਣ ਗਵਾਰ ਪੈ ਗਿਆ ਅਧਰਮ ਦਾ ਤੇ ਕਲਜੁਗ ਦੇ ਅੰਦਰ ਧਰਮ ਨਹੀਂ ਹੁਣ ਚੱਲ ਸਕਦੇ। ਕਿਉਂਕਿ ਰੁੱਤ ਬਦਲ ਗਈ।

ਕਲਜੁਗ ਮਹਿ ਬਹੁ ਕਰਮ ਕਮਾਹਿ ॥
ਨਾ ਰੁਤਿ ਨ ਕਰਮ ਥਾਇ ਪਾਹਿ ॥ ੧ ॥
ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥
ਗੁਰਮੁਖਿ ਸਾਚਾ ਲਗੈ ਪਿਆਰੁ ॥ ਅੰਗ - ੧੧੨੯

ਇਹਦੇ ਵਿੱਚ ਤਾਂ ਪ੍ਰਮੇਸ਼ਰ ਦੇ ਨਾਮ ਦੇ ਨਾਲ ਤਰਦਾ ਹੈ, ਸੋ ਮਹਾਰਾਜ ਕਹਿੰਦੇ, ਨਾਮ ਹੈ ਨਹੀਂ, ਨਾਮ ਅਲੋਪ ਹੋ ਗਿਆ। ਵਾਦ-ਵਿਵਾਦ ਰਹਿ ਗਿਆ, ਝਗੜੇ-ਝਾਟੇ ਰਹਿ ਗਿਆ। ਇਕ ਧਰਮ ਦੂਜੇ ਧਰਮ ਨਾਲ ਈਰਖਾ ਕਰਦਾ ਹੈ, ਦੂਜਾ ਦੂਸਰੇ ਨੂੰ ਮਾਰ ਕੇ ਖਤਮ ਕਰਨਾ ਚਾਹੁੰਦਾ ਹੈ। ਜ਼ੋਰ ਨਾਲ ਧਰਮ ਬਦਲਾਉਂਦੇ ਨੇ, ਚਲਾਕੀਆਂ ਨਾਲ ਧਰਮ ਬਦਲਾਉਂਦੇ ਨੇ, ਆਪਣੇ ਪਿੱਛੇ ਲਾਉਂਦੇ ਨੇ। ਕਹਿੰਦੇ ਜਿਹੜਾ ਸੱਚ ਸੀਗਾ ਉਹ ਤਾਂ ਦਿਸਦਾ ਹੀ ਨਹੀਂ ਹੈ।

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਅੰਗ - ੧੪੫

ਪਤਾ ਹੀ ਨਹੀਂ ਕਿੱਧਰ ਚਲਿਆ ਗਿਆ, ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,
ਸੱਚ ਵਾਲਾ ਕਾਲ ਪੈ ਗਿਆ।

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ ਅੰਗ - ੪੬੮

ਸੋ ਮਨਸੁਖ ਜੀ! ਜਿਵੇਂ ਤੂੰ ਕਹਿੰਦਾ ਹੈਂ, ਤੂੰ ਇਸ ਗੱਲ 'ਤੇ ਕਹਿੰਦਾ ਹੈਂ ਕਿ ਤੈਨੂੰ ਵੀ ਸੱਚ ਦਾ ਕਿਤੇ ਪਤਾ ਨਹੀਂ ਲੱਗ ਸਕਿਆ। ਮੇਰੇ ਸਤਿਗੁਰੂ ਸਾਰੇ ਸੰਸਾਰ ਨੂੰ ਦੇਖ ਕੇ ਕਹਿੰਦੇ ਨੇ ਕਿ ਕਾਲ ਪੈ ਗਿਆ ਤੇ ਕਲਜੁਗ ਦੀ ਕਾਲਖ ਨੇ ਲੋਕ ਭੂਤਨੇ ਬਣਾ ਦਿਤੇ। ਕਾਲਖ ਲੱਗ ਗਈ ਸਾਰਿਆਂ ਦੇ ਹਿਰਦੇ ਦੇ ਅੰਦਰ। ਜਿਨ੍ਹਾਂ ਦਾ ਨਿਹਚਾ ਤਾਂ ਇੱਕ ਦੇ ਉਤੇ ਸੀ ਵਾਹਿਗੁਰੂ ਦੇ ਉਤੇ ਉਹ ਤਾਂ ਆਪਣੀ ਪਤਿ ਨਾਲ ਗਏ। ਕਦੇ ਉਹਨੂੰ ਮੰਨ, ਕਦੇ ਉਹਨੂੰ, ਪਿਆਰ ਇੱਕ ਨਾਲ ਹੁੰਦਾ ਹੈ ਕਿ ਸਾਰਿਆਂ ਨਾਲ ਹੁੰਦਾ ਹੈ। ਉਥੇ ਵੀ ਮੱਥਾ ਟੇਕ ਆ, ਉਥੇ ਵੀ ਟੇਕ ਆ। ਉਸ ਦੇਵਤੇ ਨੂੰ ਮੰਨ ਲੈ, ਉਹਨੂੰ ਵੀ ਮੰਨ ਲੈ, ਐਸ ਤਰ੍ਹਾਂ ਤਾਂ ਬਣਦਾ ਨਹੀਂ ਕੁਛ, ਕਿਉਂ ਗਲਤੀ 'ਚ ਪੈ ਗਿਆ ਬੰਦਿਆ। ਇਹ ਤੂੰ ਦਾਲ ਬੀਜ ਦਿੱਤੀ, ਦਾਲ ਨਹੀਂ ਅਜੇ ਤੱਕ ਉੱਗੀ। ਰੁੱਤ ਹੋਣੀ ਚਾਹੀਦੀ ਹੈ ਤਾਂ ਦਾਣਾ ਹਰਾ ਹੁੰਦਾ ਹੈ, ਜੇ ਉਸ ਰੁੱਤ ਦਾ ਦਾਣਾ ਬੀਜਿਆ ਜਾਵੇ ਤੇ ਫੇਰ ਇੱਕ ਦੇ ਉਤੇ ਭਰੋਸਾ ਹੋਵੇ। ਇੱਕ ਦਾਣਾ ਹੋਵੇ, ਦਾਣੇ ਨੂੰ ਦੋ-ਫਾੜ ਕਰ ਦਿਓ ਨਹੀਂ ਹੋਏਗਾ। ਇਥੇ ਤਾਂ ਦਾਣਿਆ ਦੇ ਟੁਕੜੇ-ਟੁਕੜੇ ਹੋਏ ਪਏ ਨੇ। ਕਿੰਨਿਆਂ 'ਤੇ ਵਿਸ਼ਵਾਸ਼ ਹੈ ਸਾਡਾ? ਕਿੰਨੀਆਂ ਚੀਜ਼ਾਂ ਨੂੰ ਅਸੀਂ ਮੰਨਦੇ ਹਾਂ ਤਾਂ ਫੇਰ ਇੱਕ ਨਾਲ ਤਾਂ ਨਾ ਹੋਈ ਗੱਲ। ਸੋ ਮਹਾਰਾਜ ਕਹਿੰਦੇ ਆਹ ਵਰਤ ਗਿਆ -

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ ਅੰਗ - ੪੬੮

ਸਤਿਗੁਰੂ ਤੋਂ ਬਗੈਰ ਆਹ ਕੋਰੇ ਨੂੰ ਰੰਗ ਨਹੀਂ ਚੜ੍ਹਿਆ ਕਰਦਾ -

ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥
ਅੰਗ - ੪੬੮

ਭਗਤੀ ਜਾਂਦੀ ਰਹੀ, ਪ੍ਰੇਮਾ ਭਗਤੀ ਅਲੋਪ ਹੋ ਗਈ। ਉਹਦੇ ਨਾਲ ਹੀ ਦਇਆ ਹੋ ਗਈ ਅਲੋਪ, ਧਰਮ ਹੋ ਗਿਆ ਅਲੋਪ, ਖਿਮਾ, ਅਹਿੰਸਾ, ਸਤਿ, ਦਾਨ, ਧੀਰਜ ਆਦਿ ਸਾਰੀਆਂ ਚੀਜ਼ਾਂ ਅਲੋਪ ਹੋ ਕੇ ਹਨ੍ਹੇਰਾ ਛਾ ਗਿਆ। ਹੁਣ ਰਹਿ ਕੀ ਗਿਆ ਬਾਕੀ, ਭੇਖ ਰਹਿ ਗਿਆ ਜਾਂ ਚਲਾਕੀ ਰਹਿ ਗਈ। ਚਾਹੇ ਸਾਧੂ ਨੇ, ਸੰਤ ਨੇ ਡੇਰੇਦਾਰ ਨੇ, ਕੋਈ ਨੇ ਸਾਧਸੰਗਤ ਜੀ! ਰੌਲਾ-ਰੱਪਾ ਹੀ ਹੈ ਸਾਰੇ। ਔਹ ਕਹਿੰਦਾ ਹੈ ਉਹ ਸੰਤ ਨਾ ਉਥੇ ਦੀਵਾਨ ਲਾ ਜਾਏ, ਜੇ ਉਹਨੇ ਲਾ ਲਿਆ ਮੇਰੀ ਕੀਰਤੀ ਘਟ ਜਾਏਗੀ। ਉਹ ਕਹਿੰਦਾ ਹੈ ਕਿ ਉਹ ਬਹੁਤੇ ਪੈਸੇ ਲੈਂਦਾ ਹੈ, ਉਹਦੀ ਨਿੰਦਿਆ ਕਿਸੇ ਤਰੀਕੇ ਨਾਲ ਕਰਾਈਏ। ਇਹ ਸਾਧਾਂ ਸੰਤਾਂ ਦੀਆਂ ਗੱਲਾਂ ਨੇ, ਬਾਕੀ ਦੁਨੀਆਂਦਾਰ ਤਾਂ ਤੁਸੀਂ ਜਾਣਦੇ ਹੀ ਓਂ। ਹੁਣ ਰਹਿ ਕੀ ਗਿਆ, ਸਾਰੇ ਪਾਪ ਦਾ ਵਰਤਾਰਾ ਹੋ ਗਿਆ।

ਸੋ ਭਾਈ ਭਗੀਰਥ ਨੇ ਕਿਹਾ, ਮਨਸੁਖ ਜੀ! ਠੀਕ ਹੋ ਤੁਸੀਂ ਇਸ ਗੱਲ 'ਚ ਪਰ ਸੱਚ ਹੈਗਾ, ਸੱਚ ਦਾ ਸੂਰਜ ਚੜ੍ਹ ਪਿਆ, ਸੋ ਇਸ ਤਰ੍ਹਾਂ ਦੇ ਬਚਨ ਕਰਦੇ ਨੇ, ਬੜਾ ਧਿਆਨ ਦੇ ਰਿਹਾ ਹੈ ਗੱਲਾਂ ਵਿੱਚ ਮਨਸੁਖ ਕਹਿਣ ਲੱਗਿਆ, ਭਾਈ ਭਗੀਰਥ! ਤੂੰ ਤਾਂ ਅੱਜ ਬਹੁਤ ਹੀ ਅਜੀਬ ਗੱਲਾਂ ਸੁਣਾਈਆਂ ਨੇ, ਮੇਰੇ ਹਿਰਦੇ ਦੇ ਅੰਦਰ ਕੁਛ ਹੋਣ ਲੱਗ ਗਿਆ। ਹੁਣ ਆਪਾਂ ਸੌਦਾ ਇਕੱਠਾ ਕਰ ਲਈਏ ਤੇ ਰਾਤ ਮੇਰੇ ਕੋਲ ਰਹਿਣਾ ਹੈ, ਤੁਸੀਂ ਕ੍ਰਿਪਾ ਕਰਿਓ, ਕੋਈ ਥੋੜ੍ਹਾ ਬਹੁਤਾ ਸਮਾਂ ਕੱਢਿਓ ਆਪਾਂ ਬਚਨ ਹੋਰ ਜਾਰੀ ਰੱਖਾਂਗੇ ਕਿਉਂਕਿ ਬਹੁਤ ਅਨੰਦ ਆ ਰਿਹਾ ਹੈ ਤੇ ਮੈਨੂੰ ਵੀ ਕਿਸੇ ਚਾਨਣੇ ਦੀ ਕਿਰਨ ਦਿੱਸਣ ਲੱਗ ਗਈ ਹੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤ ਕਰਦੇ ਹਾਂ।

****

ਕਿਵ ਕੂੜੈ ਤੁਟੈ ਪਾਲਿ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ - 46)

ਉਸ ਵੇਲੇ ਉਨ੍ਹਾਂ ਦੇ ਪਾਸ ਪਹੁੰਚਿਆ। ਜਦ ਜਾ ਰਿਹਾ ਸੀ ਤਾਂ ਮਨ ਦੇ ਅੰਦਰ ਸ਼ਰਧਾ ਸੀ ਲੇਕਿਨ ਜਲੌਅ ਨਾਲ ਲੈ ਗਿਆ, ਬਹੁਤ ਸਾਰੇ ਮੁਰੀਦ ਨਾਲ ਲੈ ਗਿਆ, ਠਾਠ ਬਣਾ ਲਿਆ। ਚਿਤ ਦੇ ਅੰਦਰ ਆਉਂਦਾ ਹੈ ਕਿ ਦਰਸ਼ਨ ਕਰਾਂਗਾ ਤੇ ਚਰਨਾਂ ਦੇ ਉਤੇ ਢਹਿ ਪਵਾਂਗਾ ਤੇ ਸਭ ਕੁਛ ਗੁਰੂ ਨੂੰ ਦੇ ਦੇਵਾਂਗਾ। ਉਸ ਵੇਲੇ ਉਹ ਮੇਰੇ ਤੇ ਕ੍ਰਿਪਾ ਕਰਨਗੇ ਤੇ ਮੈਨੂੰ ਖੁਦਾ ਨਾਲ ਮਿਲਾ ਦੇਣਗੇ। ਉਥੇ ਨੇੜੇ ਪਹੁੰਚ ਕੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰੇ। ਜਿਹੜੇ ਸ੍ਰੇਸ਼ਟ ਬੁੱਧੀ ਵਾਲੇ ਹੁੰਦੇ ਨੇ, ਰੂਹਾਨੀਅਤ ਦੇ ਪੰਧਾਊ ਹੁੰਦੇ ਨੇ, ਉਹ ਮਨ ਦੇ ਅੰਦਰ ਧਾਰਨਾ ਧਾਰਦੇ ਨੇ ਕਿ ਕੀ ਪੁਛਿਆ ਜਾਵੇ? ਉਹਦੇ ਮਨ ਦੇ ਅੰਦਰ ਹੈ ਕਿ ਮੈਂ ਸੁਣਿਆ ਹੈ ਕਿ ਇਸ ਸਰੀਰ ਦੇ ਅੰਦਰ ਦੋ ਆਤਮਾਵਾਂ ਰਹਿੰਦੀਆਂ ਨੇ। ਇਕ ਆਤਮਾ ਤਾਂ ਐਸੀ ਹੈ ਜਿਹੜੀ ਦੁਖ ਸੁਖ ਭੋਗਦੀ ਹੈ ਤੇ ਬਾਹਰ ਦੌੜੀ ਫਿਰਦੀ ਹੈ - ਇੰਦ੍ਰੀਆਂ ਦੇ ਰਾਹੀਂ, ਅੱਖਾਂ ਦੇ ਰਾਹੀਂ ਦੌੜਦੀ ਹੈ, ਕੰਨਾਂ ਦੇ ਰਾਹੀਂ ਦੌੜਦੀ ਹੈ, ਸਪਰਸ਼ ਦੇ ਰਾਹੀਂ ਦੌੜਦੀ ਹੈ; ਇਕ ਆਤਮਾ ਅੰਦਰ ਹੈ ਜਿਹੜੀ ਅੰਦਰ ਵੱਲ ਹੀ ਰਹਿੰਦੀ ਹੈ। ਉਹ ਕਿਤੇ ਜਾਂਦੀ ਨਹੀਂ ਤੇ ਦੋਹਾਂ ਦਾ ਜਿਹੜਾ ਸਾਂਝਾ ਹੈ, ਉਹ ਮਨ ਹੈ ਤੇ ਮੈਨੂੰ ਇਹ ਨਹੀਂ ਪਤਾ ਲਗਦਾ ਕਿ ਮੈਂ ਕਿਹੜਾ ਹਾਂ।

ਗੁਰੂ ਮਹਾਰਾਜ ਦਾ ਬਾਣੀ ਦੇ ਅੰਦਰ ਐਸਾ ਹੀ ਇਕ ਸਲੋਕ ਹੈ, ਸਾਡੀ ਵਿਚਾਰ ਵਾਸਤੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਇਸ ਸਰੀਰ ਦੇ ਅੰਦਰ ਦੋ ਰਹਿੰਦੇ ਨੇ। ਉਨ੍ਹਾਂ ਦੋਹਾਂ ਦੇ ਵਿਚੋਂ ਤੂੰ ਕਿਹੜਾ ਹੈਂ, ਇਹ ਗੁਰੂ ਨੂੰ ਮਿਲ ਕੇ ਪਛਾਣ ਸਕਦਾ ਹੈਂ। ਐਸਾ ਫੁਰਮਾਨ ਹੈ ਗੁਰਬਾਣੀ ਅੰਦਰ -

ਧਾਰਨਾ - ਨਾਨਕ ਤਰਵਰੁ ਏਕ ਫਲੁ ਦੁਇ ਪੰਖੇਰੂ ਆਹਿ॥
ਅੰਗ - ੫੫●

ਨਾਨਕ ਤਰਵਰੁ ਏਕ ਫਲੁ ਦੁਇ ਪੰਖੇਰੂ ਆਹਿ॥ ਅੰਗ - ੫੫●

ਗੱਲ ਬੜੀ ਸੁਖਾਲੀ ਹੈ ਲੇਕਿਨ ਸਮਝਣ ਵਿਚ ਉਤਨੀ ਹੀ ਔਖੀ ਹੈ। ਇਹ ਜੋ ਬਾਤ ਹੋ ਰਹੀ ਹੈ, ਸਾਧ ਸੰਗਤ ਜੀ! ਇਹ ਕਿਸੇ ਆਮ ਪੱਧਰ ਦੇ ਜਗਿਆਸੂ ਨਾਲ ਨਹੀਂ ਹੋ ਰਹੀ ਜਿਹਨੂੰ ਇਹ ਕਹਿਣ ਦੀ ਲੋੜ ਹੈ ਕਿ ਤੂੰ ਚੜ੍ਹਾਈ ਕਰ ਜਾਣੀ ਹੈ, ਤੈਨੂੰ ਜਮਦੂਤਾਂ ਨੇ ਅੱਗੇ ਜਾ ਕੇ ਮਾਰਨਾ ਹੈ, ਲੇਖੇ ਦੇਣੇ ਨੇ। ਇਹ ਤਾਂ ਪਹਿਲੀ ਦੂਜੀ ਕਲਾਸ ਦੇ ਵਿਦਿਆਰਥੀ ਹੋਇਆ ਕਰਦੇ ਨੇ - ਰੂਹਾਨੀਅਤ ਦੇ। ਇਕ ਇਸ ਤੋਂ ਉਤੇ ਹੋਇਆ ਕਰਦੇ ਨੇ ਜਿਹੜੇ ਰੌਚਕ ਬਿਰਤੀ ਰੱਖਦੇ ਨੇ ਕਿ ਨਾਮ ਜਪਣ ਦੇ ਨਾਲ ਤੇਰੀਆਂ ਆਸਾਂ ਪੂਰੀਆਂ ਹੋ ਜਾਣਗੀਆਂ, ਦੁਖਾਂ ਦਾ ਨਾਸ਼ ਹੋ ਜਾਏਗਾ, ਤੈਨੂੰ ਸਭ ਕੁਛ ਮਿਲ ਜਾਏਗਾ -

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥ ਅੰਗ - ੨੬੬

ਇਕ ਜਗਿਆਸੂ ਇਨ੍ਹਾਂ ਸਾਰਿਆਂ ਤੋਂ ਉਤੇ ਲੰਘ ਜਾਂਦੇ ਨੇ ਤੇ ਨਾਮ ਦੀਆਂ ਅਵਸਥਾਵਾਂ ਵਿਚ ਹੁੰਦੇ ਨੇ। ਉਨ੍ਹਾਂ ਵਾਸਤੇ ਇਹ ਉਪਦੇਸ਼ ਹੁੰਦੇ ਨੇ ਕਿ ਤੇਰੇ ਅੰਦਰ ਅਨਹਦ ਨਾਦ ਵੱਜ ਰਹੇ ਨੇ, ਪ੍ਰਕਾਸ਼ ਹੋ ਰਹੇ ਨੇ, ਤੂੰ ਪਛਾਣ ਕੇ ਦੇਖ; ਬਜਰ ਕਪਾਟ ਲੱਗੇ ਹੋਏ ਨੇ, ਉਹ ਖੁਲ੍ਹ ਜਾਣਗੇ; ਗੁਰੂ ਦੇ ਸ਼ਬਦ ਦੀ ਕਮਾਈ ਕਰ। ਲੇਕਿਨ ਏਥੇ ਜੋ ਬਾਤ ਹੋ ਰਹੀ ਹੈ, ਉਹ ਇਕ ਪੀਰ ਨਾਲ ਹੋ ਰਹੀ ਹੈ ਜਿਹੜਾ ਕਹਿੰਦਾ ਕਹਾਉਂਦਾ ਸੀ; ਮਾੜਾ ਮੋਟਾ ਨਹੀਂ ਸੀ। ਉਹਦੇ ਹਜ਼ਾਰਾਂ ਦੀ ਗਿਣਤੀ ਵਿਚ ਮੁਰੀਦ ਸਨ ਤੇ ਹਰ ਮੁਰੀਦ ਇਹ ਚਾਹੁੰਦਾ ਸੀ ਕਿ ਮੇਰਾ ਪੀਰ ਮੈਨੂੰ ਨਿਜਾਤ ਦਿਵਾ ਦੇਵੇ ਤੇ ਮੈਂ ਜੰਮਣ ਮਰਨ ਵਿਚ ਨਾ ਦੁਬਾਰਾ ਆਵਾਂ। ਲੇਕਿਨ ਪੀਰ ਜਿਹੜਾ ਸੀ, ਉਹ ਇਮਾਨਦਾਰੀ ਨਾਲ ਇਹ ਸੋਚਦਾ ਸੀ ਕਿ ਮੈਨੂੰ ਕੁਛ ਲੱਭਿਆ ਨਹੀਂ ਅਜੇ, ਤੇ ਮੈਂ ਕੋਈ ਪੂਰਾ ਦੇਖਾਂ - ਸੰਸਾਰ ਵਿਚ। ਪੂਰਾ ਨਜ਼ਰ ਨਹੀਂ ਸੀ ਆ ਰਿਹਾ। ਪੂਰੇ ਤੋਂ ਬਗੈਰ ਇਹ ਭੇਦ ਨਹੀਂ ਸੀ ਖੁੱਲ੍ਹਦਾ।

ਸੋ ਗੁਰਸਿੱਖ ਜਦੋਂ ਗੁਰੂ ਦੇ ਦਰਸ਼ਨ ਕਰਨ ਜਾਇਆ ਕਰਦੇ ਸੀ, ਉਸ ਵੇਲੇ ਬਹੁਤ ਉੱਚੀਆਂ ਬਿਰਤੀਆਂ ਦੇ ਗੁਰਸਿੱਖ ਹੋਇਆ ਕਰਦੇ ਸੀ; ਗੁਰੂ ਦੇ ਬਚਨ ਸੁਣਦੇ ਸੀ, ਹਿਰਦੇ ਵਿਚ ਧਾਰਨ ਕਰਦੇ ਸੀ ਤੇ ਉੱਚੀ ਅਵਸਥਾ ਉਨ੍ਹਾਂ ਨੂੰ ਪ੍ਰਾਪਤ ਸੀ। ਉਨ੍ਹਾਂ ਦੇ ਪਾਸ ਇਹ ਬੇਨਤੀ ਕਰਿਆ ਕਰਦਾ ਸੀ। ਉਨ੍ਹਾਂ ਦੇ ਮੁੱਖ ਤੋਂ ਕਈ ਵਾਰੀ ਸੁਣਿਆ ਕਿ 'ਨਾਨਕ ਤਰਵਰੁ ਏਕੁ ਫਲੁ ਦੋਇ ਪੰਖੇਰੂ ਆਹਿ॥' ਇਹ ਥੋੜ੍ਹਾ ਜਿਹਾ ਔਖਾ ਹੈ। ਹੈ ਤਾਂ ਸਿੱਧਾ ਜਿਹਾ ਹੀ; ਉਹ ਇਹ ਹੈ ਕਿ ਇਕ ਦਰਖਤ ਦੇ ਉਤੇ ਦੋ ਫਲ ਲੱਗੇ ਹੋਏ ਨੇ, ਦੋ ਪੰਖੇਰੂ ਨੇ। ਇਕ ਤਾਂ ਰਸ ਭੋਗਦਾ ਹੈ; ਇਕ ਜਿਹੜਾ ਹੈ, ਉਹ ਨਾ ਕਿਤੇ ਆਉਂਦਾ ਹੈ, ਨਾ ਕਿਤੇ ਜਾਂਦਾ ਹੈ। ਦੋ ਪੰਖੀ ਇਹਦੇ ਉਤੇ ਬੈਠੇ ਨੇ - ਇਕ ਨੂੰ ਤਾਂ ਸਾਖੀ ਕਹਿੰਦੇ ਨੇ - 'ਸਾਖੀ ਚੇਤਨ', ਜਿਹੜਾ ਦੇਖਦਾ ਹੀ ਰਹਿੰਦਾ ਹੈ; ਇਹ ਉਹ ਹੈ ਜਿਹਨੂੰ 'ਜੀਵ ਚੇਤਨ' ਕਹਿੰਦੇ ਨੇ ਜੋ ਬੁੱਧੀ ਰੂਪ ਵਿਚ ਦੁਖ ਸੁਖ ਦੇ ਫਲ ਖਾਂਦਾ ਹੈ। ਹਾਣ ਹੋ ਗਿਆ, ਲਾਭ ਹੋ ਗਿਆ, ਦੁਖ ਹੋ ਗਿਆ, ਸੁੱਖ ਹੋ ਗਿਆ, ਉਪਮਾ ਹੋ ਗਈ, ਨਿੰਦਿਆ ਹੋ ਗਈ; ਆਹ ਫਲ ਖਾਂਦਾ ਹੈ ਤੇ ਇਹਦੇ ਨਾਲ ਉਡਦਾ ਹੈ, ਦੁਖੀ ਹੁੰਦਾ ਹੈ, ਸੋਗਵਾਨ ਹੁੰਦਾ ਹੈ, ਸੋਗ ਵਿਚ ਆਉਂਦਾ ਹੈ। ਦੂਜਾ ਜਿਹੜਾ ਹੈ, ਉਹ ਪਰਮ ਆਨੰਦ ਵਿਚ ਰਹਿੰਦਾ ਹੈ; ਤੇ ਜਿਹੜਾ ਪਹਿਲਾ ਪੰਖੀ ਹੈ, ਉਹ ਵਿਸ਼ੇ ਭੋਗਾਂ ਦੇ ਵਿਚ ਪੈਂਦਾ ਹੈ, ਉਡਦੇ-ਉਡਦੇ ਦੂਰ ਤੱਕ ਜਾਂਦਾ ਹੈ। ਸੋ ਇਹ (ਪੀਰ ਬੁੱਧੂ ਸ਼ਾਹ) ਸੋਚਦਾ ਹੈ ਕਿ ਦੋਹਾਂ ਦੇ ਵਿਚੋਂ ਮੈਂ ਕਿਹੜਾ ਹਾਂ, ਇਸ ਗੱਲ ਦਾ ਨਹੀਂ ਪਤਾ ਲਗਦਾ।

ਇਹਦਾ ਸਾਨੂੰ ਵੀ ਨਹੀਂ ਪਤਾ, ਕਿਸੇ ਨੂੰ ਵੀ ਨਹੀਂ ਪਤਾ ਕਿ ਮੈਂ ਕਿਹੜਾ ਹਾਂ? ਕਿਉਂਕਿ ਜੇ ਤਾਂ ਵਿਚਾਰ ਕਰਨ ਅਸੀਂ ਸਿੱਖੇ ਹੋਈਏ, ਫੇਰ ਤਾਂ ਪਤਾ ਲੱਗੇ ਕਿ ਇਸ ਸਰੀਰ 'ਚ ਦੋ

ਰਹਿੰਦੇ ਨੇ, ਫੇਰ ਤਾਂ ਅਸੀਂ ਖੋਜ ਕਰੀਏ ਕਿ ਇਨ੍ਹਾਂ ਦੋਹਾਂ ਵਿਚੋਂ ਮੈਂ ਕਿਹੜਾ ਹਾਂ। ਸਾਨੂੰ ਤਾਂ ਇਹ ਹੀ ਪਤਾ ਨਹੀਂ; ਅਸੀਂ ਤਾਂ ਕਹਿੰਦੇ ਹਾਂ ਕਿ ਅਸੀਂ ਸਰੀਰ ਹਾਂ - ਸਾਢੇ ਤਿੰਨ ਹੱਥ ਦੀ ਦੇਹ, ਤੁਹਾਡੇ ਸਾਮ੍ਹਣੇ ਖੜਾ ਹਾਂ। ਕਿਸੇ ਨੂੰ ਪੁੱਛ ਲਓ, ਕੋਈ-ਕੋਈ ਵਿਰਲਾ ਵਿਚਾਰ ਵਾਲਾ ਪੁਰਸ਼ ਹੈ ਜਿਹੜਾ ਇਹ ਗੱਲ ਕਹੇ ਤੇ ਚੌਂਕ ਜਾਵੇ ਕਿ ਤੂੰ ਕੌਣ ਹੈਂ। ਉਹ ਜਾਂ ਤਾਂ ਇਹ ਕਹਿ ਦੇਵੇਗਾ ਕਿ ਮੈਂ ਸਿੱਖ ਹਾਂ, ਜਾਂ ਆਪਣੀ ਜ਼ਾਤ ਦੱਸ ਦਏਗਾ ਕਿ ਮੈਂ ਜੱਟ ਹਾਂ, ਜਾਂ ਐਂ ਕਹਿ ਦਏਗਾ ਕਿ ਮੈਂ ਆਦਮੀ ਹਾਂ। ਪਰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਮੈਂ ਕੌਣ ਹਾਂ। ਕਿਉਂਕਿ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ; ਜੇ ਕੋਸ਼ਿਸ਼ ਕਰਦਾ ਹਾਂ ਇਹਨੂੰ ਜ਼ਰੂਰ ਇਸ ਗੱਲ ਦੀ ਪ੍ਰਾਪਤੀ ਹੋ ਜਾਂਦੀ। ਅਧੂਰਾ ਤੁਰਿਆ ਫਿਰਦਾ ਹੈ।

ਧਰਮ ਧਾਰਨ ਕਰ ਲਿਆ। ਬਹੁਤ ਸਾਰਿਆਂ ਦਾ ਮਤ ਇਹ ਹੁੰਦਾ ਕਿ ਅਸੀਂ ਹੁਣ ਕਿਸੇ ਧਰਮ ਦੇ ਵਿਚ ਆ ਕੇ ਵਿਧੀ ਪੂਰਵਕ ਉਸ ਧਰਮ ਨੂੰ ਅਪਨਾਅ ਲਿਆ; ਜਿਵੇਂ ਸਾਡੇ ਧਰਮ ਦੇ ਅੰਦਰ ਆ ਕੇ ਅਸੀਂ ਅੰਮ੍ਰਿਤ ਛਕ ਲਿਆ। ਉਥੇ ਹੀ ਅਸੀਂ ਆਪਣੀ ਤਰੱਕੀ ਰੋਕ ਦੇਣੀ ਚਾਹੁੰਦੇ ਹਾਂ ਕਿ ਅਗਾਹਾਂ ਜਾਣ ਦੀ ਕੀ ਲੋੜ ਹੈ? ਠੀਕ ਹੈ - ਅੰਮ੍ਰਿਤ ਛਕ ਲਿਆ, ਗੁਰੂ ਬਣਾ ਲਿਆ ਪਰ ਇਹਦੇ ਵਿਚ ਇਕ ਚੀਜ਼ ਹੈ ਕਿ ਜੇ ਤਾਂ ਪਿਆਰ ਤੁਹਾਡਾ ਗੁਰੂ ਦੇ ਨਾਲ ਬਣਿਆ ਹੋਇਆ ਹੈ, ਪੂਰੇ ਪਿਆਰ ਨਾਲ ਰਹਿੰਦੇ ਹੋ ਤਾਂ ਗੁਰੂ ਕੋਲ ਚਲੇ ਜਾਵੋਂਗੇ, ਪਰ ਜਿਹਨੂੰ ਅਭੇਦ ਮੁਕਤੀ ਕਹਿੰਦੇ ਨੇ, ਉਹ ਨਹੀਂ ਪ੍ਰਾਪਤ ਹੋਇਆ ਕਰਦੀ; ਉਹਦੇ ਵਾਸਤੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਮੰਨਣੇ ਪੈਣੇ ਨੇ, ਵਿਚਾਰ ਕਰਨੀ ਪੈਣੀ ਹੈ -

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥

ਅੰਗ - ੬੮੪

ਭਰਮ ਦੀ ਕਾਈ ਜਿੰਨਾਂ ਚਿਰ ਨਹੀਂ ਮਿਟਦੀ, ਓਨੀ ਦੇਰ ਕੰਮ ਨਹੀਂ ਬਣਦਾ; ਭਰਮ ਵਿਚ ਰਹਿੰਦਾ ਹੈ ਕਿ ਮੈਂ ਕੌਣ ਹਾਂ। ਦਰਗਾਹ ਵਿਚ ਜਾ ਕੇ ਵੀ ਅਸੀਂ ਇਹੀ ਚਾਹੁੰਦੇ ਹਾਂ ਕਿ ਅਸੀਂ ਅੱਡ ਰਹੀਏ, ਰੱਬ ਨਾਲ ਨਾ ਕਿਤੇ ਮਿਲ ਜਾਈਏ ਕਿਉਂਕਿ 'ਮੈਂ' ਸਾਡੀ ਬਹੁਤ ਪ੍ਰਬਲ ਹੋ ਗਈ। ਸੋ ਇਹ, ਇਸਨੂੰ ਵੀ ਬਹੁਤ ਜ਼ਬਰਦਸਤ ਤੰਗ ਕਰ ਰਹੀ ਹੈ। ਸੋ ਇਹ ਉਡਦਾ ਹੈ, ਦੌੜਦਾ ਹੈ, ਭਜਦਾ ਹੈ - ਕਦੇ ਕਿਤੇ ਨੂੰ, ਕਦੇ ਕਿਤੇ ਨੂੰ; ਚਾਰੇ ਕੁੰਡਾਂ ਨੂੰ ਜਾਂਦਾ ਹੈ ਤੇ ਇਹਨੂੰ ਮਹਾਰਾਜ ਕਹਿੰਦੇ ਨੇ -

ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥
ਜੇਤਾ ਊਡਹਿ ਦੂਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥

ਅੰਗ - ੬੬

ਇਹਦੇ ਉਤੇ ਰਹਿੰਦਾ ਹੈ -

ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥
ਆਵਤ ਜਾਤ ਨ ਦੀਸਹੀ ਨ ਪਰ ਪੰਖੀ ਤਾਹਿ॥ ਅੰਗ - ੫੫●

ਇਕ ਤਾਂ ਜਿਹੜਾ ਇਹਦੇ ਵਿਚ ਬੈਠੈ - ਸਾਖੀ ਚੇਤਨ, ਉਹ ਵਾਸ਼ਨਾ ਹੀ ਨਹੀਂ ਕਰਦਾ, ਫੰਘ ਨਹੀਂ ਹੈਗੇ ਵਾਸ਼ਨਾ ਦੇ; ਇਕ ਵਾਸ਼ਨਾਵਾਂ ਤੇ ਉਡਿਆ ਫਿਰਦਾ ਹੈ, ਦੌੜਿਆ ਹੀ ਫਿਰਦਾ ਹੈ। ਇਨ੍ਹਾਂ ਵਿਚੋਂ -

ਬਹੁਤ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ॥

ਅੰਗ - ੫੫●

ਇਕ ਤਾਂ ਰਸ ਭੋਗਦਾ ਹੈ; ਇਕ ਨਿਰਬਾਣ ਰਹਿੰਦਾ ਹੈ, ਫੁਰਨਾ ਹੀ ਨਹੀਂ ਕਰਦਾ, ਪਰਮਅਨੰਦ ਦੇ ਰਸ ਵਿਚ ਹਰ ਵਕਤ ਰਹਿੰਦਾ ਹੈ -

ਹਰਿ ਰਸਿ ਫਲ ਰਾਤੇ ਨਾਨਕਾ ਕਰਮਿ ਸਚਾ ਨੀਸਾਣੁ॥

ਅੰਗ - ੫੫●

ਉਹ ਹਰਿ ਰਸ ਦੇ ਵਿਚ ਹਰ ਵਕਤ ਰਤਿਆ ਰਹਿੰਦਾ ਹੈ - 'ਕਰਮਿ ਸਚਾ ਨੀਸਾਣੁ॥' ਸੋ ਜੀਵ ਪੰਖੀ ਜਿਹੜਾ ਹੈ, ਉਹ ਤਾਂ ਭੋਗਦਾ ਹੈ; ਉਹ ਤਾਂ ਹੈਗਾ ਪਰਛਾਵਾਂ ਤੇ ਅਸੀਂ ਜਿਹੜੇ ਹਾਂ, ਸਾਨੂੰ ਆਪਣੇ ਆਪ ਦਾ ਪਤਾ ਨਹੀਂ ਲਗਦਾ। ਮਹਾਰਾਜ ਕਹਿੰਦੇ, ਇਹ ਜਿਹੜਾ ਪੰਖੀ ਹੈ - ਜੀਵ ਪੰਖੀ, ਇਹਨੇ ਆਪਣੇ ਆਪ ਗਲ ਫਾਹਾ ਪਾ ਲਿਆ, ਉਡਦਾ ਹੀ ਰਹਿੰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਪੰਖੀ ਬਿਰਖ ਸੁਹਾਵੜੇ,
ਊਡੇ ਚਹੁ ਦਿਸ ਜਾਏ -੨, ੨.

ਇਸ ਸਰੀਰ ਦੇ ਵਿਚ ਦੋ ਪੰਖੀ ਰਹਿੰਦੇ ਨੇ। ਉਨ੍ਹਾਂ ਵਿਚੋਂ ਇਕ ਤਾਂ ਉਹ ਪੰਖੀ ਹੈ ਜਿਹੜਾ ਉਡਦਾ ਹੀ ਰਹਿੰਦਾ ਹੈ, ਉਡਦਾ ਹੀ ਰਹਿੰਦਾ ਹੈ, ਇਕ ਸਕਿੰਟ ਵਾਸਤੇ ਨਹੀਂ ਟਿਕਦਾ - ਨਾ ਨਾਮ ਜਪਦਾ ਹੈ, ਨਾ ਅੰਦਰ ਨੂੰ ਜਾਣ ਦੀ ਕੋਸ਼ਿਸ਼ ਕਰਦਾ ਹੈ - ਪਰਛਾਵਾਂ ਹੈ। 'ਊਡਹਿ ਚਹੁ ਦਿਸਿ ਜਾਹਿ॥ ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥' ਨਾਲੇ ਜਲਦਾ ਹੈ ਤੇ ਨਾਲੇ ਵਿਰਲਾਪ ਕਰਦਾ ਹੈ। ਸੋ ਇਸਨੂੰ ਪਤਾ ਨਹੀਂ ਲੱਗਿਆ ਕਿ ਗੁਰੂ ਕੋਲ ਜਾ ਕੇ ਗੱਲ ਮਿਟਣੀ ਹੈ -

ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ॥

ਅੰਗ - ੬੬

ਅੰਮ੍ਰਿਤ ਅੰਦਰ ਹੈ -

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥

ਅੰਗ - ੬੪੪

ਕਿਉਂਕਿ ਗਲਤ ਹੋ ਗਿਆ। ਸੋ ਦੌੜਿਆ ਫਿਰਦਾ ਇਹ। ਮਹਾਰਾਜ ਕਹਿੰਦੇ, ਜਿਵੇਂ ਹਲਕਿਆ ਹੋਇਆ ਕੁੱਤਾ ਫਿਰਦਾ ਹੈ - ਅਭੱਖ ਖਾਂਦਾ, ਇਸ ਤਰ੍ਹਾਂ ਦੇ ਨਾਲ ਇਹ ਤੁਰਿਆ ਫਿਰਦਾ ਹੈ -


ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥
ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ॥

ਅੰਗ - ੫●

ਸੋ ਆਹ ਹੀ ਸੰਸਾ ਬੁੱਧੂ ਸ਼ਾਹ ਪੀਰ ਦੇ ਮਨ ਵਿਚ ਹਰ ਵਕਤ ਰਹਿੰਦਾ ਸੀ ਤੇ ਉਹਦੇ ਮਨ ਵਿਚ ਖਿਆਲ ਆਉਂਦਾ ਸੀ

(ਬਾਕੀ ਪੰਨਾ 37 'ਤੇ)

ਗੁਰਮਤਿ ਪ੍ਰਚਾਰ ਦਾ ਸੋਮਾਂ
ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ



ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਧੰਨ ਧੰਨ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਵੱਲੋਂ ਚਲਾਇਆ ਗਿਆ ਇਹ ਮਿਸ਼ਨ ਆਪਣੇ ਪੂਰੇ ਜੋਬਨ ਤੇ ਹਰ ਇੱਕ ਪੱਖ ਤੋਂ ਸਪੂੰਰਨ ਸਮਪਨਤਾ ਹਾਸਲ ਕਰ ਚੁੱਕਾ ਹੈ। ਦੇਸ਼ਾ ਵਿਦੇਸ਼ਾਂ ਵਿੱਚ ਵੱਸਦੀਆਂ ਹਜਾਰਾਂ ਸੰਗਤਾਂ ਇਸ ਮਿਸ਼ਨ ਨਾਲ ਸਬੰਧਤ ਸੰਗਤਾਂ ਦਾ ਭਰਪੂਰ ਹੁੰਗਾਰਾ ਇਸ ਮਿਸ਼ਨ ਨੂੰ ਮਿਲਿਆ ਹੈ। ਮਿਸ਼ਨ ਦੇ ਬਾਨੀ ਮਹਾਂਪੁਰਖਾਂ ਦੀ ਸਿਰਜਨਾਤਮਕ ਸੋਚ ਨੇ ਰੰਗ ਲਿਆਇਆ ਹੈ। ਆਪ ਜੀ ਨੇ ਅਣਥਕ ਘਾਲਣਾ ਆਪਣੇ ਜੀਵਨ ਵਿੱਚ ਘਾਲੀ ਹੈ। ਆਪ ਜੀ ਦੇ ਜੀਵਨ ਨੂੰ ਕਿਸੇ ਪੱਖ ਤੋਂ ਵੇਖ ਲਵੋ ਹਰ ਇੱਕ ਪੱਖ ਪੂਰਾ ਹੈ। ਉਚੀ ਛਵੀ ਵਾਲਾ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਇਸ ਗੱਲ ਦੀ ਗਵਾਹੀ ਭਰ ਰਿਹਾ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤ ਨੂੰ ਦੁਨਿਆਂ ਵਿੱਚ ਫੈਲਾਉਣ ਵਾਸਤੇ ਆਪਣੀ ਜਿੰਦਗੀ ਵਿੱਚ ਜੋ ਘਾਲਣਾ ਘਾਲੀ ਉਹ ਬੇਮਿਸਾਲ ਹੈ।




ਮਕੌਨਿਆਂ ਦੇਵਾ ਨੰਦ ਗੜ੍ਹੀ ਅਫਜਲ ਗੜ੍ਹ ਯੂ.ਪੀ ਵਿਖੇ ਸੰਤ ਬਾਬਾ ਭਜਨ ਸਿੰਘ ਜੀ ਦੇ ਨਿਵਾਸ ਅਸਥਾਨ ਤੇ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਕਰਦੇ ਹੋਏ।





ਬਹੁਤ ਹੀ ਸਵੱਛ ਵਾਤਾਵਰਣ ਦੇ ਅੰਦਰ, ਜਿਸ ਦੇ ਪਿਛਲੇ ਪਾਸੇ ਸਿਵਾਲਿਕ ਦੀਆਂ ਪਹਾੜੀਆਂ ਤੋਂ ਬਰਸਾਤੀ ਨਦੀ ਵਗਦੀ ਹੈ। ਇਹ ਨਦੀ ਪਹਿਲਾਂ ਬਾਰਾਂ ਮਹੀਨੇ ਤੀਹ ਦਿਨ ਵਗਿਆ ਕਰਦੀ ਸੀ। ਨਦੀ ਦੇ ਕੰਢੇ ਤੇ ਸਥਿਤ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲਿਆਂ ਦਾ ਤਪ ਅਸਥਾਨ ਜਿਸ ਦੇ ਨਾਲ ਜਗਿਆਸੂਆਂ ਦੇ ਭਜਨ ਬੰਦਗੀ ਕਰਨ ਵਾਸਤੇ ਬਣੀਆਂ ਕੁਟੀਆ ਜਿਨਾਂ ਨੂੰ ਚਾਰੇ ਪਾਸੇ ਤੋਂ ਦਰਖਤਾਂ ਨੇ ਘੇਰਿਆ ਹੋਇਆ ਹੈ ਇੱਕ ਰੂਹਾਨੀ ਮਹੌਲ ਬਣਿਆ ਹੋਇਆ ਹੈ। ਜਿਸ ਵਿੱਚ ਸੰਸਾਰ ਦੇ ਕੋਨੇ ਕੋਨੇ ਤੋਂ ਆ ਕੇ ਜਗਿਆਸੂ ਭਜਨ ਬੰਦਗੀ ਦਾ ਅਨੰਦ ਮਾਣਦੇ ਹਨ। ਨਾਲ ਲਗਦੇ ਬਿਲਕੁਲ ਆਧੁਨਿਕ ਬਿਰਧ ਆਸ਼ਰਮ ਦੀ ਸਥਾਪਨਾ ਕੀਤੀ ਗਈ ਹੈ। ਆਸ਼ਰਮ ਦੇ ਬਿਲਕੁਲ centre ਵਿੱਚ ਸਥਿਤ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਇਮਾਰਤ ਜੋ ਉਨ੍ਹਾਂ ਮਹਾਂਪੁਰਸ਼ਾਂ ਦੀ ਕਮਾਈ ਦੀ ਇੱਕ ਝਲਕ ਪੇਸ਼ ਕਰਦਾ ਹੈ ਜਿਨ੍ਹਾਂ ਨੇ ਦੇਸ਼ ਕੌਮ ਅਤੇ ਧਰਮ ਦੀ ਖਾਤਰ ਆਪਣਾ ਤਨ-ਮਨ-ਧਨ ਲਗਾ ਕੇ ਗੁਰਬਾਣੀ ਦੇ ਪ੍ਰਸਾਰ ਪ੍ਰਚਾਰ ਹਿੱਤ 500 ਬੀਘੇ ਦੇ ਪਵਿੱਤਰ ਵਾਤਾਵਰਣ ਅੰਦਰ ਇਹ ਆਸ਼ਰਮ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਬਣਾਇਆ। ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਸਾਹਮਣੇ ਖੱਬੇ ਪਾਸੇ ਸਥਿਤ ਹੈ। ਮਹਾਂਪੁਰਸ਼ਾਂ ਦਾ ਪਵਿੱਤਰ ਅੰਗੀਠਾ ਸਾਹਿਬ ਜਿਥੇ ਉਨ੍ਹਾਂ ਦੀ ਆਗਿਆ ਅਨੁਸਾਰ ਉਨ੍ਹਾਂ ਦੇ ਪਵਿੱਤਰ ਸਰੀਰ ਦਾ ਸਸਕਾਰ ਕੀਤਾ ਗਿਆ। ਇਸ ਦੇ ਬਰਾਬਰ ਕੀਰਤਨ ਕਰਨ ਵਾਸਤੇ ਦੀਵਾਨ ਹਾਲ ਹੈ ਜਿੱਥੇ ਬੈਠ ਕੇ ਸੰਗਤਾਂ ਹਰ ਐਤਵਾਰ, ਪੂਰਨਮਾਸੀ ਅਤੇ ਸੰਗਰਾਂਦ ਨੂੰ ਕੀਰਤਨ ਦਾ ਅਨੰਦ ਮਾਣਦੀਆਂ ਹਨ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਪਰਮ ਸਤਿਕਾਰਯੋਗ ਬੀਜੀ ਵੀ ਸੰਗਤਾਂ ਦੇ ਦਰਸ਼ਨ ਕਰਦੇ ਹਨ। ਇਸ ਦੇ ਨਾਲ ਨਾਲ ਇਸ ਪਵਿੱਤਰ



ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਿਖੇ ਕੀਰਤਨ ਕਰਦੇ ਹੋਏ।



ਸੰਤ ਬਾਬਾ ਹਰਪਾਲ ਸਿੰਘ ਜੀ ਸਰੀ ਕੈਨੇਡਾ ਵਿਖੇ ਜਥੇ ਸਮੇਤ ਕੀਰਤਨ ਕਰਦੇ ਹੋਏ।







ਸੈਮ ਟਰਾਂਸਪੋਰਟ ਕੰਪਨੀ ਕੈਲਗਰੀ ਕੈਨੇਡਾ ਪ੍ਰੇਮੀ ਸਮੇਤ ਬਾਬਾ ਜੀ।

ਵਾਤਾਵਰਣ ਦੇ ਅੰਦਰ ਗੁ. ਸਾਹਿਬ ਦੀ ਇਮਾਰਤ ਦੇ ਪਿਛਲੇ ਪਾਸੇ ਸਥਿਤ ਬੀ ਐਡ ਕਾਲਜ ਦੀ ਇਮਾਰਤ ਜਿਸ ਵਿੱਚ ਬੱਚੇ ਟੀਚਰ ਟਰੈਨਿੰਗ ਹਾਸਲ ਕਰਦੇ ਹਨ। ਸੀ.ਬੀ.ਐਸ.ਈ. ਨਾਲ ਸਬੰਧਤ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿਦਿਆ ਮੰਦਰ ਜਿਸ ਵਿੱਚ ਹੋਸਟਲ ਦਾ ਪੂਰਾ ਪ੍ਰਬੰਧ ਹੈ। ਨਰਸਰੀ ਤੋਂ +2 ਤੱਕ ਦੀ ਪੜਾਈ ਕਰਾਈ ਜਾਂਦੀ ਹੈ। ਇਹ ਪਲਊਸ਼ਨ ਰਹਿਤ, ਧਾਰਮਿਕ ਵਾਤਾਵਰਣ ਦੇ ਅੰਦਰ ਜਿੱਥੇ 24 ਘੰਟੇ ਗੁਰਬਾਣੀ ਦੇ ਅਖੰਡ ਜਾਪ ਹੁੰਦੇ ਰਹਿੰਦੇ ਹਨ। ਜਿਸ ਦਾ ਅਸਰ ਇਨ੍ਹਾਂ ਪਿਆਰੇ ਬੱਚਿਆਂ ਦੇ ਹਿਰਦਿਆਂ ਤੇ ਪੈਂਦਾ ਹੈ। ਬੱਚੇ ਆਪਣੇ ਧਰਮ, ਆਪਣੇ ਪੂਰਵਜਾਂ ਦੇ ਪਾਏ ਪੂਰਨਿਆਂ, ਆਪਣੇ ਇਤਿਹਾਸ, ਆਪਣੀ ਸੰਸਕ੍ਰਿਤੀ, ਆਪਣੀ ਸਭਿਅਤਾ, ਆਪਣੇ ਵਿਰਸੇ ਤੋਂ ਜਾਣੂੰ ਹੁੰਦੇ ਹੋਏ ਵਿਦਿਆ ਗ੍ਰਹਿਣ ਕਰਦੇ ਹਨ। ਬੱਚਿਆਂ ਦੀ ਸਿਹਤ ਦਾ ਪੂਰਾ ਪ੍ਰਬੰਧ ਰੱਖਿਆ ਜਾਂਦਾ ਹੈ। ਅਸਥਾਨ ਦੇ ਅੰਦਰ ਹੀ ਡੇਅਰੀ ਫਾਰਮ ਹੈ ਜਿਸ ਵਿੱਚ ਦੁਧਾਰੂ ਪਸ਼ੂ ਰੱਖੇ ਗਏ ਹਨ ਜਿਨ੍ਹਾਂ ਦੇ ਚਾਰੇ ਦਾ ਪ੍ਰਬੰਧ ਵੀ ਅਸਥਾਨ ਤੇ ਹੀ ਨਿਸ਼ਕਾਮ ਸੇਵਾਦਾਰਾਂ ਵੱਲੋਂ ਚਲਾਇਆ ਜਾ ਰਿਹਾ ਹੈ। 24 ਘੰਟੇ ਗੁਰੂ ਕੇ ਲੰਗਰ ਅਤੁੱਟ ਵਰਤਦੇ ਹੀ ਰਹਿੰਦੇ ਹਨ। ਸੈਂਕੜੇ ਨਿਸ਼ਕਾਮ ਸੇਵਾਦਾਰ ਸੰਤ ਮਹਾਰਾਜ ਜੀ ਦੇ ਪਿਆਰ ਅੰਦਰ ਦਿਨ ਰਾਤ ਅਣਥੱਕ ਸੇਵਾ ਨਿਭਾਅ ਰਹੇ ਹਨ। ਇਹ ਸੇਵਾ ਸਿਰਫ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਹੀ ਨਹੀਂ ਨਿਭਾਈ ਜਾ ਰਹੀ ਜਿਥੇ ਵੀ ਕੋਈ ਇਸ ਸੰਸਥਾ ਨਾਲ ਜੁੜਿਆ ਪ੍ਰੇਮੀ ਬੈਠਾ ਹੈ ਕਿਉਂਕਿ ਮਹਾਂਪੁਰਖਾਂ ਦਾ ਜੀਵਨ ਬਹੁਤ ਵਿਸ਼ਾਲ ਤੇ ਬਹੁਪੱਖੀ ਸ਼ਖਸ਼ੀਅਤ ਹੋਣ ਦੇ ਕਾਰਨ ਜੋ ਆਪ ਬਚਪਨ ਵਿੱਚ ਧਮੋਟ ਰਹੇ, ਉਸ ਤੋਂ ਬਾਅਦ ਸਿੰਧ ਪਾਕਿਸਤਾਨ, ਫੇਰ ਚੰਡੀਗੜ੍ਹ ਸੈਕਟਰੀਏਟ ਆਪ ਢਾਈ-ਢਾਈ ਘੰਟੇ ਛੁੱਟੀ ਉਪਰੰਤ ਨਾਮ ਦੇ ਬਾਰੇ ਲੈਕਚਰ ਕਰਦੇ, ਉਸ ਤੋਂ ਬਾਅਦ ਯੂ.ਪੀ. ਵਿਖੇ ਆਪ ਨੇ ਜੋ ਸੁਧਾਰ ਲਿਆਂਦਾ ਉਹ ਸਰਕਾਰਾਂ ਵੀ ਨਹੀਂ ਕਰ ਸਕੀਆਂ। ਉਸ ਤੋਂ ਬਾਅਦ ਰੋਪੜ ਦੇ ਇਲਾਕੇ ਦੇ ਅੰਦਰ ਜੋ ਪ੍ਰਚਾਰ ਕੀਤਾ। ਉਸ ਤੋਂ ਬਾਅਦ ਆਪ ਵਿਦੇਸ਼ਾਂ ਵਿੱਚ ਗਏ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਜੇ ਉਥੇ ਜਾ ਕੇ ਦੇਖੋ ਤੋਂ ਜਿਨ੍ਹਾਂ ਦੇ ਘਰ ਮਹਾਂਪੁਰਸ਼ਾਂ ਦੇ ਚਰਨ ਪਏ ਉਨ੍ਹਾਂ ਪ੍ਰੇਮੀਆਂ ਨੇ ਉਹ ਕਮਰੇ ਬੰਦ ਕਰ ਦਿਤੇ ਅਤੇ ਉਥੇ ਬੈਠ ਕੇ ਹਰ ਰੋਜ਼ ਅੰਮ੍ਰਿਤ ਵੇਲੇ ਮਹਾਂਪੁਰਖਾਂ ਦੁਆਰਾ ਦਰਸਾਈ ਜੁਗਤ ਅਨੁਸਾਰ 45 ਮਿੰਟ







ਰਤਵਾੜਾ ਸਾਹਿਬ ਦੀ ਦੇਖ ਰੇਖ ਹੇਠ ਚੱਲ ਰਹੇ ਰਮਣੀਕ ਅਸਥਾਨ ਨਿਰਮਲ ਡੇਰਾ ਹਿਰਦਾਪੁਰ ਖੇੜੀ ਵਿਖੇ ਸਲਾਨਾਂ ਗੁਰਮਤਿ ਸਮਾਗਮ ਤੇ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਕਰਦੇ ਹੋਏ।



ਹਨ ਅਤੇ ਹਰ ਮਹੀਨੇ ਆਤਮ ਮਾਰਗ ਮੈਗਜ਼ੀਨ ਦੇ ਮੈਂਬਰ ਆਪ ਤਾਂ ਬਣੇ ਹੋਏ ਹਨ ਆਪਣੇ ਰਿਸ਼ਤੇਦਾਰਾਂ, ਸਾਕਾਂ ਸਨਬੰਧੀਆਂ ਨੂੰ ਇਸ ਤੋਂ ਜਾਣੂੰ ਕਰਵਾ ਕੇ ਆਤਮ ਮਾਰਗ ਮੈਗਜ਼ੀਨ ਦੇ ਮੈਂਬਰ ਬਣਾ ਕੇ ਗੁਰ ਸ਼ਬਦ ਲੰਗਰ ਵਿੱਚ ਹਿੱਸਾ ਪਾ ਰਹੇ ਹਨ। ਸੈਂਕੜੇ ਪ੍ਰੇਮੀ ਪੰਜਾਬ ਅਤੇ ਹੋਰ ਬਾਹਰਲੇ ਸੂਬਿਆਂ ਅੰਦਰ ਆਤਮ ਮਾਰਗ ਮੈਗਜ਼ੀਨ ਦੀ ਘਰ ਘਰ ਜਾ ਕੇ ਵੰਡਣ ਦੀ ਹੱਥੀ ਸੇਵਾ ਨਿਭਆ ਰਹੇ ਹਨ ਜੇ ਇੱਕ ਸਾਲ ਦਾ ਚੰਦਾ ਖਤਮ ਹੋ ਚੁਕਾ ਹੈ ਉਹ ਆਪ ਹੀ ਰਿਨਿਊਵਲ ਕਰਕੇ ਆਤਮ ਮਾਰਗ ਅਦਾਰੇ ਵਿੱਚ ਪਹੁੰਚਾ ਦਿੰਦੇ ਹਨ। ਜਿਸ ਲਈ ਆਤਮ ਮਾਰਗ ਅਦਾਰਾ ਉਨ੍ਹਾਂ ਪ੍ਰੇਮੀਆਂ ਦਾ ਅਤਿ ਰਿਣੀ ਹੈ।

ਰਤਵਾੜਾ ਸਾਹਿਬ ਸੰਸਥਾ ਦੇ ਸੰਸਥਾਪਕ ਮਹਾਂਪੁਰਖਾਂ ਵੱਲੋਂ ਪੰਜਾਬ ਅੰਦਰ ਬਣਾਏ ਸੈਂਟਰ ਮਾਝਾ, ਮਾਲਵਾ, ਦੁਆਬੇ ਅੰਦਰ ਸਲਾਨਾ ਪ੍ਰੋਗਰਾਮ ਐਨ.ਆਰ.ਆਈ. ਪ੍ਰੇਮੀਆਂ ਵੱਲੋਂ ਕਰਵਾਏ ਜਾਂਦੇ ਹਨ ਜਿਥੇ ਅੱਧੇ ਰੇਟ ਤੇ ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ ਕਰਕੇ ਹਜਾਰਾਂ ਮੈਂਬਰ ਆਤਮ ਮਾਰਗ ਦੇ ਬਣਾ ਕੇ ਸੇਵਾ ਕੀਤੀ ਜਾਂਦੀ ਹੈ।

ਆਤਮ ਮਾਰਗ ਮੈਗਜੀਨ ਆਪ ਜੀ ਦੀ ਵਿਲੱਖਣ ਸੋਚ, ਲੋਕਾਈ ਭਲੇ ਹਿੱਤ, ਰਾਗ ਦਵੈਸ਼ ਦੀ ਵਲਗਣਾ ਤੋਂ ਉਪੱਰ ਉਠ ਕੇ ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿੱਚ ਲੈ ਰਿਹਾ ਹੈ ਅਤੇ ਹਰ ਇੱਕ ਮਨੁੱਖ ਦੇ ਅਸਲੀ ਲਕਸ਼ ਵੱਲ ਨੂੰ ਪ੍ਰੇਰਿਤ ਕਰ ਰਿਹਾ ਹੈ। ਉਹ ਅਸਲੀ ਸੂਝ ਜਿਸ ਵਾਸਤੇ ਅਸੀਂ ਇਸ ਸੰਸਾਰ ਵਿੱਚ ਆਏ ਹਾਂ ਜੋ ਸਾਡਾ ਅਸਲੀ ਮਨੋਰਥ ਹੈ ਅਸਲੀ ਲਕਸ਼ ਦੀ ਬਾਤ ਪਾ ਰਿਹਾ ਹੈ। ਲੱਖਾਂ ਸੰਗਤਾਂ ਦੇਸ਼ਾਂ ਵਿਦੇਸ਼ਾਂ ਵਿੱਚ ਬੈਠਿਆਂ ਜਿਨ੍ਹਾਂ ਨੇ ਪਿਆਰੇ ਮਹਾਂਪੁਰਖਾਂ ਦੀ ਇਕ ਝਲਕ ਦਰਸ਼ਨ ਕੀਤੇ ਹਨ । ਓਸ ਪਿਆਰ ਨੂੰ ਆਪਣੇ ਹਿਰਦੇ ਵਿੱਚ ਸਮੋਈ ਬੈਠੀਆਂ ਹਨ, ਓਸ ਪਿਆਰ ਨੂੰ ਤਰਸ ਰਹੀਆਂ ਹਨ। ਆਤਮ ਮਾਰਗ ਨੂੰ ਪੜ੍ਹ ਕੇ ਓਹ ਨਜਾਰਾ ਆਤਮਿਕ ਮੰਡਲ ਦੀਆਂ ਵੱਖ-ਵੱਖ ਅਵਸਥਾਵਾਂ ਦੇ ਨਜਾਰੇ ਹੁਲਾਰੇ ਮਾਣ ਰਹੀਆਂ ਹਨ। ਇਹ ਜੋ ਵਿਲੱਖਣ ਦੇਣ ਮਹਾਂਪੁਰਖਾਂ ਦੀ ਹੈ ਅੱਜ ਇਸ ਨੂੰ 16 ਵਰ੍ਹੇ ਹੋ ਚੁਕੇ ਹਨ ਸੰਗਤਾਂ ਦੇ ਕੋਲ ਲਗਾਤਾਰ ਪਹੁੰਚ ਰਿਹਾ ਹੈ। ਜਿਹੜੀਆਂ ਸੰਗਤਾਂ ਇਸ

ਦੀਆਂ ਪਹਿਲਾਂ ਤੋਂ ਮੈਂਬਰ ਹਨ ਉਹਨਾਂ ਨੂੰ ਗੁਰਮਤਿ ਦੇ ਸਹੀ ਰਸਤੇ ਦੀ ਸੋਝੀ ਆ ਚੁਕੀ ਹੈ। ਆਪ ਜੀ ਨੇ ਸਮੇਂ ਦੀ ਨਜਾਕਤ ਨੂੰ ਸਮਝਦੇ ਹੋਏ ਇਸ ਮਹਾਨ ਲਿਟਰੇਚਰ ਦੀ ਸਾਨੂੰ ਜੋ ਦੇਣ ਦਿਤੀ ਉਹ ਬੇਮਿਸਾਲ ਹੈ। ਸੰਗਤਾਂ ਇਸ ਦਾ ਪੂਰਾ ਪੂਰਾ ਲਾਹਾ ਆਤਮ ਮਾਰਗ ਨੂੰ ਪੜ੍ਹ ਕੇ ਪ੍ਰਾਪਤ ਕਰ ਰਹੀਆਂ ਹਨ। ਆਪਣੀ ਜਿੰਦਗੀ ਵਿਚ ਉਹ ਜੋ ਗੁਣ ਹਨ ਆਤਮ ਮਾਰਗ ਵਿੱਚ ਦੱਸੇ ਗਏ ਉਹ ਧਾਰਨ ਕਰਕੇ ਆਪਣੇ ਅਸਲੀ ਮਕਸਦ ਵਲ ਰੁਖ ਅਪਣਾ ਰਹੀਆਂ ਹਨ। ਮਹਾਂਪੁਰਖਾਂ ਨੇ ਸਾਨੂੰ ਸਹੀ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਇਸ ਆਤਮ ਮਾਰਗ ਮੈਗਜੀਨ ਦੀ ਰਚਨਾ ਕੀਤੀ ਹੈ। ਆਪ ਜੀ ਨੇ ਆਉਣ ਵਾਲੇ 100 ਸਾਲਾਂ ਤੱਕ ਦਾ ਲਿਟਰੇਚਰ ਰਤਵਾੜਾ ਸਾਹਿਬ ਸੰਸਥਾ ਨੂੰ ਦਿਤਾ ਹੈ। ਆਤਮ ਮਾਰਗ ਅੰਦਰ ਛੱਪਦੇ ਲੇਖ ਹਰ ਵਾਰ ਨਵੇਂ ਹੁੰਦੇ ਹਨ। ਜਦ ਤੋਂ ਆਪਜੀ ਇਸ ਰੋਪੜ ਦੇ ਇਲਾਕੇ ਅੰਦਰ ਵਿਚਰੇ ਉਸ ਸਮੇਂ ਤੋਂ ਹੀ ਆਪ ਜੀ ਨੇ ਆਪਣੀ ਰਿਕਾਡਿੰਗ ਟੇਪਾ ਰਾਹੀਂ ਕਰਵਾਈ। ਜੋ ਕਿ ਰਤਵਾੜਾ ਸਾਹਿਬ ਸੰਸਥਾ ਵਿੱਚ ਸਾਂਭੀ ਗਈ ਹੈ। ਦਿਵਾਨਾਂ ਵਿੱਚ ਕਈ ਵਾਰ ਦੱਸਿਆ ਕਰਦੇ ਕਿ ਮਹਾਂਪੁਰਖ ਰਾੜਾ ਸਾਹਿਬ ਵਾਲਿਆਂ ਨੇ (ਸ੍ਰੀ 1008 ਸੰਤ ਈਸ਼ਰ ਸਿੰਘ ਜੀ ਮਹਾਰਾਜ) ਨੇ ਸਾਨੂੰ ਬਚਨ ਕੀਤਾ ਕਿ ਤੁਸੀਂ ਮੇਰੇ ਤੋਂ 1 ਲੱਖ ਰੁਪਏ ਲੈ ਲਵੋ ਅਤੇ ਇੱਕ ਜੀਪ ਲੈ ਲਵੋ ਫਿਲਮਾਂ ਬਣਾ ਕੇ ਪ੍ਰੋਜੈਕਟਰ ਰਾਹੀਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕਰੋ। ਕਹਿੰਦੇ ਮੈਂ ਚੁਪ ਕਰ ਰਿਹਾ ਆਪ ਜੀ ਨੇ ਤਿੰਨ ਵਾਰ ਇਹ ਬਚਨ ਕੀਤਾ। ਕਹਿੰਦੇ ਮੈਂ ਕਿਹਾ ਕਿ ਮੇਰੀ ਕਮਾਈ ਵਿੱਚ ਹੀ ਬਰਕਤ ਪਾ ਦਿਓ। ਫੇਰ ਆਪ ਜੀ ਚੁਪ ਕਰ ਰਹੇ ਸਮਾਂ ਪਾ ਕੇ ਇਹ ਬਚਨ ਰੰਗ ਲਿਆਇਆ। ਜਦੋਂ ਆਪ ਜੀ ਨੇ ਰੋਪੜ ਦੇ ਪਛੜੇ ਇਲਾਕੇ ਅੰਦਰ ਪ੍ਰਚਾਰ ਅਰੰਭਿਆ ਫਿਲਮਾਂ ਬਣਾ ਕੇ ਪ੍ਰਚਾਰ ਕੀਤਾ ਜਿਸ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਸਹੀ ਸੋਧ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹੁੰਚਾਈ ਹੈ। ਆਤਮ ਮਾਰਗ ਰਾਹੀਂ ਇਹ ਬਚਨ ਲਿਖਤੀ ਰੂਪ ਵਿੱਚ ਛਪ ਕੇ ਹਰ ਮਹੀਨੇ ਦੇਸ਼ਾਂ ਵਿਦੇਸ਼ਾਂ ਅੰਦਰ ਪਹੁੰਚ ਰਹੇ ਹਨ ਸਬਦ ਦੀ ਸਾਂਝ ਪਾ ਰਹੇ ਹਨ।

ਮਿਸ਼ਨ ਦੇ ਬਾਨੀ ਮਹਾਂਪੁਰਖਾਂ ਦੇ ਜੀਵਨ ਸਾਥੀ ਪਰਮ ਸਤਿਕਾਰਯੋਗ ਬੀਜੀ (ਸੰਤ ਮਾਤਾ ਰਣਜੀਤ ਕੌਰ ਜੀ) ਦੀ ਯੋਗ ਅਗਵਾਈ ਹੇਠ ਇਹ ਮਿਸ਼ਨ ਹਰ ਇੱਕ ਪਖ ਤੋਂ ਪੂਰੀ ਤਰੱਕੀ ਕਰ ਰਿਹਾ



ਰਤਵਾੜਾ ਦੀ ਬਰਾਂਚ ਗੁ. ਈਸ਼ਰ ਪ੍ਰਕਾਸ਼ ਬਨੂੰੜ ਵਿਖੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਲਈ ਪੰਜਾਂ ਸੰਤਾਂ ਦੁਆਰਾ ਕਾਰਸੇਵਾ ਦੀ ਅਰੰਭਤਾ ਦੇ ਵੱਖ ਵੱਖ ਦ੍ਰਿਸ਼।

ਹੈ। ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥ ਅੰਗ- ੪੯੬ ਵਿਦੀਆ ਦੇ ਖੇਤਰ ਅੰਦਰ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਹਾਈ ਸਕੂਲ ਉਚੇ ਪੱਧਰ ਦੀ ਵਿਦਿਆ ਬੱਚਿਆਂ ਨੂੰ ਹਾਸਲ ਕਰਵਾ ਰਹੇ ਹਨ। ਕੰਪਲੈਕਸ ਦੇ ਅੰਦਰ ਹੀ ਹੋਸਟਲ ਦੀ ਪੂਰੀ-ਪੂਰੀ ਸੁਵਿਧਾ ਪ੍ਰਦਾਨ ਕੀਤੀ ਗਈ ਹੈ।

ਮਿਸ਼ਨ ਦੇ ਬਾਨੀ ਮਹਾਂਪੁਰਖਾਂ ਵੱਲੋਂ ਅਨੇਕਾਂ ਕਿਤਾਬਾਂ ਗੁਰਮਤਿ ਦੇ ਗੂੜ੍ਹ ਵਿਸ਼ਿਆਂ ਤੇ ਅਧਾਰਿਤ ਮਿਸ਼ਨ ਵੱਲੋਂ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਪ੍ਰਕਾਸ਼ਿਤ ਹਨ। ਜਿਹਨਾਂ ਨੂੰ ਪੜ੍ਹ ਕੇ ਸਾਨੂੰ ਆਪਣੇ ਅਸਲੀ ਲਕਸ਼ ਦੀ ਸੋਝੀ ਸਹਿਜੇ ਹੀ ਪੈ ਜਾਂਦੀ ਹੈ। ਇਹ ਰਤਵਾੜਾ ਸਾਹਿਬ ਵਿਖੇ ਉਪਲੱਬਧ ਹਨ।

ਪਿਛਲੇ ਸਾਲ ਤੋਂ ਪੂਰਨਮਾਸ਼ੀ ਰੈਣ ਸਬਾਈ ਕੀਰਤਨ ਜੋ ਪਰੰਪਰਾ ਚਲਾਈ ਗਈ ਉਸ ਦੇ ਨਤੀਜੇ ਬਹੁਤ ਵਧੀਆ ਦੇਖਣ ਵਿੱਚ ਆ ਰਹੇ ਹਨ। ਹਰ ਚੜ੍ਹਦੀ ਪੂਰਨਮਾਸ਼ੀ ਨੂੰ ਸੰਗਤਾਂ ਦੂਰੋਂ ਦੂਰੋਂ ਰਤਵਾੜਾ ਸਾਹਿਬ ਦੀ ਪਾਵਨ ਪਵਿੱਤਰ ਧਰਤੀ ਤੇ ਪਹੁੰਚ ਕੇ ਕੀਰਤਨ ਦਾ ਲਾਹਾ ਪ੍ਰਾਪਤ ਕਰਦੀਆਂ ਆ ਰਹੀਆਂ ਹਨ। ਅਨੇਕਾਂ ਸੰਗਤਾਂ ਅਜਿਹੀਆਂ ਹਨ ਜੋ ਕਿ ਨਿਤਨੇਮ ਅਨੁਸਾਰ ਹਰ ਮਹੀਨੇ ਰਤਵਾੜਾ ਸਾਹਿਬ ਵਿਖੇ ਹਾਜਰੀ ਭਰਦੀਆਂ ਹਨ। ਪੂਰਨਮਾਸ਼ੀ ਤੇ ਮਹਾਂਪੁਰਖ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਦੀਆਂ ਛਹਿਬਰਾਂ







ਦਸਮੇਸ਼ ਦਰਬਾਰ ਕੈਲਗਰੀ ਵਿਖੇ
ਸੰਤ ਬਾਬਾ ਹਰਪਾਲ ਸਿੰਘ ਜੀ ਜਥੇ ਸਮੇਤ ਕੀਰਤਨ ਕਰਦੇ ਹੋਏ।




ਟੋਰੋਂਟੋ ਹਵਾਈ ਅੱਡੇ ਤੇ ਭਾਈ ਮਹਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਵੈਨਕੂਵਰ ਨੂੰ ਰਵਾਨਗੀ ਦਾ ਦ੍ਰਿਸ਼।



ਐਡਮਿੰਟਨ ਵਿਖੇ
ਸੰਤ ਬਾਬਾ ਹਰਪਾਲ ਸਿੰਘ ਜੀ ਜਥੇ ਸਮੇਤ ਕੀਰਤਨ ਕਰਦੇ ਹੋਏ।

ਲਗਾਉਂਦੇ ਹਨ। ਆਪਣੀ ਦੇਖ ਰੇਖ ਹੇਠ ਸੰਗਤਾਂ ਤੋਂ ਨਾਮ ਸਿਮਰਨ ਮਹਾਂਪੁਰਖਾਂ ਵੱਲੋਂ ਸਵਾਸ ਦੁਆਰਾ ਦਰਸਾਈ ਜੁਗਤ ਅਨੁਸਾਰ ਨਾਮ-ਸਿਮਰਨ ਕਰਵਾਇਆ ਜਾਂਦਾ ਹੈ। ਜਦੋਂ ਸੰਗਤਾਂ ਲੰਬੀ ਹੇਕ ਨਾਲ ਵਾਹਿ............. ਗੁਰੂ................. ਦਾ ਜਾਪ ਕਰਦਿਆਂ ਹਨ ਇੱਕ ਬੈਕੁੰਠ ਦਾ ਨਜਾਰਾ ਪੇਸ਼ ਹੁੰਦਾ ਹੈ। ਅਨੇਕਾਂ ਭਿਆਨਕ ਰੋਗਾਂ ਦੇ ਸ਼ਿਕਾਰ ਲੋਕ ਇਸ ਰੂਹਾਨੀ ਮੰਡਲ ਵਿੱਚ ਆ ਕੇ ਰਾਜੀ ਹੁੰਦੇ ਗਏ ਹਨ। ਜਿੰਨਾਂ ਡੂੰਘਾ ਸੁਆਸ ਲਿਆ ਜਾਂਦਾ ਹੈ ਉਸ ਦੇ ਨਾਲ ਵਾਹਿ..... ਗੁਰੂ.... ਦਾ ਜਾਪ ਕਰਇਆਂ ਜਾਂਦਾ ਸਾਡੇ ਅੰਦਰ ਪਈਆਂ ਅਨੇਕਾਂ ਬਿਮਾਰੀਆਂ ਟੈਨਸ਼ਨ, ਡਿਪਰੈਸ਼ਨ ਮੰਤਰ ਚਕਿੱਤਸਾ ਦੁਆਰਾ ਸਭ ਬਾਹਰ ਨਿਕਲ ਜਾਂਦੀਆਂ ਹਨ। ਸਾਨੂੰ ਇੱਕ ਨਵਾਂ ਜੀਵਨ ਮਿਲਦਾ ਹੈ। ਗਿਣਤੀ ਨਹੀਂ ਹੋ ਸਕਦੀ ਅਨੇਕਾਂ ਭਿਆਨਕ ਰੋਗਾਂ ਦੇ ਮਰੀਜ ਇਸ ਗੁਰਮੰਤਰ ਚਕਿਤਸਾ ਦੁਆਰਾ ਠੀਕ ਹੋ ਚੁਕੇ ਹਨ ਅਤੇ ਹੋ ਰਹੇ ਹਨ।

ਮਹਾਂਪੁਰਖ ਸੰਤ ਬਾਬਾ ਹਰਪਾਲ ਸਿੰਘ ਜੀ ਲਗਾਤਰ ਰਤਵਾੜਾ ਸਾਹਿਬ ਸੰਸਥਾ ਦੀ ਅਗਵਈ ਪਰਮ ਸਤਿਕਾਰਯੋਗ ਬੀਜੀ ਸਰਪਰਸਤੀ ਹੇਠ ਦੇਸ਼ਾਂ ਵਿਦੇਸ਼ਾਂ ਅੰਦਰ ਵਿਚਰ ਰਹੇ ਹਨ। ਅਮਰੀਕਾ ਦੇ ਅੰਦਰ ਸੈਨਹੋਜੇ ਵਿਖੇ ਸੈਂਟਰ ਕਾਇਮ ਹੋ ਚੁਕਿਆ ਹੈ। ਜਿਥੇ ਹਰ ਐਤਵਾਰ ਨੂੰ ਸੰਗਤਾਂ ਇੱਕਠੀਆਂ ਹੁੰਦੀਆਂ ਹਨ ਮਹਾਂਪੁਰਖਾਂ ਦੁਆਰਾ ਦਰਸਾਈ ਜੁਗਤ ਅਨੁਸਾਰ ਨਾਮ ਦਾ ਅਭਿਆਸ ਕਰਦੀਆਂ ਹਨ। ਮਹਾਂਪੁਰਖ ਸੰਤ ਬਾਬਾ ਹਰਪਾਲ ਸਿੰਘ ਜੀ ਉਚੇਚੇ ਤੌਰ ਤੇ ਹਰ ਸਾਲ ਹਾਜਰੀ ਭਰਦੇ ਹਨ। ਇਸੇ ਤਰ੍ਹਾਂ 10-11 ਸਾਲ ਦੇ ਸਮੇਂ ਤੋਂ ਬਾਅਦ ਮਹਾਂਪੁਰਖਾਂ ਨੇ ਕੈਨੇਡਾ ਵਿਖੇ ਵੀ ਹਾਜਰੀ ਭਰੀ। ਵੱਖ ਵੱਖ ਜਗ੍ਹਾਂ ਵੈਨਕੂਵਰ, ਕੈਲਗਰੀ, ਐਡਮਿੰਟਨ, ਟੈਰੇਸ, ਕਲੋਨਾ ਅਤੇ ਪ੍ਰਿੰਸ ਰੂਪਟ ਵਿਖੇ ਮਹਾਂਪੁਰਖਾਂ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ ਅਤੇ ਮਹਾਂਪੁਰਖਾਂ ਦੁਆਰਾ ਦਰਸਾਈ ਜੁਗਤ ਅਨੁਸਾਰ ਨਾਮ ਸਿਮਰਨ ਦੁਆਰਾ ਜੋੜਿਆ। ਲਗਾਤਾਰ ਮਹਾਂਪੁਰਖਾਂ ਨੇ ਜੱਥੇ ਸਮੇਤ ਵੱਖ-ਵੱਖ ਗੁਰਦੁਆਰਿਆਂ ਵਿੱਚ ਹਜਰੀ ਭਰਦੇ ਹੋਏ ਦੇਖਣ ਵਿੱਚ ਅਇਆ ਕੈਨੇਡਾ ਦੀ ਸੰਗਤ ਦਾ ਪਿਆਰ ਅਥਾਹ ਪਿਆਰ ਹੈ ਉਸ ਸੰਗਤ ਦੇ ਅੰਦਰ ਚਾਹੁੰਦੇ ਹਨ ਕਿ ਕਿਸੇ ਨਾ ਕਿਸੇ ਬਹਾਨੇ ਸਤਿਸੰਗਤ ਦੀ ਪ੍ਰਾਪਤੀ ਹੁੰਦੀ ਰਹੇ। ਕਈ ਪ੍ਰੇਮੀ ਤਾਂ ਐਸੇ ਦੇਖਣ ਵਿੱਚ ਆਏ



ਪਿੰਡ ਪਨੈਚਾਂ ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਜਥੇ ਸਮੇਤ ਰਾਤ ਦੇ ਦਿਵਾਨਾਂ ਵਿੱਚ ਹਾਜਰੀ ਭਰਦੇ ਹੋਏ।

ਰਤਵਾੜਾ ਸਾਹਿਬ ਸਕੂਲਾਂ ਦੇ ਬੱਚੇ ਨਵੇਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਸਮੇਂ ਹਾਜਰੀ ਭਰਦੇ ਹੋਏ।





ਰਤਵਾੜਾ ਸਾਹਿਬ ਬੀ.ਐਡ ਕਾਲਜ ਦੇ ਬੱਚੇ ਰਤਵਾੜਾ ਸਾਹਿਬ ਵਿਖੇ Challenges of Education in Changing Socio-Cultural Scenario ਨੈਸ਼ਨਲ ਸੈਮੀਨਾਰ ਵਿੱਚ ਹਾਜਰੀ ਭਰਦੇ ਹੋਏ।

ਜਿਹੜੇ ਜਿੰਨੀ ਦੇਰ ਤੱਕ ਮਹਾਂਪੁਰਖ ਕੈਨੇਡਾ ਤੋਂ ਵਾਪਸ ਨਹੀਂ ਆਏ ਲਗਾਤਾਰ ਨਾਲ ਨਾਲ ਹੀ ਸਤਿਸੰਗਤ ਦੀ ਸੇਵਾ ਦਾ ਪੂਰਾ-ਪੂਰਾ ਲਾਹਾ ਪ੍ਰਾਪਤ ਕਰਦੇ ਰਹੇ ਹਨ। ਜਿੰਨ੍ਹਾਂ ਵਿੱਚ ਮਹਾਂਪੁਰਖਾਂ ਦੇ ਬਹੁਤ ਪਿਆਰੇ ਭਾਈ ਜਸਬੀਰ ਸਿੰਘ ਜਿਹੜੇ ਕਿ ਹੁਣ ਵੈਨਕੂਵਰ ਵਿੱਚ ਨਿਵਾਸ ਰੱਖਦੇ ਹਨ। ਭਾਈ ਪਰਮਜੀਤ ਸਿੰਘ ਪ੍ਰਿੰਸ ਰੂਪਟ, ਭਾਈ ਗੁਰਮੇਜ ਸਿੰਘ ਬੈਂਸ ਕੈਲਗਰੀ, ਭਾਈ ਜਸਬੀਰ ਸਿੰਘ ਵੈਨਕੂਵਰ, ਭਾਈ ਕੇਹਰ ਸਿੰਘ ਐਡਮਿੰਟਨ, ਬਹੁਤ ਹੀ ਪਿਆਰੇ ਭਾਈ ਮਹਿੰਦਰ ਸਿੰਘ ਤੱਖਰ ਟੈਰੇਸ, ਭਾਈ ਪ੍ਰਕਾਸ ਸਿੰਘ ਤੱਖਰ ਟੈਰੇਸ, ਭਾਈ ਜਗਜੀਤ ਸਿੰਘ ਕਲੋਨਾ, ਭਾਈ ਜਸਬੀਰ ਸਿੰਘ ਕੈਲਗਰੀ ਚੈਸਟਰਮਾਨ, ਰੰਧਾਵਾ ਸਾਹਿਬ ਕੈਲੇਗਰੀ, ਵੋਕਲਾ ਸਾਹਿਬ ਆਦਿ ਅਨੇਕਾਂ ਪ੍ਰੇਮੀ ਜਿਹੜੇ ਮਹਾਂਪੁਰਖਾਂ ਦੇ ਪਿਆਰ ਨੂੰ ਉਨ੍ਹਾਂ ਦੇ ਪਵਿੱਤਰ ਧਿਆਨ ਅੰਦਰ ਸਮੋਈ ਬੈਠੇ ਹਨ ਲਗਾਤਾਰ ਜਿੱਥੇ ਵੀ ਮਹਾਂਪੁਰਖਾਂ ਨੇ ਚਰਨ ਪਾਏ ਉਥੇ ਆਪ ਜੀ ਨਾਲ ਜਾਂਦੇ ਰਹੇ। ਸ. ਸਰਮੁਖ ਸਿੰਘ ਜੀ ਪੰਨੂ ਸਾਬਕਾ ਐਸ.ਐਸ.ਪੀ. ਹਾਂਗਕਾਂਗ ਤੋਂ ਰਿਟਾਇਰ ਹੋ ਕੇ ਕੈਨੇਡਾ ਵਿੱਚ ਜਿਥੋਂ ਵੀ ਕੋਈ ਸ਼ਿਕਾਇਤ ਅਉਂਦੀ ਹੈ ਉਸ ਨੂੰ ਦੂਰ ਕਰਨ ਵਾਸਤੇ ਆਪ ਨਿੱਜੀ ਸੰਪਰਕ ਕਰਕੇ ਮੈਗਜੀਨ ਪਹੁੰਚਾਉਣ ਦੇ ਵਿੱਚ ਸਦਾ ਹੀ ਤੱਤਪਰ ਰਹਿੰਦੇ ਹਨ।

(ਪੰਨਾ 37 ਦੀ ਬਾਕੀ)

ਕਿ ਕੋਈ ਪੂਰਾ ਜੇ ਮਿਲ ਜਾਵੇ - ਇਹ ਸੰਸੇ ਨੂੰ ਕੱਢਣ ਵਾਲਾ, ਤਾਂ ਮੈਂ ਉਹਦੀ ਕਦਮ-ਬੋਸੀ ਕਰਾਂ, ਉਹਦਾ ਬਣ ਜਾਵਾਂ, ਸਭ ਕੁਛ ਵੇਚ ਦੇਵਾਂ ਆਪਣਾ। ਜੇ ਪੂਰਾ ਨਹੀਂ ਮਿਲਦਾ, ਤੇ ਅਧੂਰੇ ਕੋਲ ਚਲੇ ਜਾਉ ਜਾਂ ਮਹਾਰਾਜ ਕਹਿੰਦੇ -

ਕਾਚੇ ਗੁਰ ਤੇ ਮੁਕਤਿ ਨ ਹੂਆ॥ ਅੰਗ - ੯੩੨

ਕੱਚਾ ਜੇ ਭਾਲ ਲਿਆ ਤਾਂ ਮੁਕਤੀ ਨਹੀਂ ਹੋਣੀ, ਤੇ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਕਿਉਂ ਨਾ ਜਾਵਾਂ ਕਿਉਂਕਿ ਉਹ ਗੱਦੀ ਗੁਰੂ ਨਾਨਕ ਦੀ ਹੈ। ਜੋ ਮੈਂ ਆਪਣਾ ਆਪ ਬਣਾਇਆ ਹੋਇਆ ਹੈ ਕਿ ਮੈਂ ਪੀਰ ਹਾਂ; ਇਹ ਗੱਲ ਮੈਨੂੰ ਛੱਡ ਦੇਣੀ ਚਾਹੀਦੀ ਹੈ ਕਿਉਂਕਿ ਮੈਂ ਹਾਰ ਰਿਹਾਂ। ਹਾਰ ਕੇ ਜੇ ਐਵੇਂ ਜਿਵੇਂ ਅਗਿਆਨ ਵਿਚ ਹੀ ਚਲਿਆ ਗਿਆ ਤਾਂ ਗੱਲ ਨਹੀਂ ਕੋਈ ਬਣਨੀ। ਉਹ ਸਮਝਦਾਰ ਸੀ, ਸਾਧ ਸੰਗਤ ਜੀ। ਸੋ ਮਨ ਵਿਚ ਖਿਆਲ ਆਉਂਦਾ ਹੈ ਕਿ ਇਹ ਜਿਹੜਾ ਪੰਖੀ ਦੌੜਿਆ ਫਿਰਦਾ ਹੈ, ਇਹ ਤਾਂ ਨਿਕਲਣਾ ਨਹੀਂ, ਬਹੁਤ ਔਖਾ ਫਸ ਗਿਆ ਇਹ ਤਾਂ, ਤੇ ਇਹਨੂੰ ਕੋਈ ਕੱਢਣ ਵਾਲਾ ਮਿਲ ਜਾਏ। ਗੁਰੂ ਮਹਾਰਾਜ ਕਹਿੰਦੇ ਨੇ ਕਿ ਐਸਾ ਫਸਿਆ ਹੋਇਆ ਹੈ ਨਾ ਇਹ - ਮਾਇਆ ਦੇ ਲੋਭ ਵਿਚ, ਇਹ ਕਿਸੇ ਦੀ ਗੱਲ ਨਹੀਂ ਸੁਣਦਾ - 'ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ॥' ਧਾਵੈ ਕਹਿੰਦੇ ਨੇ - ਧਾ ਕੇ ਜਾਂਦਾ ਹੈ, ਦੌੜ ਕੇ ਜਾਂਦਾ ਹੈ; ਹਲਕੇ ਹੋਏ ਕੁੱਤੇ ਵਰਗਾ ਹੈ ਕਿਉਂਕਿ ਹਲਕੇ ਹੋਏ ਕੁੱਤੇ ਦੀਆਂ ਚਾਰ ਨਿਸ਼ਾਨੀਆਂ ਹੁੰਦੀਆਂ ਨੇ - ਪਹਿਲੀ ਤਾਂ ਇਹ ਹੁੰਦੀ ਹੈ ਕਿ ਉਹਦੀ ਪੂੰਛ ਸਿੱਧੀ ਰਹਿੰਦੀ ਹੈ; ਦੂਸਰੀ ਹੁੰਦੀ ਹੈ ਕਿ ਉਹ ਝੱਗ ਸੁੱਟਦਾ ਰਹਿੰਦਾ ਹੈ; ਤੀਸਰੀ ਹੁੰਦੀ ਹੈ - ਉਹ ਪਾਣੀ ਤੋਂ ਡਰਦਾ ਰਹਿੰਦਾ ਹੈ; ਚੌਥੀ ਹੁੰਦੀ ਹੈ - ਉਹ ਜਿਸਨੂੰ ਵੱਢ ਲਏ, ਉਹ ਵੀ ਹਲਕ ਜਾਂਦਾ ਹੈ।

ਇਸੇ ਤਰ੍ਹਾਂ ਜਿਹੜਾ ਹਲਕਿਆ ਹੋਇਆ ਮਨੁੱਖ ਹੈ - ਲੋਭੀ ਮਨੁੱਖ, ਉਹਦੇ ਵਿਚ ਚਾਰ ਔਗੁਣ ਹੁੰਦੇ ਨੇ - ਪਹਿਲਾਂ ਤਾਂ ਇਹ ਹੁੰਦਾ ਹੈ ਕਿ ਉਹ ਜਿਵੇਂ ਹਲਕੇ ਹੋਏ ਕੁੱਤੇ ਦੀ ਪੂੰਛ ਸਿੱਧੀ ਹੁੰਦੀ ਹੈ, ਉਸੇ ਤਰ੍ਹਾਂ ਉਹਦੀ ਤਲੀ ਸਿੱਧੀ ਹੁੰਦੀ ਹੈ। ਜਿਥੇ ਉਹਨੂੰ ਭੋਰਾ ਕੁ ਲਾਭ ਹੋਵੇ, ਉਥੇ ਜਾ ਕੇ ਤਲੀ ਅੱਡ ਲੈਂਦਾ ਹੈ - ਹਰੇਕ ਦੇ ਅੱਗੇ; ਉਹ ਆਪਣੇ ਗਉਂ ਦਾ ਬੰਦਾ ਹੁੰਦਾ ਹੈ, ਕਿਸੇ ਦਾ ਮਿੱਤਰ ਨਹੀਂ ਹੁੰਦਾ। ਦੂਸਰਾ - ਉਹ ਜਿਹੜੀ ਝੱਗ ਸੁੱਟਦਾ ਹੈ, ਉਹ ਨਿੰਦਿਆ ਕਰਦਾ ਰਹਿੰਦਾ ਹੈ, ਕਿਸੇ ਦੀ ਪ੍ਰਸੰਸਾ ਨਹੀਂ ਕਰਦਾ; ਜਦ ਕਰੂ, ਨਿੰਦਿਆ ਕਰੂ। ਤੀਸਰਾ ਹੁੰਦਾ ਹੈ ਕਿ ਨਾਮ ਰੂਪ ਪਾਣੀ ਤੋਂ ਡਰਦਾ ਹੈ, ਨਾਮ ਨਹੀਂ ਜਪਣਾ ਚਾਹੁੰਦਾ, ਬਾਣੀ ਨਹੀਂ ਪੜ੍ਹਨੀ ਚਾਹੁੰਦਾ। ਚੌਥਾ ਹੁੰਦਾ ਹੈ - ਉਹਦੀ ਸੰਗਤ ਕਰਕੇ, ਜਿਵੇਂ ਹਲਕਿਆ ਹੋਇਆ ਕੁੱਤਾ ਵੱਢ ਲੈਂਦਾ ਹੈ, ਲੋਭੀ ਦੀ ਸੰਗਤ ਜਿਹੜਾ ਵੀ ਕਰੂਗਾ, ਉਹ ਲੋਭ ਦੇ ਵਿਚ ਪ੍ਰਵਿਰਤ ਹੋ ਜਾਏਗਾ। ਸੋ -

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥
ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥ ੨ ॥

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ ਅੰਗ - ੫੦

ਭੀਤਰ ਚੋਗ ਬਣਾ ਦਿਤਾ ਤੇ ਹੁਣ ਫਸ ਗਿਆ ਪੰਖੀ। ਇਹ ਹੁਣ ਕਿਸੇ ਤਰੀਕੇ ਨਾਲ ਨਿਕਲ ਨਹੀਂ ਸਕਦਾ -

ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਆਵੈ ਜਾਇ॥
ਅੰਗ - ੫੦

ਤੇ ਜਿਸ ਵਾਹਿਗੁਰੂ ਨੇ ਬਣਾਇਆ ਹੋਇਆ, ਇਹ ਉਹਨੂੰ ਨਹੀਂ ਜਾਣਦਾ ਤੇ ਨਤੀਜਾ ਇਹ ਹੁੰਦਾ ਹੈ ਕਿ ਜੰਮ ਪੈਂਦਾ ਹੈ, ਮਰ ਜਾਂਦਾ ਹੈ, ਜੰਮ ਪੈਂਦਾ ਹੈ, ਮਰ ਜਾਂਦਾ ਹੈ; ਮਾਇਆ ਨੇ ਜਾਲ ਪਸਾਰ ਕੇ ਫਸਾ ਲਿਆ ਇਹਨੂੰ -

ਧਾਰਨਾ - ਪੰਖੀ ਚੋਗ ਦੇ ਲੋਭ ਵਿਚ ਲੱਗ ਕੇ,
ਮਾਇਆ ਵਾਲੇ ਜਾਲ ਫਸਿਆ - ੨, ੨.

ਇਹ ਮਾਇਆ ਦੇ ਦੋ ਪੰਖੀ ਨੇ। ਜਿਹੜਾ ਬੁੱਧੀ ਰੂਪ ਬਿਰਛ ਦੇ ਉੱਤੇ ਬੈਠਾ ਹੈ, ਜਿਹਨੂੰ 'ਜੀਵ' ਕਹਿੰਦੇ, ਜਿਹਨੂੰ ਆਪਾਂ ਗਲਤੀ ਦੇ ਨਾਲ 'ਆਪਾ' ਕਹਿੰਦੇ ਹਾਂ, 'ਮੈਂ' ਕਹਿੰਦੇ ਹਾਂ; ਇਹ ਫਸ ਗਿਆ ਸਾਧ ਸੰਗਤ ਜੀ, ਮਾਇਆ ਦੇ ਚੋਗ ਦੇ ਲੋਭ ਵਿਚ ਪੈ ਗਿਆ - ਕਿਤੇ ਬੱਚਿਆਂ ਦਾ ਚੋਗ ਹੈ, ਕਿਤੇ ਪੈਸੇ ਦਾ, ਕਿਤੇ ਸਰੀਰ ਦਾ, ਕਿਤੇ ਵਾਸ਼ਨਾਵਾਂ ਦਾ; ਬੇਅੰਤ ਕਿਸਮ ਦੇ ਚੋਗ ਪਏ ਨੇ, ਇਹਦੇ ਵਿਚ ਫਸ ਜਾਂਦਾ ਹੈ। ਇਕ ਸਾਖੀ ਐਸੀ ਆਉਂਦੀ ਹੈ ਕਿ ਇਹ ਮਾਇਆ ਕਿੱਥੇ ਤਕ ਲੈ ਜਾਂਦੀ ਹੈ, ਕਿਹੋ ਜਿਹੇ ਕਰਮ ਕਰਾ ਦਿੰਦੀ ਹੈ।

ਇਕ ਵਾਰੀ ਲੱਛਮੀ ਜੀ ਵਿਸ਼ਨੂੰ ਜੀ ਨੂੰ ਕਹਿਣ ਲੱਗੀ ਕਿ ਤੁਹਾਡੇ ਭਗਤ ਕਿੰਨਾਂ ਰੌਲਾ ਪਾਉਂਦੇ ਨੇ - ਮੰਦਰ ਬਣਾਏ ਹੋਏ ਨੇ, ਦੇਹੁਰੇ ਬਣਾਏ ਹੋਏ ਨੇ; ਤੜਕੇ ਹੀ ਲਗ ਜਾਂਦੇ ਨੇ ਘੰਟੇ ਖੜਕਾਉਣ; ਕਥਾ ਹੋ ਰਹੀ ਹੈ - ਤੀਰਥਾਂ ਤੇ; ਬੜਾ ਰੌਲਾ ਗੌਲਾ ਹੈ ਸੰਸਾਰ ਦੇ ਅੰਦਰ। ਮੇਰਾ ਕਿਤੇ ਪ੍ਰਚਾਰ ਨਹੀਂ ਹੈ, ਪਰ ਇਹ ਸਾਰੇ ਮੇਰੇ ਹੀ ਨੇ; ਤੁਹਾਡਾ ਨਹੀਂ ਕੋਈ। ਮੇਰੇ ਨੇ ਸਾਰੇ ਬੰਦੇ, ਮਹਾਰਾਜ! ਤੁਸੀਂ ਤਾਂ ਐਵੇਂ ਖਿਆਲ ਕਰਦੇ ਓਂ। ਕਹਿੰਦੇ, ਲੱਛਮੀ! ਮੇਰੇ ਭਗਤ ਉਪਦੇਸ਼ ਦਿੰਦੇ ਨੇ, ਸੰਸਾਰ ਨੂੰ ਜਗਾਉਂਦੇ ਨੇ। ਕਹਿੰਦੀ, ਨਾ ਮਹਾਰਾਜ! ਕੋਈ ਨਹੀਂ ਜਾਗਦਾ, ਤੁਸੀਂ ਕਰਕੇ ਦੇਖ ਲਉ। ਕਹਿੰਦੇ, ਚੰਗਾ। ਦੋਇ ਜਣੇ ਚੱਲ ਪਏ। ਅੱਗੇ ਗਏ ਤਾਂ ਕਹਿਣ ਲੱਗੇ, "ਇਹ ਮੇਰਾ ਭਗਤ ਹੈ।" ਕੋਈ ਸੇਠ ਰਹਿੰਦਾ ਸੀ - ਸ਼ਹਿਰ ਦੇ ਅੰਦਰ, ਉਹਦੇ ਕੋਲ ਚਲੇ ਗਏ। ਸੇਠ ਕਹਿਣ ਲੱਗਿਆ -

"ਆਉ ਬਾਬਾ ਜੀ, ਕਿਸ ਤਰ੍ਹਾਂ ਆਏ ਹੋ?"

"ਪ੍ਰੇਮੀਆਂ! ਮੈਂ ਕੁਛ ਦਿਨ ਰਹਿਣਾ ਚਾਹੁੰਦਾ ਹਾਂ।"

"ਲਓ, ਆਹ ਅਸੀਂ ਬਣਾਈ ਹੋਈ ਹੈ ਥਾਂ - ਭਗਤਾਂ ਦੇ ਰਹਿਣ ਵਾਸਤੇ, ਸੰਤਾਂ ਦੇ। ਤੁਸੀਂ ਏਥੇ ਨਿਸ਼ੰਗ ਹੋ ਕੇ ਰਹੋ।"

"ਮੈਂ ਕਾਫੀ ਦੇਰ ਰਹਿਣਾ ਚਾਹੁੰਦਾ ਹਾਂ।"

"ਚਾਹੇ ਸਾਰੀ ਉਮਰ ਰਹੋ, ਅਸੀਂ ਕਿਹੜਾ ਤੁਹਾਨੂੰ ਜਵਾਬ ਦਿੰਦੇ ਹਾਂ।"

"ਫੇਰ ਤੁਸੀਂ ਜਿਹੜਾ ਮੈਨੂੰ ਕਮਰਾ ਦੇਣੈ, ਉਥੇ ਮੈਂ ਜਪ ਤਪ ਕਰਨਾ ਹੈ, ਚਾਲੀਸਾ ਕੱਟਣਾ ਹੈ; ਉਹ ਮੈਥੋਂ ਲਿਓ ਨਾ।"

"ਬਿਲਕੁਲ ਨਹੀਂ ਲੈਂਦੇ। ਕਮਰਾ ਲਓ ਤੁਸੀਂ, ਵਧੀਆਂ ਕਮਰਾ ਲਓ।"

"ਨਹੀਂ, ਵਧੀਆ ਵਿਚ ਤਾਂ ਕੋਈ ਆ ਜਾਂਦਾ ਹੈ; ਸਾਨੂੰ ਸਭ ਤੋਂ ਘਟੀਆ ਕਮਰਾ ਦਿਓ।" ਦੇਖਣ ਲੱਗ ਗਏ। ਜਿਥੇ ਲੰਗਰ ਦੀਆਂ ਲੱਕੜਾਂ ਪਈਆਂ ਸੀ, ਕੋਲੇ ਪਏ ਸੀ; ਕਹਿੰਦੇ, ਆਹ ਖਾਲੀ ਕਰ ਦਿਉ।

"ਬਾਬਾ ਜੀ! ਸਾਨੂੰ ਤਾਂ ਦੋਸ਼ ਲੱਗੇਗਾ ਇਹਦਾ। ਤੁਸੀਂ ਮਹਾਤਮਾ ਪੁਰਸ਼ ਸਾਡੇ ਘਰ ਆਏ ਹੋ ਤੇ ਤੁਹਾਨੂੰ ਅਸੀਂ ਐਹੋ ਜਿਹੇ ਥਾਂ ਰੱਖੀਏ। ਤੇ ਅਸੀਂ ਕੋਠੀਆਂ ਵਿਚ ਰਹੀਏ। ਨਾ ਮਹਾਰਾਜ; ਤੁਸੀਂ ਕਮਰਾ ਚੰਗਾ ਲਓ।"

"ਨਾ ਸੇਠ ਜੀ, ਇਸ ਕਮਰੇ ਵਿਚ ਨਹੀਂ ਕੋਈ ਆਉਂਦਾ। ਇਹਨੂੰ ਸਾਫ ਕਰਾ ਦਿਉ।"

ਉਨ੍ਹਾਂ ਨੇ ਸਾਫ ਕਰਾ ਦਿਤਾ - ਕੋਲਿਆਂ ਵਾਲਾ ਕਮਰਾ। ਉਹਦੇ ਵਿਚ ਸੰਤਾਂ ਨੇ ਰਹਿਣਾ ਸ਼ੁਰੂ ਕਰ ਦਿਤਾ। ਇਕ ਦਿਨ ਲੰਘਿਆ, ਦੋ ਦਿਨ ਲੰਘੇ, ਐਨੇ ਨੂੰ ਲੱਛਮੀ ਆ ਗਈ। ਉਹ ਆਈ ਤੇ ਜਿਥੇ ਸੇਠ ਦੀ ਦੁਕਾਨ, ਉਹਦੀ ਫਰਮ ਸੀ, ਉਥੇ ਚਲੀ ਗਈ। ਕਹਿਣ ਲੱਗੀ - "ਸੇਠ ਜੀ, ਸਾਨੂੰ ਸ਼ਰਦਾਈ ਦੀ ਲੋੜ ਹੈ, ਸ਼ਰਦਾਈ ਬਣਾਉਣੀ ਹੈ ਤੇ ਤੁਸੀਂ ਸਾਨੂੰ ਸੀਧਾ ਦੇ ਦਿਉ।"

"ਕੋਈ ਥਾਂ ਵੀ ਹੈ?"

"ਹਾਂ, ਥਾਂ ਹੈ।" ਪਿੱਛੇ ਜਿਹੜਾ ਰਿਟਾਇਰਿੰਗ ਰੂਮ ਸੀ, ਉਹਦੇ ਵਿਚ ਬਿਠਾ ਦਿਤਾ ਤੇ ਉਨ੍ਹਾਂ ਵਾਸਤੇ ਸੀਧਾ ਲਿਆ ਦਿਤਾ, ਕੰਡਾ ਲਿਆ ਦਿਤਾ ਉਸ ਦੇ ਨਾਲ ਦਾਸੀਆਂ ਨੇ, ਉਨ੍ਹਾਂ ਨੇ ਬਣਾਈ ਤੇ ਉਹਦੇ ਬਾਅਦ ਕਹਿਣ ਲੱਗੇ - "ਗਲਾਸ ਦੇਈਏ ਜੀ?"

"ਨਾ, ਗਲਾਸ ਸਾਡੇ ਕੋਲ ਹੈਗੇ। ਬਹਿ ਜਾਉ, ਤੁਸੀਂ ਵੀ ਪੀਓ।" ਗਲਾਸ ਕੱਢ ਲਏ ਸੋਨੇ ਦੇ ਤੇ ਉਨ੍ਹਾਂ ਦੇ ਵਿਚ ਸ਼ਰਦਾਈ ਪਿਲਾ ਦਿਤੀ। ਹੈਰਾਨ ਹੁੰਦੇ ਨੇ ਕਿ ਇਹ ਤਾਂ ਬੜੇ ਅਮੀਰ ਨੇ, ਸਾਰੇ ਹੀ ਸੋਨੇ ਦੇ ਗਲਾਸਾਂ ਚਿ ਪੀਂਦੇ ਨੇ ਤੇ ਸਾਨੂੰ ਵੀ ਸੋਨੇ ਦੇ ਗਲਾਸਾਂ ਵਿਚ ਪਿਲਾਈ ਹੈ। ਮੈਂ ਐਡਾ ਸੇਠ ਹਾਂ, ਪਰ ਸੋਨੇ ਦੇ ਗਲਾਸ ਤਾਂ ਮੇਰੇ ਕੋਲ ਹੈ ਨਹੀਂ। ਉਹਤੇ ਬਾਅਦ ਜਦ ਪੀ ਹਟੇ, ਕਹਿਣ ਲੱਗੀ, "ਸੇਠ ਜੀ, ਇਹ ਗਲਾਸ ਕੂੜੇ ਵਿਚ ਸੁੱਟ ਦਿਓ, ਕਿਉਂਕਿ ਅਸੀਂ ਦੂਜੀ ਵਾਰੀ ਨਹੀਂ ਪੀਂਦੇ ਹੁੰਦੇ ਜਿਹੜੇ ਬਰਤਣ ਵਿਚ ਇਕ ਵਾਰੀ ਪੀ ਲਈਏ।"

ਸੇਠ ਦੇ ਮੁੰਡੇ ਵੀ ਕੋਲ ਨੇ। ਮਨ ਵਿਚ ਇਕ ਦੂਜੇ ਨਾਲ ਅੱਖਾਂ ਨਾਲ ਏ ਗੱਲਾਂ ਕਰੀਆਂ ਕਿ ਜੇ ਕਿਤੇ ਇਹ ਸਾਡੇ ਕੋਲ ਰਹਿ ਜਾਵੇ - ਕਿਸੇ ਤਰੀਕੇ ਨਾਲ, ਫੇਰ ਸਾਡੀ ਤਾਂ ਪੁਸ਼ਤਾਂ ਦੀ ਗਰੀਬੀ ਜਾਂਦੀ ਰਹੇ, ਅਮੀਰੀ ਆ ਜਾਏਗੀ; ਸੱਤ ਪੁਸ਼ਤਾਂ ਧਨ ਨਹੀਂ ਮੁੱਕਣਾ, ਕਿੰਨਾਂ ਹੀ ਖਾਈ ਜਾਈਏ। ਇਸ ਕਾਰੋਬਾਰ ਦੀ ਲੋੜ ਹੀ ਨਹੀਂ ਰਹਿਣੀ। ਕਹਿਣ ਲੱਗੇ -

"ਬੀਬੀ ਜੀ, ਕੀ ਪ੍ਰੋਗਰਾਮ ਹੈ ਤੁਹਾਡਾ?"

"ਪ੍ਰੋਗਰਾਮ ਤਾਂ ਸਾਡਾ ਕੋਈ ਨਹੀਂ, ਅਸੀਂ ਤਾਂ ਤੀਰਥ ਯਾਤਰਾ ਕਰਨੀ ਹੈ; ਕਿਤੇ ਦਸ ਦਿਨ ਰਹਿ ਲਏ, ਕਿਤੇ ਪੰਜ ਦਿਨ ਰਹਿ ਲਏ। ਹੁਣ ਕਾਫੀ ਸਫਰ ਤੋਂ ਬਾਅਦ ਆਏ ਹਾਂ; ਐਥੇ ਕਿਤੇ ਆਰਾਮ ਕਰਾਂਗੇ।"

"ਆਰਾਮ ਕਰਨ ਵਾਸਤੇ ਤਾਂ ਸਾਡੀ ਸਰਾਂ ਹੈਗੀ, ਬਹੁਤ ਵਧੀਆਂ ਅਸੀਂ ਕਮਰੇ ਬਣਾਏ ਹੋਏ ਨੇ। ਕੋਠੀ ਦੇਖ ਲਓ, ਜਿਥੇ ਤੁਹਾਡਾ ਜੀਅ ਕਰਦਾ ਹੈ, ਰਹੋ। ਇਹ ਕੋਠੀ ਖਾਲੀ ਕਰ ਦਿੰਦੇ ਹਾਂ।"

"ਨਹੀਂ, ਅਸੀਂ ਰਹਾਂਗੇ ਤਾਂ ਉਥੇ, ਜਿਥੇ ਕੋਈ ਪੁਰਸ਼ ਨਾ ਨੇੜੇ ਹੋਵੇ।"

ਦਿਖਾਉਣ ਵਾਸਤੇ ਲੈ ਗਏ। ਉਥੋਂ ਅੱਗੇ ਸਾਰੇ ਕਮਰੇ ਦੇਖਦੇ ਰਹੇ ਕਿ ਇਹ ਵੀ ਠੀਕ ਹੈ, ਇਹ ਵੀ ਠੀਕ ਹੈ। ਅਖੀਰ ਉਸੇ ਕਮਰੇ ਕੋਲ ਚਲੇ ਗਏ ਜਿਥੇ ਭਗਤ ਠਹਿਰਿਆ ਹੋਇਆ ਸੀ, ਤੇ ਕਹਿੰਦੀ -

"ਆਹ ਕਮਰਾ ਬੰਦ ਹੈ?"

"ਇਹਦੇ ਵਿਚ ਇਕ ਬੁੱਢਾ ਜਿਹਾ ਹੈ ਏਥੇ, ਇਹਨੇ ਨਿਕਲਣਾ ਨਹੀਂ ਚਾਲੀ ਦਿਨ।"

"ਫੇਰ ਅਸੀਂ ਕਿਤੇ ਹੋਰ ਰਹਾਂਗੇ।"

"ਤੁਸੀਂ ਜਾਉ ਨਾ, ਅਸੀਂ ਇਹਨੂੰ ਕੱਢ ਦਿੰਨੇ ਆਂ।" ਲਾਲਚ ਵਿਚ ਆ ਗਿਆ ਕਿ ਅਮੀਰੀ ਆ ਜਾਊ। ਬਚਨ ਕਿਧਰੇ ਹੀ ਗਏ। ਪਹਿਲੀ ਗੱਲ ਵਿਚ ਹੀ ਬਦਲ ਗਏ ਕਿਉਂਕਿ ਮਾਇਆ ਦੇ ਬੰਦੇ ਸੀ। ਕਹਿਣ ਲੱਗੇ -

"ਬਾਬਾ! ਬਾਬਾ! ਇਹ ਕਮਰਾ ਖਾਲੀ ਕਰ ਦੇ, ਸਾਨੂੰ ਚਾਹੀਦਾ ਹੈ।"

"ਮੈਂ ਤਾਂ ਤੁਹਾਨੂੰ ਕਿਹਾ ਸੀ, ਮੈਂ ਚਾਲੀ ਦਿਨ ਏਥੇ ਬੈਠਣਾ ਹੈ, ਚਾਲੀਸਾ ਕੱਟਣਾ ਹੈ।"

"ਕਿਤੇ ਹੋਰ ਕੱਟ ਲੈ ਜਾ ਕੇ। ਚੱਲ ਤੈਨੂੰ ਕੋਈ ਹੋਰ ਕਮਰਾ ਦਿਵਾ ਦਿੰਦੇ ਹਾਂ।"

"ਨਹੀਂ, ਮੈਂ ਇਹ ਹੀ ਲੈਣਾ ਹੈ।"

"ਤੈਂ ਕਬਜ਼ਾ ਕਰਨਾ ਹੈ? ਦਰਵਾਜ਼ਾ ਖੋਲ੍ਹ।" ਦਰਵਾਜ਼ਾ ਨਹੀਂ ਖੋਲ੍ਹਦਾ। ਧੱਕੇ ਮਾਰਦੇ ਨੇ, ਅਖੀਰ ਦਰਵਾਜ਼ਾ ਤੋੜ ਕੇ ਅੰਦਰ ਵੜੇ। ਦੋਹਾਂ ਨੇ ਬਾਹਾਂ ਤੋਂ ਫੜ ਲਿਆ - ਇਕ ਨੇ ਓਧਰਲੀ ਬਾਂਹ, ਇਕ ਨੇ ਐਧਰਲੀ ਬਾਂਹ; ਇਕ ਪਿਛੋਂ ਜ਼ੋਰ ਜ਼ੋਰ ਦੀ ਧੱਕੇ ਮਾਰਦਾ ਹੈ; ਬਾਹਰ ਕੱਢ ਦਿਤਾ। ਕਹਿੰਦੇ, ਇਹ ਬੁੜ੍ਹੇ ਜਿਹੇ ਨੇ ਕਬਜ਼ਾ ਹੀ ਕਰ ਲਿਆ ਸੀ।

ਏਨੇ ਨੂੰ ਉਹ ਬੀਬੀ ਕਿਤੇ ਨਜ਼ਰ ਹੀ ਨਾ ਆਈ, ਛਾਂਈ-ਮਾਈਂ ਹੋ ਗਈ, ਉਹ ਵੀ ਛਾਈਂ ਮਾਈਂ ਹੋ ਗਿਆ। ਕਹਿਣ

ਲੱਗੀ, "ਦੇਖਿਆਂ ਮਹਾਰਾਜ! ਤੇਰਾ ਭਗਤ। ਇਹ ਸਭ ਮੇਰੇ ਜਾਲ ਵਿਚ ਫਸੇ ਹੋਏ ਨੇ ਤੇ ਮੇਰੇ ਹੀ ਬੰਦੇ ਨੇ ਸਾਰੇ। ਦੇਖਣ ਨੂੰ ਹੀ ਭਗਤ ਨੇ - ਉਤੋਂ ਉਤੋਂ। ਹੈਗੇ ਮੇਰੇ ਬੰਦੇ, ਤੇ ਭੈੜੇ ਤੋਂ ਭੈੜੇ ਕੰਮ ਕਰ ਸਕਦੇ ਨੇ ਇਹ।"

ਉਹ ਕਹਿਣ ਲੱਗੇ ਕਿ ਮੇਰੇ ਭਗਤ ਵੀ ਹੈਗੇ। ਚੱਲ ਇਹ ਤਾਂ ਉਪਰਲਾ ਉਪਰਲਾ ਹੀ ਸੀ, ਮੈਂ ਤੈਨੂੰ ਅਸਲੀ ਭਗਤ ਦਿਖਾਉਂਦਾ ਹਾਂ ਤੇ ਜਾਂਦੇ-ਜਾਂਦੇ ਕਬੀਰ ਸਾਹਿਬ ਕੋਲ ਆ ਗਏ। ਕਹਿੰਦੇ, "ਤੁਸੀਂ ਜਾਓ ਪਹਿਲਾਂ।" ਇਨ੍ਹਾਂ ਨੇ ਇਕ ਉਲਝਿਆ ਹੋਇਆ ਤਾਣਾ ਲੈ ਲਿਆ ਤੇ ਕਹਿਣ ਲੱਗੇ -

"ਭਗਤ ਜੀ! ਮੇਰੀ ਲੜਕੀ ਦਾ ਵਿਆਹ ਹੈ, ਗਰੀਬ ਆਦਮੀ ਹਾਂ ਮੈਂ, ਮੇਰੇ ਕੋਲ ਪੈਸਾ ਨਹੀਂ ਹੈ ਦੇਣ ਨੂੰ; ਇਹ ਇਕ ਤਾਣਾ ਹੈਗਾ, ਜੇ ਤੁਹਾਥੋਂ ਠੀਕ ਹੁੰਦਾ ਹੈ ਤਾਂ ਕੋਈ ਬਸਤਰ ਬਣਾ ਦਿਉ।"

"ਹਾਂ ਸੰਤ ਜੀ, ਠੀਕ ਹੈ।"

"ਦੇਖਿਓ, ਕੋਈ ਹੋਰ ਨਾ ਆ ਜਾਵੇ ਮੇਰੇ ਉਤੋਂ ਦੀ।"

"ਕੋਈ ਗੱਲ ਨਹੀਂ, ਤੁਹਾਡਾ ਕੰਮ ਅਸੀਂ ਕਰ ਦਿਆਂਗੇ।"

ਉਹ ਚਲੇ ਗਏ। ਅਜੇ ਤਾਣਾ ਸੁਲਝਾ ਰਹੇ ਨੇ, ਐਨੇ ਨੂੰ ਲੱਛਮੀ ਆ ਗਈ। ਜਿਸ ਵਕਤ ਆਈ ਤਾਂ ਕਹਿਣ ਲੱਗੀ, "ਭਗਤ ਜੀ! ਆਹ ਕੀ ਤੁਸੀਂ ਮੱਥਾ ਮਾਰਨ ਲੱਗੇ ਓਂ! ਇਹ ਲਓ ਮੇਰਾ ਤਾਣਾ, ਮੈਨੂੰ ਬਹੁਤ ਜ਼ਰੂਰੀ ਚਾਹੀਦਾ ਹੈ ਤੇ ਦੁੱਗਣੀ, ਤਿਗੁਣੀ, ਚੌਗੁਣੀ - ਜਿੰਨੀ ਵੀ ਮਜ਼ਦੂਰੀ ਚਾਹੀਦੀ ਹੈ, ਤੁਸੀਂ ਲੈ ਲਓ, ਤੇ ਕਿਉਂਕਿ ਸਾਧੂ ਸੰਤ ਸਾਰੇ ਮੇਰੇ ਨਾਲ ਪਿਆਰ ਕਰਦੇ ਨੇ, ਮੈਂ ਵੀ ਦਾਸੀ ਹਾਂ, ਸੇਵਾ ਕਰਦੀ ਹਾਂ ਤੇ ਤੁਹਾਡੀ ਵੀ ਸੇਵਾ ਕਰਦੀ ਹਾਂ। ਤੁਹਾਡੇ ਕੋਲ ਬੇਅੰਤ ਮਹਾਤਮਾ ਆਉਂਦੇ ਨੇ ਤੇ ਮੈਂ ਪੈਸੇ ਜ਼ਿਆਦਾ ਦੇ ਦੇਵਾਂਗੀ।

ਕਬੀਰ ਸਾਹਿਬ ਨੇ ਦ੍ਰਿਸ਼ਟੀ ਕਰੀ ਕਿ ਇਹ ਕੌਣ ਹੋਈ ਐਨੀ ਤੱਤ-ਫੱਤ ਗੱਲਾਂ ਕਰਨ ਵਾਲੀ। ਦੇਖਿਆ ਕਿ ਇਹ ਤਾਂ ਛਲ-ਨਾਗਣੀ ਆ ਗਈ, ਇਹ ਤਾਂ ਛਲ ਕਰੂ ਹੁਣ ਮੇਰੇ ਨਾਲ ਉਸ ਵੇਲੇ ਕਹਿੰਦੇ -

"ਨਾ ਬੀਬੀ! ਅਸੀਂ ਤਾਂ ਇਹ ਹੀ ਕਰਨਾ ਹੈ।"

"ਭਗਤ ਜੀ! ਸਾਧ ਸੰਤ ਮੇਰੇ ਪੰਜੇ ਤੋਂ ਬਾਹਰ ਨਹੀਂ ਹੈਗੇ।"

ਐਸੀ ਸਾਖੀ ਆਉਂਦੀ ਹੈ ਕਿ ਇਕ ਵਾਰੀ ਇਕ ਮਹਾਤਮਾ ਸਮਾਧੀ ਲਾ ਕੇ ਬੈਠਿਆ ਕਰਦੇ ਸੀ। ਲੋਕਾਂ ਨੇ ਆਉਣਾ, ਉਨ੍ਹਾਂ ਨੇ ਦੇਖਣਾ ਕਿ ਇਨ੍ਹਾਂ ਦੀ ਸਮਾਧੀ ਨਹੀਂ ਖੁਲ੍ਹਦੀ, ਇਹ ਤਾਂ ਐਨੇ ਘੰਟੇ ਬੈਠੇ ਰਹਿੰਦੇ ਨੇ। ਇਕ ਵਾਰੀ ਕੋਈ ਸੇਠ ਆਇਆ। ਉਹਨੇ ਪੰਜ ਰੁਪਏ ਭੇਟਾ ਕਰੇ ਤੇ ਕਰੇ ਇਸ ਤਰ੍ਹਾਂ ਕਿ ਪਹਿਲਾਂ ਇਕ ਰੁਪਿਆ ਸੁੱਟ ਦਿਤਾ, ਉਹਦੇ ਉਪਰ ਦੂਜਾ ਮਾਰਿਆ, ਤੀਜਾ ਮਾਰਿਆ, ਚੌਥਾ ਮਾਰਿਆ, ਪੰਜਵਾਂ ਮਾਰਿਆ ਤੇ ਮੱਥਾ ਟੇਕ ਕੇ ਚਲਿਆ ਗਿਆ। ਕਹਿੰਦਾ, ਸੰਤ ਕਦ ਮਿਲਣਗੇ? ਕਹਿੰਦੇ, ਜੀ ਇਨ੍ਹਾਂ ਦੀ ਤਾਂ ਸਮਾਧੀ ਲੱਗੀ ਹੋਈ ਹੈ, ਅਜੇ ਨਹੀਂ ਮਿਲਦੇ, ਇਹ ਤਾਂ ਠਹਿਰ ਕੇ ਮਿਲਣਗੇ। ਤੇ ਜਦ ਪਿੱਠ ਮੋੜੀ ਸੇਠ ਨੇ; ਇਹਦਾ ਜਿਹੜਾ ਸੇਵਕ ਸੀ, ਉਹ ਲੋਭੀ ਸੀ; ਉਹਨੇ ਇਕ ਰੁਪਿਆ ਚੁੱਕ ਲਿਆ ਕਿ ਇਹ ਕਿਹੜਾ ਗਿਣਦਾ ਹੈ, ਅੱਖਾਂ ਮੀਚੀਂ ਬੈਠੇ ਹਾਂ, ਆਪਾਂ ਚੁੱਕ ਲੈਂਦੇ ਹਾਂ, ਜੇਬ ਵਿਚ ਪਾ ਲੈਂਦੇ ਹਾਂ। ਉਹਨੇ ਜੇਬ ਵਿਚ ਪਾ ਲਿਆ। ਸੰਤਾਂ ਨੇ ਨੇਤਰ ਖੋਲ੍ਹ ਲਏ; ਦੇਖਿਆ ਤਾਂ ਚਾਰ ਰੁਪਏ ਪਏ ਨੇ। ਉਹ ਕਹਿੰਦੇ, "ਚਾਰ ਨੇ, ਇਹ ਤਾਂ ਪੰਜ ਸੀ।" ਕਹਿੰਦਾ, "ਤੁਹਾਨੂੰ ਕਿਵੇਂ ਪਤਾ ਹੈ?" ਕਹਿੰਦਾ, "ਪੰਜ ਖੜਕੇ ਸੀ, ਮੈਂ ਗਿਣਦਾ ਸੀ। ਸੋ ਇਸ ਤਰ੍ਹਾਂ ਹੈ। ਕਹਿੰਦੇ -

ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥
ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥
ਅੰਗ - ੪੭੬

ਕਹਿੰਦੀ, "ਮੇਰੇ ਕਾਬੂ 'ਚ ਨੇ ਸਾਰੇ।"

ਸੋ ਉਸ ਵੇਲੇ ਕਬੀਰ ਜੀ ਨੇ ਹਾਕ ਮਾਰੀ ਕਮਾਲੇ ਨੂੰ; ਬੇਟਾ ਕਮਾਲੇ! ਛੁਰੀ ਲੈ ਕੇ ਆ। ਉਸ ਬੀਬੀ ਨੇ ਸੋਚਿਆ ਕਿ ਇਹ ਪਹਿਲਾਂ ਤਾਣਾ ਵੱਢੇਗਾ ਤੇ ਹੁਣੇ ਹੀ ਪਹਿਲਾਂ ਮੇਰਾ ਤਾਣਾ ਚਾੜੂਗਾ। ਛੁਰੀ ਤਿੱਖੀ ਕਰੀ ਜਾਂਦੇ ਨੇ। ਤਿੱਖੀ ਕਰਕੇ ਇਕ ਦਮ ਫੜ ਲਿਆ ਉਹਨੂੰ -

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਰਿ ਕੈ ਡਾਰੀ॥
ਅੰਗ - ੪੭੬

ਨੱਕ ਤੋਂ ਵੀ ਕੱਟ ਦਿਤੀ, ਕੰਨ ਤੋਂ ਵੀ ਕੱਟ ਦਿਤੀ। ਕੱਟ ਕੇ ਸੁੱਟ ਦਿਤੀ। ਰੋਂਦੀ ਜਾਂਦੀ ਹੈ। ਭਗਵਾਨ ਕਹਿੰਦੇ, ਦੇਖ ਲਿਆ! ਤੂੰ ਤਾਂ ਧੱਕੇ ਹੀ ਦਿਵਾਏ ਸੀ, ਤੈਨੂੰ ਅਸੀਂ ਨੱਕ ਕੰਨ ਤੋਂ ਕਟਾ ਦਿਤਾ, ਹੁਣ ਤੈਨੂੰ 'ਨਕਟੀ' ਕਿਹਾ ਕਰਨਗੇ ਸਾਰੇ। ਸੋ ਇਸ ਤਰ੍ਹਾਂ ਦੇ ਨਾਲ ਸਾਰਾ ਸੰਸਾਰ ਮਾਇਆ ਵਿਚ ਫਸਿਆ ਹੋਇਆ ਹੈ।

ਇਕ ਵਾਰੀ ਕਬੀਰ ਸਾਹਿਬ ਕੋਲ ਬਹੁਤ ਸਾਰੇ ਸਾਧੂ ਬੈਠੇ ਨੇ, ਮਾਇਆ ਫੇਰ ਆ ਗਈ। ਇਹ ਆਉਂਦੀ ਹੈ ਸੰਤਾਂ ਦੇ ਕੋਲ - ਆਪਣਾ ਉਧਾਰ ਕਰਾਉਣ ਵਾਸਤੇ ਤੇ ਇਹ ਕਹਿੰਦੀ ਹੈ ਕਿ ਮੈਂ ਸਾਰੇ ਸੰਸਾਰ ਨੂੰ ਤਾਂ ਫੜ ਲੈਂਦੀ ਹਾਂ, ਪਰ ਮੈਂ ਸੰਤਾਂ ਤੋਂ ਡਰਦੀ ਹਾਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਮਾਇਆ ਸੰਤਾਂ ਦੇ ਨੇੜ ਨਾ ਜਾਵੇ,
ਦਾਸੀ ਬਣ ਕੇ ਸੇਵਾ ਕਰਦੀ - ੨, ੨.

ਕਬੀਰ ਸਾਹਿਬ ਦੇ ਪਾਸ ਆ ਗਈ। ਕਬੀਰ ਸਾਹਿਬ ਨੇ ਦੂਰੋਂ ਹੀ ਦੇਖ ਲਈ ਤੇ ਉਸ ਵੇਲੇ ਬਹੁਤ ਉੱਚੀ ਬੋਲੇ। ਸੰਤ ਕਹਿਣ ਲੱਗੇ ਕਿ ਦੇਖੋ ਇਹ ਐਨੀ ਚੰਗੀ ਬੀਬੀ ਆਈ ਸੀ ਪਰ ਇਹ ਕਿਉਂ ਐਨਾ ਰੁੱਖਾ ਬੋਲੇ ਨੇ। ਕਬੀਰ ਸਾਹਿਬ ਨੂੰ ਕਹਿਣ ਲੱਗੇ -

"ਭਗਤ ਜੀ! ਇਹ ਕੀ ਕਰਦੇ ਓਂ?"

"ਸਾਨੂੰ ਇਹਦੀ ਲੋੜ ਨਹੀਂ ਹੈ। ਇਹ ਮਾਇਆ ਹੈ, ਇਹਨੂੰ ਬੁਲਾ ਕੇ ਪੁੱਛ ਲਓ।"

ਉਨ੍ਹਾਂ ਨੇ ਬੁਲਾ ਲਈ ਤੇ ਕਹਿੰਦੇ ਕਿ ਸਵਾਲ ਪੁੱਛਣਾ ਹੈ ਇਸ ਤੋਂ ਕਿ ਇਹਦੇ ਪਿਛਲੇ ਕੇਸ ਵੀ ਘਸੇ ਹੋਏ ਨੇ ਤੇ ਮੂਹਰਲੇ ਮੱਥੇ ਤੋਂ ਵੀ ਘਸੇ ਹੋਏ ਨੇ। ਇਹ ਕੀ ਕਾਰਨ ਹੈ?

"ਪੁੱਛ ਲਉ ਬੁਲਾ ਕੇ।"

ਉਹਨੂੰ ਬੁਲਾਇਆ। ਕਹਿਣ ਲੱਗੇ, "ਤੁਸੀਂ ਮਾਇਆ ਹੋਂ?"

"ਹਾਂ, ਮੈਂ ਮਾਇਆ ਹਾਂ। ਇਹ ਸਾਰਾ ਸੰਸਾਰ - ਜਿੰਨਾਂ ਵੀ ਹੈ, ਸਾਰਾ ਸੰਸਾਰ ਮੇਰੇ ਕਾਬੂ ਵਿਚ ਹੈ -

ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ॥

ਅੰਗ - ੬੭੩

ਚੌਦਾਂ ਹੀ ਭਵਨਾਂ ਦਾ ਸੰਸਾਰ, ਤਿੰਨੇ ਹੀ ਗੁਣ -

ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹ ਜੰਤੁ ਵਿਚਾਰਾ॥

ਅੰਗ - ੬੭੩

ਤੀਰਥ ਮੈਂ ਖੰਡਨ ਕਰ ਦਿਤੇ, ਇਸ਼ਨਾਨ ਦਾ ਫਲ, ਤਪ ਦਾ ਫਲ, ਸਾਰੇ ਹੀ ਖੰਡਨ ਕਰੇ ਹੋਏ ਨੇ, ਇਹ ਜੰਤ ਵਿਚਾਰੇ ਕੀ ਨੇ ਮੇਰੇ ਸਾਮ੍ਹਣੇ।"

ਪ੍ਰਭ ਕੀ ਓਟ ਗਹੀ ਤਉ ਛੂਟੋ ॥
ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ
ਬਿਖੈ ਬਿਆਧਿ ਤਬ ਹੂਟੋ ॥ ੧ ॥ ਰਹਾਉ ॥
ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥
ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥

ਅੰਗ - ੬੭੩

ਨਾ ਤਾਂ ਕਦੇ ਸੁਣੀ ਹੈ, ਨਾ ਕਦੇ ਬੋਲਦੀ ਦੇਖੀ ਹੈ, ਨਾ ਅੱਖਾਂ ਨਾਲ ਦੇਖੀ ਹੈ 'ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ॥ ਨਾਲੇ ਤਾਂ ਜਨਮ ਮਰਨ ਵਿਚ ਪਾ ਦਿੰਦੀ ਹੈ, ਨਾਲੇ ਦੁੱਖਾਂ ਵਿਚ ਪਾਈ ਜਾਂਦੀ ਹੈ ਪਰ ਫਿਰ ਭੀ ਸਾਰਿਆਂ ਨੂੰ ਇਹ ਮਿੱਠੀ ਲਗਦੀ ਹੈ।

ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ॥

ਅੰਗ - ੬੭੩

ਸਾਰੇ ਘਰਾਂ ਵਿਚ ਦ੍ਵੈਤ ਪਾਈ ਹੋਈ ਹੈ, ਇਕ ਦੂਜੇ ਨੂੰ ਕੋਈ ਨਹੀਂ ਪੁੱਛਦਾ।

ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ
ਸਗਲੇ ਲਰਿ ਲਰਿ ਮੂਆ ॥ ੩ ॥
ਹਉ ਬਲਿਹਾਰੀ ਸਤਿਗੁਰ ਅਪੁਨੇ
ਜਿਨਿ ਇਹੁ ਚਲਤੁ ਦਿਖਾਇਆ ॥
ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥

ਅੰਗ - ੬੭੩

ਸਾਡਾ ਸੰਸਾਰ, ਇਹ ਗੁੱਝੀ ਅੱਗ ਦੇ ਵਿਚ ਜਲ ਰਿਹਾ ਹੈ। ਇਕ ਪ੍ਰਮੇਸ਼ਰ ਦੇ ਪਿਆਰੇ ਨੇ ਜਿਨ੍ਹਾਂ ਤੇ ਇਹ ਨਹੀਂ ਵਿਆਪਦੀ। ਹਾਕ ਮਾਰ ਲਈ, ਕੋਲ ਆ ਗਈ। ਕਹਿਣ ਲੱਗੇ, "ਕੀ ਕਰਦੀ ਹੁੰਦੀ ਹੈਂ ਤੂੰ?" ਕਹਿੰਦੀ, "ਮੈਂ ਕੀ ਕਰਨਾ ਹੈ ਜੀ -

ਸਾਧੂ ਕੈ ਠਾਢੀ ਦਰਬਾਰਿ॥ ***ਅੰਗ - ੮੭੨***

ਸਾਧੂਆਂ ਦੇ ਤਾਂ ਮੈਂ ਹੱਥ ਬੰਨ੍ਹ ਕੇ ਦਰਬਾਰ ਤੇ ਖੜ੍ਹੀ ਹਾਂ ਤੇ ਮੈਂ ਬੇਨਤੀ ਕਰਦੀ ਹਾਂ ਬਾਰ-ਬਾਰ ਕਿ ਮੈਂ ਤੁਹਾਡੀ ਸ਼ਰਨ ਹਾਂ, ਮੇਰਾ ਵੀ ਭਲਾ ਕਰ ਦਿਉ। ਇਹ ਪਾਪੀ ਪੁਰਖ ਮੇਰੀ ਵਰਤੋਂ ਕਰਦੇ ਨੇ, ਮੈਨੂੰ ਨਰਕਾਂ ਦੇ ਭਾਗੀ ਬਣਾਉਂਦੇ ਨੇ; ਸ਼ਰਾਬਾਂ, ਕਬਾਬਾਂ, ਮੁਕੱਦਮੇ, ਝੂਠ, ਤੂਫਾਨ ਬੇਅੰਤ ਕੁਛ ਕਰਦੇ ਨੇ, ਚੋਰੀਆਂ ਜਾਰੀਆਂ ਆਦਿ ਤੇ ਸੰਤਾਂ ਨੂੰ ਮੈਂ ਕਹਿੰਦੀ ਹਾਂ ਕਿ ਮੈਨੂੰ ਕਿਤੇ ਖਰਚ ਦਿਉ - ਚੰਗੀ ਥਾਂ ਤੇ, ਤਾਂ ਕਿ ਮੈਂ ਵੀ ਸਫਲ ਹੋ ਜਾਵਾਂ, ਮੇਰਾ ਵੀ ਉਧਾਰ ਹੋ ਜਾਵੇ -

ਸਰਨਿ ਤੇਰੀ ਮੋ ਕਉ ਨਿਸਤਾਰਿ॥ ***ਅੰਗ - ੮੭੨***

ਤੇ ਮੈਂ ਤਾਂ ਦਾਸੀ ਹਾਂ -

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥
ਚਰਣੀ ਲਾਗੈ ਤਾ ਮਹਲੁ ਪਾਵੈ॥ ***ਅੰਗ - ੨੩੧***

ਗਿਆਨੀ ਕੀ ਹੋਇ ਵਰਤੀ ਦਾਸਿ॥
ਕਰ ਜੋੜੇ ਸੇਵਾ ਕਰੇ ਅਰਦਾਸਿ॥ ***ਅੰਗ - ੩੭੦***

ਅਰਦਾਸਿ ਕਰਦੀ ਹਾਂ - ਹੱਥ ਬੰਨ੍ਹ ਕੇ -

ਜੋ ਤੂੰ ਕਰਹਿ ਸੁ ਕਾਰ ਕਮਾਵਾ॥ ***ਅੰਗ - ੩੭੦***

ਪਰ ਮੈਂ ਗੁਰਮੁਖ ਦੇ ਉਤੇ ਆਪਣਾ ਅਸਰ ਨਹੀਂ ਪਾਉਂਦੀ। ਸੋ ਇਸ ਤਰ੍ਹਾਂ ਦੇ ਨਾਲ ਮੈਂ ਸੰਤਾਂ ਦੇ ਨੇੜੇ ਨਹੀਂ ਆਉਂਦੀ। ਬਾਕੀ ਜਿਹੜੇ ਨੇ, ਉਨ੍ਹਾਂ ਨੂੰ ਮੈਂ ਛੱਡਦੀ ਨਹੀਂ; ਕੋਈ ਨਹੀਂ ਮੈਂ ਛੱਡਿਆ - ਸ੍ਰਿੰਗੀ ਰਿਖੀ ਨਹੀਂ ਛੱਡਿਆ, ਸੌਰਭ ਰਿਸ਼ੀ ਨਹੀਂ ਛੱਡਿਆ, ਨੌਭ ਰਾਜਾ ਨਹੀਂ ਛੱਡਿਆ; ਇਕ ਦੋ ਚਾਰ ਕੀ, ਵੱਡੇ-ਵੱਡੇ ਬ੍ਰਹਮਾ, ਵਿਸ਼ਨੂੰ, ਮਹੇਸ਼ - ਇਨ੍ਹਾਂ ਨੂੰ ਵੀ ਮੈਂ ਭੁਲਾ ਕੇ ਰੱਖਿਆ ਹੋਇਆ ਹੈ॥"

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥

ਅੰਗ - ੭

ਕੋਲ ਰਹਿੰਦਾ ਪ੍ਰਮੇਸ਼ਰ ਨਜ਼ਰ ਨਹੀਂ ਆਉਂਦਾ। ਕਹਿਣ ਲੱਗੇ -

"ਤੇਰੇ ਕੇਸ ਇਸ ਤਰ੍ਹਾਂ ਕਿਉਂ ਹੋਏ ਨੇ?"

"ਮੇਰੇ ਮੂਹਰਲੇ ਵਾਲ ਤਾਂ ਘਸ ਗਏ ਕਿ ਮੈਂ ਭਗਤਾਂ ਨੂੰ ਮੱਥਾ ਟੇਕੀ ਜਾਂਦੀ ਹਾਂ - ਉਨ੍ਹਾਂ ਦੇ ਦਰ ਤੇ ਆ ਕੇ; ਨਾ ਰਵਿਦਾਸ ਨੇ ਮੈਨੂੰ ਅੰਗੀਕਾਰ ਕੀਤਾ ਹੈ, ਨਾ ਮੈਨੂੰ ਕਬੀਰ ਸਾਹਿਬ ਅੰਗੀਕਾਰ ਕਰਦੇ ਨੇ, ਨਾ ਨਾਮਦੇਵ ਅੰਗੀਕਾਰ ਕਰਦਾ ਹੈ, ਨਾ ਹੋਰ ਭਗਤ ਕਰਦੇ ਨੇ। ਸੰਤਾਂ ਦੇ ਦਰ ਤੇ ਮੱਥਾ ਰਗੜਦੀ ਦੇ ਮੇਰੇ ਮੱਥੇ ਦੇ ਵਾਲ ਘਸ ਗਏ। ਇਹ ਮੇਰੇ ਪਿਛਲੇ ਜਿਹੜੇ ਵਾਲ ਨੇ ਇਹ ਇਸ ਕਰਕੇ ਘਸ ਗਏ ਕਿਉਂਕਿ ਉਹ ਪਾਮਰ ਲੋਕ, ਵਿਸ਼ਈ ਲੋਕ, ਜਾਇਜ਼ ਨਾਜਾਇਜ਼ ਤਰੀਕੇ ਦੇ ਨਾਲ ਮੈਨੂੰ ਫੜਨਾ ਚਾਹੁੰਦੇ ਨੇ ਪਰ ਮੈਂ ਇਨ੍ਹਾਂ ਦੇ ਹੱਥ ਨਹੀਂ ਆਉਂਦੀ; ਨੱਠਦੀ ਹਾਂ ਉਥੋਂ, ਪੱਲਾ ਛੁਡਾਉਂਦੀ ਹਾਂ।"

"ਕੋਈ ਕੌਤਕ ਤਾਂ ਦਿਖਾ।"

"ਕੀ ਦੇਖਣਾ ਹੈ ਸੰਤ ਜੀ! ਮੇਰੇ ਕੌਤਕ ਤਾਂ ਮਾੜੇ ਹੀ ਹੁੰਦੇ ਨੇ।"

"ਨਾ, ਇਕ ਅੱਧਾ ਦਿਖਾ।"

"ਜੰਗਲ ਵਿਚ ਚਲੋ।"

ਜੰਗਲ ਵਿਚ ਚਲੇ ਗਏ। ਉਥੇ ਜਾ ਕੇ ਸਾਮ੍ਹਣੇ ਸਾਰਿਆਂ ਦੇ ਦੇਖਦੇ-ਦੇਖਦੇ ਇਕ ਥੈਲੀ ਬਣ ਕੇ ਮੋਹਰਾਂ ਦੀ ਭਰੀ ਹੋਈ, ਉਥੇ ਪੈ ਗਈ। ਚਾਰ ਮੁਸਾਫਰਾਂ ਨੇ ਦੇਖਿਆ ਕਿ ਇਹ ਕੋਈ ਥੈਲੀ ਸੁੱਟ ਗਿਆ ਹੈ ਏਥੇ। ਤੇ ਕਹਿਣ ਲੱਗੇ ਕਿ ਜੋ ਕੁਝ ਵੀ ਇਹਦੇ ਵਿਚ ਹੋਇਆ, ਇਹ ਆਪਾਂ ਚਾਰੇ ਜਣੇ ਇਕੋ ਜਿਹੀ ਵੰਡਾਂਗੇ। ਕੋਈ ਚੰਗੀ ਚੀਜ਼ ਲਗਦੀ ਹੈ; ਥੈਲੀ ਬਹੁਤ ਵਧੀਆ ਹੈ, ਰੇਸ਼ਮ ਦੀ ਥੈਲੀ ਹੈ। ਕੋਲ ਚਲੇ ਗਏ ਤਾਂ ਦੇਖਿਆ ਕਿ ਇਹ ਤਾਂ ਮੋਹਰਾਂ ਦੀ ਭਰੀ ਹੋਈ ਹੈ। ਇਕ ਪਾਸੇ ਹੋ ਗਏ ਤੇ ਕਹਿਣ ਲੱਗੇ ਕਿ ਜੇ ਕਿਤੇ ਏਥੇ ਕੋਈ ਆ ਗਿਆ - ਇਸਦਾ ਮਾਲਕ, ਤਾਂ ਆਪਾਂ ਤੋਂ ਲੈ ਲਊ; ਆਪਾਂ ਇਥੋਂ ਕਿਸੇ ਨਿਵੇਕਲੇ ਥਾਂ ਤੇ ਚੱਲੀਏ। ਥੋੜ੍ਹੀ ਦੂਰ ਜਾ ਕੇ ਬੈਠ ਗਏ। ਚਾਰੇ ਕਹਿਣ ਲੱਗੇ ਕਿ ਦੇਖੋ, ਆਪਾਂ ਨੂੰ ਲੱਗੀ ਹੋਈ ਹੈ ਭੁੱਖ। ਪਹਿਲਾਂ ਕੁਛ ਖਾਵਾਂਗੇ, ਫੇਰ ਵੰਡਾਂਗੇ। ਕਿਉਂਕਿ ਜੇ ਆਪਣੀ ਜੇਬ ਵਿਚ ਆ ਗਈ, ਫੇਰ ਖਰਚਣ ਨੂੰ ਜੀਅ ਨਹੀਂ ਕਰਨਾ। ਸਾਂਝੇ ਖਾਤੇ ਵਿਚੋਂ ਖਰਚੀਏ ਜਿਹੜਾ ਕੁਝ ਕਰਨਾ ਹੈ। ਦੋ ਨੂੰ ਭੇਜ ਦਿਤਾ ਕਿ ਤੁਸੀਂ ਜਾਉ, ਵਧੀਆ ਵਧੀਆ ਚੀਜ਼ਾਂ ਬਣਵਾ ਕੇ ਲਿਆਉ - ਸ਼ਰਾਬ ਵਗੈਰਾ ਲਿਆਓ, ਹੋਰ ਚੀਜ਼ਾਂ ਲਿਆਓ। ਦੋ ਚਲੇ ਗਏ। ਮਾਇਆ ਨੇ ਪਹਿਲਾਂ ਤਾਂ ਅਸਰ ਇਹ ਕਰਿਆ। ਹੁਣ ਦੂਸਰਾ ਅਸਰ ਇਹ ਕੀਤਾ ਕਿ ਇਹ ਦੋਨੋਂ ਚੁੱਪ ਕਰੇ ਜਾਂਦੇ ਨੇ। ਇਕ ਕਹਿੰਦਾ ਕਿ ਤੂੰ ਕੋਈ ਗੱਲ ਨਹੀਂ ਕਰਦਾ। ਦੂਸਰਾ ਕਹਿੰਦਾ ਕਿ ਮੈਂ ਗੱਲ ਕਰਨੀ ਤਾਂ ਚਾਹੁੰਦਾ ਹਾਂ, ਜੇ ਤੂੰ ਬੁਰਾ ਨਾ ਮੰਨੇ।

'ਦੱਸ।'

"ਗੱਲ ਨਾ ਕਰੀਂ ਜੇ ਮਾੜੀ ਵੀ ਹੋਈ।"

"ਨਾ, ਮੈਂ ਨਹੀਂ ਕਰਦਾ।"

"ਜੇ ਆਪਾਂ ਦੋਇ ਰੱਖ ਲਈਏ ਸਾਰੀ ਮਾਇਆ?"

"ਮੈਂ ਤਾਂ ਆਪ ਇਹੀ ਸੋਚਦਾ ਜਾਨਾ ਹਾਂ।"

"ਫੇਰ ਤਾਂ ਆਪਣੀ ਬਾਤ ਬਣ ਗਈ ਨਾ। ਫੇਰ ਆਪਾਂ ਨੂੰ ਕੋਈ ਔਖਾ ਨਹੀਂ।"

"ਫੇਰ ਉਹਦਾ ਤਰੀਕਾ ਕੀ ਹੈ?"

"ਜਦ ਰੋਟੀ ਲਿਆ ਕੇ ਰੱਖਣਗੇ; ਤਲਵਾਰ ਕੱਢ ਕੇ ਰੱਖ ਲਓ, ਉਦੋਂ ਹੀ ਨਾ ਕੱਢਣੀ ਪਵੇ; ਇਕ ਦਮ ਗਰਦਨਾਂ ਵੱਢ ਦੇਵਾਂਗੇ - ਇਕ ਦੀ ਤੂੰ ਵੱਢ ਦਈਂ, ਇਕ ਦੀ ਮੈਂ ਵੱਢ ਦਊਂ; ਓਧਰਲੇ ਪਾਸੇ ਤੂੰ ਹੋ ਜਾ, ਐਧਰਲੇ ਪਾਸੇ ਮੈਂ ਹੋ ਜਾਨਾ। ਕਹਿ ਦਿਆਂਗੇ ਕਿ ਏਥੇ ਰੱਖ ਦਉ ਰੋਟੀ।"

ਉਹ ਦੋਇ ਆਏ ਤਾਂ ਆਉਂਦੇ ਹੀ ਇਨ੍ਹਾਂ ਨੇ ਗਰਦਨਾਂ ਵੱਢ ਦਿੱਤੀਆਂ; ਕੋਲ ਨਦੀ ਵਗਦੀ ਸੀ, ਖਿੱਚ ਕੇ ਨਦੀ ਵਿਚ ਸੁੱਟ ਦਿਤੇ। ਕਹਿੰਦੇ, ਲਓ ਸਬੂਤ ਵੀ ਖਤਮ ਹੋ ਗਿਆ। ਹੁਣ ਪਹਿਲਾਂ ਰੋਟੀ ਖਾ ਲਈਏ, ਫੇਰ ਵੰਡਾਂਗੇ। ਜਦ ਪਰੌਂਠੇ ਖਾਧੇ; ਤੇਜ਼ ਜ਼ਹਿਰ ਸੀ, ਦੋਇ ਉਹ ਵੀ ਖਤਮ ਹੋ ਗਏ।

ਸੰਤ ਬੈਠੇ ਦੇਖਦੇ ਨੇ। ਜਦੋਂ ਇਹ ਪ੍ਰਗਟ ਹੋ ਗਈ, ਕਹਿੰਦੀ ਦੇਖ ਲਓ ਸੰਤ ਜੀ! ਮੈਂ ਅਜਿਹੇ ਕੰਮ ਕਰਦੀ ਹਾਂ। ਇਹ ਤਾਂ ਮੈਂ ਕਰਦੀ ਹਾਂ ਜੜ੍ਹ ਰੂਪ ਹੋ ਕੇ। ਮੇਰਾ ਰੂਪ ਚੇਤਨ ਵੀ ਹੈ; ਮੈਂ ਸੰਤਾਂ ਦੇ ਮਨ ਵਿਚ ਰਿਧੀ-ਸਿਧੀ ਹੋ ਕੇ ਵੜ ਜਾਂਦੀ ਹਾਂ, ਮਾਣ ਹੋ ਕੇ ਵੜਦੀ ਹਾਂ। ਮੇਰੀ ਬੜੀ ਦੂਰ ਤਾਂਈ ਪਹੁੰਚ ਹੈ। ਫੇਰ ਮੈਂ 'ਹਉਮੈ' ਹੋ ਕੇ ਅੰਦਰ ਰਹਿੰਦੀ ਹਾਂ, ਸਭ ਨੂੰ ਲੁੱਟ ਲੈਂਦੀ ਹਾਂ; ਕੋਈ ਨਹੀਂ ਮੈਥੋਂ ਛੁੱਟ ਸਕਦਾ। ਇਕ ਪੂਰਾ ਗੁਰੂ ਹੈ ਜਿਸਦੇ ਮੈਂ ਨੇੜੇ ਨਹੀਂ ਜਾ ਸਕਦੀ ਜਾਂ ਪੂਰਨ ਮਹਾਤਮਾ ਹੈ ਜਿਹੜਾ ਮੇਰੇ ਤੋਂ ਬਚਿਆ ਹੋਇਆ ਹੈ; ਨਹੀਂ ਤਾਂ ਮੈਂ ਸਾਰਾ ਸੰਸਾਰ ਖਾ ਲਿਆ ਹੈ। ਮੈਥੋਂ ਕੋਈ ਛੁੱਟ ਨਹੀਂ ਸਕਦਾ।

ਸੋ ਇਸ ਤਰ੍ਹਾਂ ਦੇ ਨਾਲ ਇਹ ਸਾਰਾ ਜਾਲ ਪਸਾਰਿਆ ਹੋਇਆ ਹੈ -

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ ਅੰਗ - ੫੦

ਸੋ ਇਸ ਮਾਇਆ ਵਿਚ ਅਸੀਂ ਫਸੇ ਹੋਏ ਹਾਂ। ਸਾਨੂੰ ਪਤਾ ਨਹੀਂ ਲਗਦਾ ਕਿ ਬੁੱਧੀ ਤੇ ਬੈਠਾ ਜਿਹੜਾ ਜੀਵ ਹੈ, ਅਸੀਂ ਉਹ ਹਾਂ ਕਿ ਸਰੀਰ ਹਾਂ ਕਿ ਸੂਖਮ ਸਰੀਰ ਹਾਂ ਜਾਂ ਅਸੀਂ ਪ੍ਰਾਣ ਹਾਂ ਜਾਂ ਮਨ ਹਾਂ ਜਾਂ ਬੁੱਧਿ ਹਾਂ ਕਿਉਂਕਿ ਪਤਾ ਕਰਨ ਦਾ ਅਸੀਂ ਜਤਨ ਹੀ ਨਹੀਂ ਕਰਦੇ, ਸਾਨੂੰ ਲੋੜ ਹੀ ਨਹੀਂ ਹੈ ਇਨ੍ਹਾਂ ਗੱਲਾਂ ਦੇ ਵਿਚ ਪੈਣ ਦੀ; ਅਸੀਂ ਤਾਂ ਸੁਖਾਲਾ ਜਿਹਾ ਚਾਹੁੰਦੇ ਹਾਂ, ਵੱਡੀ ਗੱਲ ਨਹੀਂ ਚਾਹੁੰਦੇ ਜਿਥੇ ਅਸੀਂ ਪ੍ਰਮੇਸ਼ਰ ਨੂੰ ਮਿਲ ਲਈਏ। ਮਹਾਰਾਜ ਕਹਿੰਦੇ, ਜਦ ਤਾਂਈ ਮਾਇਆ ਵਿਚੋਂ ਨਹੀਂ ਨਿਕਲਦੇ, ਓਨੀਂ ਦੇਰ ਤਕ ਗੱਲ ਨਹੀਂ ਬਣਨੀ।

ਉਸ ਵੇਲੇ ਇਸੇ ਤਰ੍ਹਾਂ ਦੇ ਨਾਲ ਇਹੀ ਮਸਲਾ ਜਿਹੜਾ ਹੈ, ਇਹ ਬੁੱਧੂ ਸ਼ਾਹ ਪੀਰ ਦੇ ਮਨ ਵਿਚ ਫੈਲਿਆ ਹੋਇਆ ਸੀ ਕਿ ਅਸਲ 'ਮੈਂ' ਕਿਹੜਾ ਹੈ? ਮੈਂ ਉਹ ਚੇਤਨ ਹਾਂ ਜਿਹੜਾ ਸਾਖੀ ਹੈ, ਜੋ ਇਸ ਸਰੀਰ ਦੇ ਅੰਦਰ ਸੱਤਾ ਦਿੰਦਾ ਹੈ ਜਾਂ ਮੈਂ ਜਿਹੜਾ ਤੁਰਿਆ ਫਿਰਦਾ ਹਾਂ, ਮੈਂ-ਮੈਂ ਕਰਦਾ ਹਾਂ, ਇਹ ਮੈਂ ਹਾਂ? ਅਖੀਰ ਉਹਦਾ ਮਨ ਮੰਨ ਗਿਆ ਕਿ ਦਸਮੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਭਾਵੇਂ ਉਮਰ ਛੋਟੀ ਹੈ - 20-22 ਸਾਲ ਦੀ, ਪਰ ਪੂਰਨ ਨੇ। ਗੱਲਾਂ ਸੁਣ ਚੁਕਿਆ ਸੀ ਕਿ ਅੰਤਰਜਾਮਤਾ ਪੂਰੀ ਹੈ ਤੇ ਹਰ ਗੱਲ ਦੇ ਵਿਚ ਪੂਰੇ ਨੇ। ਕਿੱਡਾ ਸੌ ਸਾਲ ਦਾ ਰਿਸ਼ੀ ਸੀ ਜਿਹੜਾ ਆ ਕੇ ਚਰਨੀਂ ਲੱਗ ਗਿਆ ਕਿ ਮਨਾਂ! ਐਵੇਂ ਸਮਾਂ ਲੰਘਦਾ ਜਾਂਦਾ ਹੈ; ਤੂੰ ਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨੀਂ ਲੱਗ ਜਾ ਕੇ। ਇਹ ਇਸ ਤਰ੍ਹਾਂ ਦੇ ਵਿਚਾਰ ਕਰਦਾ ਹੋਇਆ ਗੁਰੂ ਸਾਹਿਬ ਵੱਲ ਚਲ ਪਿਆ। ਨਾਲ ਬਹੁਤ ਸਾਰੇ ਮੁਰੀਦ ਨੇ। ਮਨ ਵਿਚ ਪੂਰੀ ਸ਼ਰਧਾ ਹੈ ਕਿ ਮੈਂ ਜਾ ਕੇ ਗੁਰੂ ਜੀ ਦੇ ਚਰਨ ਫੜ ਲੈਣੇ ਨੇ। ਤੇ ਉਥੇ ਨੇੜੇ ਜਾ ਕੇ ਜਦ ਦਰਬਾਰ ਦੇਖਿਆ - ਬਹੁਤ ਸਜਿਆ-ਧਜਿਆ ਦਰਬਾਰ, ਤੇ ਮਨ ਵਿਚ ਸ਼ਰਧਾ ਆਈ। ਗੁਰੂ ਦੇ ਦਰਸ਼ਨ ਦੇਖ ਕੇ ਖਿੱਚ ਪਈ ਤੇ ਜੀਅ

ਕੀਤਾ ਕਿ ਮੈਂ ਚਰਨ ਉਦੋਂ ਛੱਡਣੇ ਨੇ ਜਦੋਂ ਮੈਨੂੰ ਅੱਲਾਹ ਨਾਲ ਮਿਲਾ ਦੇਣਗੇ; ਨਹੀਂ ਤਾਂ ਛੱਡਣੇ ਨਹੀਂ ਮੈਂ।

ਜਦ ਕੁਝ ਕਦਮ ਅੱਗੇ ਗਿਆ ਤਾਂ ਉਸ ਵੇਲੇ ਇਹ ਹਉਮੈ ਆ ਗਈ ਅੰਦਰ ਕਿ ਮੈਂ ਤਾਂ ਪੀਰ ਹਾਂ, ਮੇਰੇ ਨਾਲ ਤਾਂ ਬਹੁਤ ਮੁਰੀਦ ਨੇ, ਤੇ ਮੈਂ ਜੇ ਚਰਨੀ ਪੈ ਗਿਆ ਤਾਂ ਇਨ੍ਹਾਂ ਨੇ ਇਹ ਕਹਿਣਾ ਹੈ ਕਿ ਹਿੰਦੂ ਦੇ ਚਰਨੀਂ ਪੈ ਗਿਆ - ਸਾਡਾ ਪੀਰ। ਅਸੀਂ ਕਹਿੰਦੇ ਹਾਂ ਕਿ ਇਸਲਾਮ ਸਭ ਤੋਂ ਉਚਾ ਹੈ ਤੇ ਇਹਨੂੰ ਰਸਤਾ ਸਹੀ ਮਿਲਿਆ ਹੋਇਆ ਹੈ, ਹਿੰਦੂ ਨੂੰ ਮਿਲਿਆ ਨਹੀਂ ਹੋਇਆ। ਤੇ ਮੈਂ ਜੇ ਚਰਨ ਫੜ ਲਏ ਇਨ੍ਹਾਂ ਦੇ, ਇਹ ਗੱਲ ਕੀ ਬਣੂ। ਮੇਰੀ ਤਾਂ ਬਦਨਾਮੀ ਬਹੁਤ ਹੋ ਜਾਊ। ਇਹ ਮਾਇਆ ਪੈ ਗਈ ਉਹਦੇ ਉਤੇ - ਕੋਲ ਜਾ ਕੇ। ਕੋਲ ਚਲਿਆ ਗਿਆ। ਗੁਰੂ ਮਹਾਰਾਜ ਨੇ ਵੀ ਦੇਖ ਲਿਆ ਕਿ ਆਇਆ ਤਾਂ ਪੀਰ ਸ਼ਰਧਾ ਨਾਲ ਹੈ ਪਰ ਇਹਦੇ ਅੰਦਰ 'ਅਹੰ-ਭਾਵ' ਜਾਗ ਗਿਆ 'ਮੈਂ' ਜਾਗ ਪਈ; ਆਇਆ ਤਾਂ 'ਮੈਂ' ਨੂੰ ਮਰਵਾਉਣ ਵਾਸਤੇ, ਖਤਮ ਕਰਾਉਣ ਵਾਸਤੇ ਸੀ ਲੇਕਿਨ ਜਾਗ ਪਈ 'ਮੈਂ'। ਉਸ ਵੇਲੇ ਗੁਰੂ ਮਹਾਰਾਜ ਦੇ ਕੋਲ ਆ ਕੇ ਨਮਸਕਾਰ ਨਹੀਂ ਕਰੀ; ਹੱਥ ਵਧਾਇਆ ਤੇ ਦਸਤਪੰਜਾ ਮਹਾਰਾਜ ਨੇ ਲਿਆ ਤੇ ਬਿਠਾ ਲਿਆ, ਸੁੱਖ ਸਾਂਦ ਪੁੱਛੀ। ਉਸ ਵੇਲੇ ਪੀਰ ਨੂੰ ਪੁੱਛਿਆ -

"ਪੀਰ ਜੀ! ਤੁਸੀਂ ਕਿਸ ਤਰ੍ਹਾਂ ਆਏ?"

"ਮਹਾਰਾਜ! ਅੱਲਾਹ ਦਾ ਵਸਲ (ਮਿਲਾਪ) ਕਿਵੇਂ ਹੋਵੇ? ਇਹ ਮੈਂ ਪੁੱਛਣ ਵਾਸਤੇ ਆਇਆਂ ਕਿਉਂਕਿ ਮੇਰੇ ਮਨ ਵਿਚ ਬਹੁਤ ਪ੍ਰੀਤ ਲੱਗੀ ਹੋਈ ਹੈ - ਇਸ ਗੱਲ ਦੀ।"

ਧਾਰਨਾ - ਪ੍ਰੀਤ ਮਨ ਲਾਗੀ ਐ, ਪ੍ਰਭ ਮਿਲਣੇ ਦੀ - ੨, ੨.
ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ
ਕੋਊ ਸੰਤੁ ਮਿਲੈ ਬਡਭਾਗੀ ॥ ੧ ॥ ਰਹਾਉ ॥
ਮਨੁ ਅਰਪਉ ਧਨੁ ਰਾਖਉ ਆਗੈ
ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ
ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥ ੧ ॥
ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪

"ਹਨ੍ਹੇਰਾ ਪਿਆ ਹੋਇਆ ਹੈ ਮਹਾਰਾਜ - ਮਨ ਦੇ ਅੰਦਰ, ਕਿਉਂਕਿ ਜਦੋਂ ਅਸੀਂ ਬਚਨ ਸੁਣਦੇ ਹਾਂ, ਤਾਂ ਦੋ ਤਰ੍ਹਾਂ ਦੇ ਬਚਨ ਸੁਣਦੇ ਹਾਂ - ਇਕ ਤਾਂ ਭੇਦ-ਭਾਵ ਦੇ ਬਚਨ ਸੁਣਦੇ ਹਾਂ ਕਿ ਵਾਹਿਗੁਰੂ ਹੋਰ ਹੈ, ਅਸੀਂ ਹੋਰ ਹਾਂ; ਇਕ ਐਸੇ ਬਚਨ ਵੀ ਮਹਾਂਪੁਰਸ਼ਾਂ ਤੋਂ ਸੁਣਦੇ ਹਾਂ ਕਿ ਏਥੇ ਉਹ ਆਪੇ ਆਪ ਹੈ, ਦੂਸਰਾ ਨਹੀਂ ਹੈ -

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥ ਅੰਗ - ੨੩

ਮਹਾਰਾਜ! ਦੁਚਿੱਤੀ ਵਿਚ ਪੈ ਗਏ, ਉਲਝ ਗਏ, ਕੁਛ ਪਤਾ ਨਹੀਂ ਲਗਦਾ ਤੇ ਇਸ ਕਰਕੇ ਮੈਂ ਆਪ ਦੇ ਚਰਨਾਂ ਵਿਚ ਆਇਆ ਹਾਂ ਕਿ ਆਪ ਕ੍ਰਿਪਾ ਕਰਕੇ ਮੈਨੂੰ ਅੱਲਾ-ਤਾਲਾ ਦੇ ਦਰਸ਼ਨ ਕਰਾ ਦਿਉ, ਮੇਲ ਕਰਾ ਦਿਉ। ਇਹ ਦੱਸੋ ਕਿ ਅੱਲਾ ਦਾ ਵਸਲ ਕਿਵੇਂ ਹੋਵੇ?"

"ਦਿਨ ਤੇ ਰਾਤ ਦਾ ਜਿਵੇਂ ਹੁੰਦਾ ਹੈ।"

ਚੁੱਪ ਕਰ ਗਿਆ ਕਿ ਦਿਨ ਦਾ ਰਾਤ ਨੂੰ? ਰਾਤ ਤੇ ਦਿਨ ਤਾਂ ਦੋਇ ਮਿਲਦੇ ਹੀ ਨਹੀਂ ਕਦੇ; ਜੇ ਦਿਨ ਚੜ੍ਹ ਜਾਵੇ ਤਾਂ ਰਾਤ ਨਹੀਂ ਰਹਿੰਦੀ ਤੇ ਮੇਲ ਕੀ ਹੋਇਆ ਜਦ ਇਹ ਰਹਿੰਦੀ ਹੀ ਨਹੀਂ? ਬੜੀ ਵਿਚਾਰ ਵਾਲੀ ਬਾਤ ਹੈ, ਬਹੁਤ ਗਹਿਰੀ ਬਾਤ ਹੈ, ਸਾਧ ਸੰਗਤ ਜੀ - ਸਮਝਣ ਵਾਲੀ। ਫੇਰ ਥੋੜ੍ਹੀ ਦੇਰ ਸੋਚਦਾ ਰਿਹਾ। ਕਹਿੰਦਾ -

"ਸੱਚੇ ਪਾਤਸ਼ਾਹ! ਦਿਨ ਆਏ ਤੇ ਤਾਂ ਰਾਤ ਰਹਿੰਦੀ ਹੀ ਨਹੀਂ।"

"ਬੁੱਧੂ ਸ਼ਾਹ! ਇਵੇਂ ਜਿਵੇਂ ਜਦ ਸੱਚ ਦਾ ਪ੍ਰਕਾਸ਼ ਅੰਦਰ ਹੋ ਜਾਣਾ ਹੈ, ਫੇਰ 'ਮੈਂ' ਰੂਪੀ ਰਾਤ ਨੇ ਖਤਮ ਹੋ ਜਾਣਾ ਹੈ; 'ਮੈਂ' ਨਹੀਂ ਰਹਿਣੀ। 'ਮੈਂ' ਨਹੀਂ ਰਿਹਾ ਕਰਦੀ।"

"ਮਹਾਰਾਜ! ਫੇਰ ਵਸਲ ਕਿਵੇਂ ਹੋਇਆ, ਮੇਲ ਕਿਵੇਂ ਹੋਇਆ? 'ਮੈਂ' ਦਾ ਮੇਲ ਅੱਲਾ ਨਾਲ ਹੁੰਦਾ ਹੈ?"

'ਮੈਂ' ਦੋ ਤਰ੍ਹਾਂ ਦੀ ਹੁੰਦੀ ਹੈ - ਇਕ ਝੂਠੀ 'ਮੈਂ' ਬਣਾਈ ਫਿਰਦਾ ਹੈ ਜਿਵੇਂ ਅਮਰ ਵੇਲ ਚੜ੍ਹ ਜਾਂਦੀ ਹੈ - ਦਰਖਤਾਂ ਤੇ; ਉਹਦੀ ਜੜ੍ਹ ਨਹੀਂ ਕੋਈ ਹੋਇਆ ਕਰਦੀ, ਉਹ ਦਰਖਤ ਨੂੰ ਹੀ ਖਾਂਦੀ ਪੀਂਦੀ ਹੈ। ਇਹ ਤਾਂ ਹੈਗੀ ਝੂਠੀ। ਜਿਹੜੀ ਸੱਚੀ 'ਮੈਂ' ਹੈ, ਤੇ ਅਸਲ 'ਮੈਂ' ਹੈ - 'ਆਤਮਾ; ਉਹਦਾ ਤੇ ਪ੍ਰਮੇਸ਼ਰ ਦਾ ਮੇਲ ਹੋਇਆ ਕਰਦਾ ਹੈ, ਇਸ ਝੂਠੀ ਮੈਂ ਦਾ ਨਹੀਂ ਹੋਇਆ ਕਰਦਾ। ਇਹ 'ਮੈਂ' ਜਿਹੜੀ ਝੂਠੀ ਹੈ, ਇਹ ਸੱਚ ਦੇ ਆਧਾਰ ਤੇ ਖੜ੍ਹੀ ਹੈ; ਤੇ ਜਦ ਸੱਚ ਆ ਗਿਆ, ਉਸ ਵੇਲੇ ਝੂਠ ਨੇ ਖਤਮ ਹੋ ਜਾਣਾ ਹੈ। ਉਹ ਪ੍ਰਮੇਸ਼ਰ, ਅੱਲਾਹ, ਜਿਹਨੂੰ ਤੂੰ ਮਿਲਣਾ ਚਾਹੁੰਦਾ ਹੈ, ਉਹ ਨਿਰੋਲ ਸੱਚ ਹੈ; ਤੇ ਸੱਚ ਨੂੰ ਸੱਚ ਮਿਲਦਾ ਹੈ; ਝੂਠ ਨੂੰ ਸੱਚ ਨਹੀਂ ਮਿਲਿਆ ਕਰਦਾ।"

"ਮਹਾਰਾਜ! ਅਸੀਂ ਜੀਵ ਨਹੀਂ ਹੈਗੇ?"

"ਨਹੀਂ।"

"ਮਹਾਰਾਜ! ਥੋੜ੍ਹਾ ਜਿਹਾ ਖੋਲ੍ਹ ਕੇ ਸਮਝਾਓ, ਮੈਂ ਸਮਝਿਆ ਨਹੀਂ ਹਾਂ।"

"ਦੇਖ ਬੁੱਧੂਸ਼ਾਹ! ਰੱਸੀ ਪਈ ਹੈ - ਹਨ੍ਹੇਰੇ ਦੇ ਵਿਚ। ਭਰਮ ਪੈਂਦਾ ਹੈ ਕਿ ਇਹ ਸੱਪ ਪਿਆ ਹੈ। ਸੱਪ ਤਾਂ ਰੱਸੀ ਵਿਚ ਹੋਇਆ ਹੀ ਨਹੀਂ ਕਦੇ। ਜਦ ਚਾਨਣਾ ਕਰਦੇ ਹਾਂ ਤਾਂ ਉਥੇ ਤਾਂ ਰੱਸੀ ਹੀ ਹੈ, ਤੇ ਸੱਪ ਦਾ ਮੇਲ ਤਾਂ ਰੱਸੀ ਨਾਲ ਨਹੀਂ ਹੋਇਆ; ਉਹ ਤਾਂ ਪਹਿਲਾਂ ਵੀ ਰੱਸੀ ਸੀ। ਰੱਸੀ ਦਾ ਮੇਲ ਰੱਸੀ ਨਾਲ ਹੈ,

ਸੱਪ ਦਾ ਮੇਲ ਰੱਸੀ ਨਾਲ ਨਹੀਂ; ਸੱਪ ਭਰਮ ਕਰਕੇ ਲੱਗਿਆ ਹੈ। ਇਸੇ ਤਰ੍ਹਾਂ ਦੇ ਨਾਲ ਭਰਮ ਕਰਕੇ ਇਹਦੀ ਸਾਨੂੰ ਭ੍ਰਾਂਤੀ ਪੈ ਗਈ, ਭਰਮ ਪੈ ਗਿਆ, ਭੁਲੇਖਾ ਪੈ ਗਿਆ। ਉਹ ਭੁਲੇਖਾ ਇਸ ਕਰਕੇ ਪੈ ਗਿਆ ਕਿ ਕ੍ਰੋੜਾਂ ਹੀ ਸਾਲ ਹੋ ਗਏ, ਅਸੀਂ 'ਮੈਂ-ਮੈਂ-ਮੈਂ-ਮੈਂ ਕਰੀ ਜਾਂਦੇ ਹਾਂ; ਉਹ 'ਮੈਂ-ਮੈਂ' ਪੱਕ ਗਈ। ਪਹਿਲਾਂ ਤਾਂ ਪੱਕਾ ਲਿਆ ਕਿ 'ਮੈਂ' ਇਹ ਸਰੀਰ ਹਾਂ; ਇਹਦੇ ਵਿਚੋਂ ਅਸੀਂ ਨਿਕਲਦੇ ਨਹੀਂ, ਕਿੰਨਾ ਜ਼ੋਰ ਲਾ ਲਓ। ਸਤਿ ਵਸਤੂ ਵਸਦੀ ਹੈ - ਇਸ ਸਰੀਰ ਵਿਚ, ਪਰ ਪਤਾ ਨਹੀਂ ਲਗਦਾ ਕਿਉਂਕਿ ਹਨ੍ਹੇਰੇ ਵਿਚ ਪਿਆ ਹੈ। ਜਿਹੜਾ ਗੁਰੂ ਦੇ ਪਿੱਛੇ ਨਹੀਂ ਲਗਦਾ, ਗੁਰੂ ਦੇ ਬਚਨ ਨਹੀਂ ਕਮਾਉਂਦਾ, ਉਹ ਮਨਮੁਖ ਹੋਇਆ ਕਰਦਾ ਹੈ; ਜਿਹੜਾ ਮਨਮੁਖ ਹੁੰਦਾ ਹੈ, ਉਹ ਅਨ੍ਹੇਰੇ ਵਿਚ ਰਹਿੰਦਾ ਹੈ। ਤੇ ਉਹ ਆਤਮਾ ਅੰਦਰ ਹੈ ਜਿਹੜੀ ਸੱਚੀ 'ਮੈਂ' ਹੈ; ਉਹਦੇ ਇਹਨੂੰ ਦਰਸ਼ਨ ਨਹੀਂ ਹੁੰਦੇ ਕਿਉਂਕਿ ਇਹ ਹਨ੍ਹੇਰੇ ਵਿਚ ਰਹਿ ਕੇ ਖੁਸ਼ ਰਹਿੰਦਾ ਹੈ। ਬੁੱਧੂਸ਼ਾਹ! ਮਨਮੁਖ ਜਿਹੜਾ ਹੈ, ਉਹ ਤਾਂ ਅਗਿਆਨ ਦੀ ਕੋਠੀ ਹੈ, ਅਨ੍ਹੇਰੇ ਦੀ ਕੋਠੀ ਹੈ। ਅਨ੍ਹੇਰੇ ਦੀ ਕੋਠੀ ਵਿਚ ਸੱਚ ਦੇ ਦਰਸ਼ਨ ਨਹੀਂ ਹੁੰਦੇ; ਪ੍ਰਕਾਸ਼ ਹੋਵੇ ਤਾਂ ਸੱਚ ਦਾ ਪਤਾ ਲਗਦਾ ਹੈ; ਸੱਚ ਅੰਦਰ ਰਹਿੰਦਾ ਹੈ।" ਇਸ ਤਰ੍ਹਾਂ ਫੁਰਮਾਨ ਕਰਦੇ ਨੇ-

ਧਾਰਨਾ - ਮਨਮੁਖ ਕੋਠੀ ਅਗਿਆਨ ਅੰਧੇਰਾ,
ਤਿਨ ਘਰਿ ਰਤਨ ਨ ਲਾਖਾ ਜੀ - ੨, ੨.

"ਬੁੱਧੂਸ਼ਾਹ! ਜੋ ਮਨਮੁਖ ਪੁਰਸ਼ ਹੈ, ਉਹ ਅਨ੍ਹੇਰੇ ਵਿਚ ਰਹਿ ਕੇ ਖੁਸ਼ ਹੈ; ਉਹਨੂੰ ਚਾਨਣੇ ਵਿਚ ਲਿਆਉਣ ਦੀ ਕੋਸ਼ਿਸ਼ ਕਰੋ, ਪਰ ਨਹੀਂ ਆਉਂਦਾ।"

ਨਾਨਕ ਮਨਮੁਖਿ ਅੰਧੁ ਪਿਆਰੁ।।
ਬਾਝੁ ਗੁਰੂ ਡੁਬਾ ਸੰਸਾਰੁ॥ ਅੰਗ - ੧੩੮

ਗੁਰੂ ਪ੍ਰਕਾਸ਼ ਵਿਚ ਲਿਆਉਣ ਦਾ ਯਤਨ ਕਰਦਾ ਹੈ -

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥
ਅੰਗ - ੨੯੩

ਸੋ ਇਹ ਅਗਿਆਨ ਦੀ ਅੰਧੇਰੀ ਕੋਠੀ ਵਿਚ ਰਹਿੰਦਾ ਹੈ, ਇਹਨੂੰ ਅੰਦਰਲੇ ਰਤਨ ਦਾ ਪਤਾ ਨਹੀਂ ਹੈ -

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - ੨੯੩

ਇਹ ਮਾਇਆ ਦੇ ਚੱਕਰ ਵਿਚ ਪੈ ਕੇ ਉਤੇ-ਉਤੇ, ਬਾਹਰ-ਬਾਹਰ ਭੁੱਲਿਆ ਫਿਰਦਾ ਹੈ ਤੇ -

ਤੇ ਊਝੜਿ ਭਰਮਿ ਮੁਏ ਗਾਵਾਰੀ...............॥ ਅੰਗ - ੬੯੬

ਉਜਾੜ ਵਿਚ ਫਿਰਦਾ ਹੈ, ਤੇ ਭਰਮ ਵਿਚ ਪੈ ਗਿਆ। ਪੰਜ ਕਿਸਮ ਦੇ ਭਰਮ ਹੁੰਦੇ ਨੇ। ਭਰਮ ਪੈ ਗਿਆ ਜਿਵੇਂ ਰੱਸੀ ਵਿਚ ਸੱਪ ਦਾ। ਇਸ ਤਰ੍ਹਾਂ ਨਾਲ ਪੰਜ ਕਿਸਮ ਦਾ ਭਰਮ ਆਦਮੀ ਦੇ ਮਨ ਤੇ ਸਦਾ ਹੀ ਛਾਇਆ ਰਹਿੰਦਾ ਹੈ; ਇਹ ਨਹੀਂ ਦੂਰ ਹੁੰਦਾ - ਸੰਸਾ ਕਹਿੰਦੇ ਨੇ ਇਹਨੂੰ। ਸੰਸੇਵਾਨ, ਅਗਿਆਨੀ ਤੇ ਬੱਚਾ - ਇਹ ਤਿੰਨੇ ਦੁਖੀ ਹੋਇਆ ਕਰਦੇ ਨੇ। ਬੱਚਾ ਇਸ ਕਰਕੇ ਦੁਖੀ ਹੁੰਦਾ ਹੈ ਕਿ ਜੇ ਬੀਮਾਰ ਹੋ ਜਾਏ, ਤਾਂ ਆਪਣੀ ਗੱਲ ਨਹੀਂ ਦੱਸ ਸਕਦਾ; ਪਿਸ਼ਾਬ ਕਰ ਲਏ, ਹਿੱਲ ਨਹੀਂ ਸਕਦਾ; ਕਿਰਿਆ ਕਰ ਲਵੇ - ਟੱਟੀ ਆਦਿ, ਕਹਿ ਨਹੀਂ ਸਕਦਾ। ਇਸੇ ਤਰ੍ਹਾਂ ਜਿਹੜਾ ਅਗਿਆਨੀ ਹੈ, ਉਹ ਕੋਲ ਰਹਿੰਦੇ ਹੋਏ ਪ੍ਰਮੇਸ਼ਰ ਨੂੰ ਨਾ ਜਾਣ ਕੇ, ਵੈਰੀ ਮਿੱਤਰ ਧਾਰ ਕੇ ਦੁਖੀ ਸੁਖੀ ਹੁੰਦਾ ਰਹਿੰਦਾ ਹੈ, ਹਰ ਵਕਤ ਦੁਖੀ ਰਹਿੰਦਾ ਹੈ। ਅਖੀਰ ਮਰ ਜਾਂਦਾ ਹੈ, ਜਨਮ-ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ। ਬਹੁਤ ਸਾਰੇ ਲੇਖ ਬੀਜ ਦਿੰਦਾ ਹੈ, ਕਰਮ ਬੀਜ ਦਿੰਦਾ ਹੈ; ਫੇਰ ਉਨ੍ਹਾਂ ਨੂੰ ਭੋਗਣ ਵਾਸਤੇ ਜੂਨੀਆਂ ਵਿਚ ਜਾਂਦਾ ਹੈ। ਇਸ ਕਰਕੇ ਜਿਹੜਾ ਅਗਿਆਨੀ ਹੈ, ਉਹ ਦੁਖੀ ਰਹਿੰਦਾ ਹੈ।

ਸੰਸੇਵਾਨ ਇਸ ਕਰਕੇ ਦੁਖੀ ਰਹਿੰਦਾ ਹੈ ਕਿ ਕੋਲ ਰਹਿੰਦੇ ਹੋਏ ਪ੍ਰਮੇਸ਼ਰ ਤੇ ਸ਼ੱਕ ਕਰੀ ਜਾਂਦਾ ਹੈ ਕਿ ਹੈ ਵੀ ਇਹ ਗੱਲ? ਮੇਰੇ ਅੰਦਰ ਰੱਬ ਰਹਿੰਦਾ ਵੀ ਹੈ ਕਿ ਐਵੇਂ ਗੁਰੂ ਸਾਹਿਬ ਕਹੀ ਜਾਂਦੇ ਨੇ? ਇਸ ਤਰ੍ਹਾਂ ਔਝੜ ਵਿਚ ਫਿਰਦਾ ਹੈ -

ਤੇ ਉਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ॥
ਅੰਗ - ੬੯੬

ਜ਼ਹਿਰ ਖਾਂਦਾ ਹੈ - ਕੋਬਰੇ ਨਾਗ ਦੀ।

ਸੋ ਕਹਿਣ ਲੱਗਿਆ, "ਮਹਾਰਾਜ! ਸੱਚੇ ਪਾਤਸ਼ਾਹ! ਇਹ ਜੋ ਜੀਵ-ਭਾਵ ਹੈ, ਇਹ ਹੈ ਨਹੀਂ?" ਮਹਾਰਾਜ ਕਹਿੰਦੇ, "ਨਹੀਂ। ਇਹ ਤਾਂ ਜਿਹੜਾ ਸਾਖੀ ਹੈ, ਅੰਦਰ ਆਤਮਾ ਹੈ, ਉਹਦਾ ਤੇ ਬ੍ਰਹਮ ਦਾ ਮੇਲ ਹੋਇਆ ਕਰਦਾ ਹੈ -

ਆਤਮਾ ਪਰਾਤਮਾ ਏਕੋ ਕਰੈ॥
ਅੰਤਰ ਕੀ ਦੁਬਿਧਾ ਅੰਤਰਿ ਮਰੈ॥ ਅੰਗ - ੬੬੧

'ਮੈਂ' ਦਾ ਮੇਲ ਨਹੀਂ ਰੱਬ ਨਾਲ ਹੁੰਦਾ। ਜੇ ਕੋਈ ਕਹਿੰਦਾ ਹੈ ਕਿ ਫਲਾਣੇ ਨੂੰ ਮਿਲਿਆ ਹੈ ਰੱਬ, ਫਲਾਣੇ ਨੂੰ ਦਰਸ਼ਨ ਦਿੱਤੇ; ਉਹ ਭਾਵਨਾ ਦੇ ਦਰਸ਼ਨ ਹੁੰਦੇ ਨੇ, ਸਾਧ ਸੰਗਤ ਜੀ। ਬਹੁਤੇ ਉਥੇ ਹੀ ਸੰਤੁਸ਼ਟ ਹੋ ਜਾਂਦੇ ਨੇ।

ਨਾਮਦੇਵ ਜੀ ਨੂੰ 72 ਵਾਰੀ ਦਰਸ਼ਨ ਹੋਏ। ਸੰਤ ਗਿਆਨੇਸ਼ਵਰ ਜੀ ਦੇ ਨਾਲ ਬਹੁਤ ਸਾਰੇ ਸੰਤ ਇਕੱਠੇ ਹੋ ਕੇ ਭ੍ਰਮਣ ਕਰ ਰਹੇ ਨੇ। ਇਕ ਦਿਨ ਸੰਤ ਬੈਠੇ ਨੇ। ਗਿਆਨੇਸ਼ਵਰ ਜੀ ਨੇ ਕਿਸੇ ਢੰਗ ਦੇ ਨਾਲ ਨਾਮਦੇਵ ਜੀ ਨੂੰ ਹੋਰ ਉਚਾ ਚੁੱਕਣਾ ਚਾਹਿਆ। ਤੇ ਉਥੇ ਐਸੀ ਘਟਨਾ ਵਾਪਰੀ ਕਿ ਪਾਣੀ ਨਹੀਂ ਹੈ (ਰਾਜਸਥਾਨ ਦੀ ਬਾਤ ਹੈ) ਤੇ ਖੂਹ ਹੈ ਕੋਲ, ਉਹਦੇ ਵਿਚ ਪਾਣੀ ਹੈ, ਪਰ ਲੱਜ ਨਹੀਂ ਹੈ ਐਨੀ ਵੱਡੀ। ਖੂਹ ਦਾ ਪਾਣੀ ਸੁੱਕਿਆ ਹੋਇਆ ਹੈ, ਯਾਨਿ ਦੂਰ ਹੈ। ਪਿਆਸ ਲੱਗੀ ਹੋਈ ਹੈ। ਇਸ਼ਨਾਨ ਦਾ ਵਕਤ ਹੋਇਆ ਹੋਇਆ ਹੈ। ਸਾਰੇ ਹੀ ਸੰਤ ਇੱਕ ਦੂਜੇ ਵੱਲ ਦੇਖਦੇ ਨੇ; ਸਮਰੱਥ ਮਹਾਤਮਾ ਸੀ - ਸਾਰੇ ਹੀ। ਤਾਂ ਨਾਮਦੇਵ ਜੀ ਨੇ ਖੂਹ ਦੇ ਕੋਲ ਜਾ ਕੇ ਪਾਣੀ ਬਾਹਰ ਕੱਢ ਦਿਤਾ; ਮੌਣ ਤੇ ਆ ਗਿਆ, ਆਪੇ ਹੀ ਨਿਕਲੀ ਜਾਂਦਾ ਹੈ। ਬੜਾ ਮਨ ਵਿਚ

ਹੋਇਆ ਕਿ ਇਹ ਸੰਤ ਤੋਂ ਤਾਂ ਕਿਸੇ ਤੋਂ ਨਹੀਂ ਨਿਕਲਿਆ, ਮੈਂ ਕੱਢ ਦਿਤਾ, ਮੇਰੇ ਤੇ ਪ੍ਰਮੇਸ਼ਰ ਬਹੁਤ ਪ੍ਰਸੰਨ ਹੈ। ਐਸਾ ਵੀ ਹੋ ਗਿਆ ਕਿ ਹੈਗੇ ਤਾਂ ਭਗਤ, ਪਰ ਇਨ੍ਹਾਂ ਨੂੰ ਰੱਬ ਕਦੇ ਮਿਲਿਆ ਤਾਂ ਹੈ ਨਹੀਂ। ਐਨੀ ਜਦ ਗੱਲ ਹੋਈ ਤਾਂ ਸੰਤ ਗਿਆਨੇਸ਼ਵਰ ਜੀ ਨੇ ਦੇਖ ਲਿਆ। ਉਹ ਸਾਰੇ ਸਾਧੂ ਬੈਠੇ ਨੇ। ਹੌਲੀ-ਹੌਲੀ ਠੋਲਾ ਮਾਰਨ ਲੱਗ ਗਏ ਸਿਰ ਵਿਚ ਇਕੱਲੇ-ਇਕੱਲੇ ਦੇ; ਕਹਿੰਦੇ, ਇਹ ਵੀ ਪੱਕਾ, ਇਹ ਵੀ ਪੱਕਾ, ਇਹ ਵੀ ਪੱਕਾ। ਜਦ ਨਾਮਦੇਵ ਜੀ ਦੇ ਕੋਲ ਆਏ, ਕਹਿੰਦੇ, ਇਹ ਕੱਚਾ। ਗੁੱਸਾ ਕਰਿਆ ਉਨ੍ਹਾਂ ਨੇ ਇਸ ਗੱਲ ਦਾ ਕਿ ਇਹ ਸਾਰੇ ਪਿਆਸੇ ਬੈਠੇ ਸੀ, ਕਿਸੇ ਵਿਚ ਤਾਕਤ ਤਾਂ ਹੈ ਨਹੀਂ ਸੀ ਕਿ ਪਾਣੀ ਕੱਢ ਲਿਆਉਂਦੇ; ਤੇ ਮੈਨੂੰ ਪ੍ਰਮੇਸ਼ਰ ਐਨੀ ਵਾਰੀ ਮਿਲਿਆ ਹੈ ਤੇ ਇਨ੍ਹਾਂ ਨੂੰ ਮਿਲਿਆ ਨਹੀਂ; ਤੇ ਮੈਂ ਕੱਚਾ, ਇਹ ਪੱਕੇ? ਉਸ ਵੇਲੇ ਥੋੜ੍ਹੀ ਮਨ ਵਿਚ ਉਦਾਸੀ ਆਈ, ਜਾ ਕੇ ਰੋਹੀ ਦੇ ਵਿਚ ਪ੍ਰਮੇਸ਼ਰ ਨੂੰ ਯਾਦ ਕਰਿਆ। ਸਾਮ੍ਹਣੇ ਆ ਗਏ, ਕਹਿੰਦੇ -

"ਨਾਮਦੇਵ! ਉਦਾਸ ਐਂ ਤੂੰ ਐਨਾ?"

"ਮਹਾਰਾਜ! ਮੈਨੂੰ ਕੱਚਾ ਕਿਹਾ ਹੈ।"

"ਹਾਂ, ਕੱਚਾ ਹੀ ਹੈਂ।"

"ਤੁਸੀਂ ਵੀ ਮੈਨੂੰ ਕੱਚਾ ਹੀ ਕਹੀ ਜਾਂਦੇ ਹੋ।"

"ਹਾਂ।"

"ਕਿਉਂ?"

"ਤੈਨੂੰ ਮੇਰਾ ਅਜੇ ਪਤਾ ਨਹੀਂ ਲੱਗਿਆ, ਮੈਂ ਕਿੱਥੇ ਰਹਿਨਾਂ।"

"ਫੇਰ ਤੁਸੀਂ ਮੈਨੂੰ ਮਹਾਰਾਜ ਦੱਸਿਆ ਕਿਉਂ ਨਹੀਂ ਅਜੇ ਤਾਈਂ - ਤੁਸੀਂ ਕਿੱਥੇ ਰਹਿੰਦੇ ਓਂ?"

"ਮੈਂ ਜੇ ਨਾਮਦੇਵ ਆਪ ਦੱਸ ਦੇਵਾਂ, ਤਾਂ ਨਾ ਮੈਂ ਰਹਿਣਾ ਹੈ, ਨਾ ਤੂੰ ਰਹੇਂ, ਨਾ ਸੰਸਾਰ ਰਹੇ।"

ਇਹ ਤਿੰਨ ਗੱਲਾਂ ਜੇ ਸਮਝ ਲਵੇ ਨਾ ਬੰਦਾ ਤਾਂ ਸਮਝ ਲਉ ਹੁਣੇ ਚੜ੍ਹਾਈ ਚੜ੍ਹ ਜਾਏਗਾ। ਇਹ ਬਹੁਤ ਛੋਟੀਆਂ-ਛੋਟੀਆਂ ਗੱਲਾਂ ਨੇ ਲੇਕਿਨ ਇਨ੍ਹਾਂ ਦਾ ਸਾਡੀ ਜ਼ਿੰਦਗੀ ਦੇ ਨਾਲ ਬਹੁਤ ਗਹਿਰਾ ਸਬੰਧ ਹੈ; ਖ਼ਾਸ ਕਰਕੇ ਉਨ੍ਹਾਂ ਦਾ, ਜਿਹੜੇ ਨਾਮ ਜਪਦੇ ਨੇ, ਔਝੜ ਪਏ ਹੋਏ ਨੇ, ਰਸਤਾ ਨਹੀਂ ਲੱਭ ਰਿਹਾ ਜਿਨ੍ਹਾਂ ਨੂੰ। ਕਹਿਣ ਲੱਗਿਆ -

"ਮਹਾਰਾਜ, ਦੱਸ ਦਿਉ।"

"ਮੈਂ ਜੇ ਦੱਸਿਆ ਨਾਮਦੇਵ! ਨਾ ਮੈਂ ਰਹਿਣਾ ਹੈ, ਨਾ ਤੂੰ ਰਹਿਣਾ ਹੈ, ਨਾ ਰਹਿਣਾ ਹੈ ਸੰਸਾਰ ਨੇ।"

"ਐਸੀ ਗੱਲ ਹੈ?"

"ਹਾਂ, ਬਿਲਕੁਲ।"

"ਫੇਰ ਕੋਈ ਦੱਸੋ।"

"ਮੇਰੇ ਸੰਤ ਦੱਸਦੇ ਨੇ ਇਹ ਗੱਲਾਂ; ਉਹ ਦੱਸ ਸਕਦੇ ਨੇ, ਮੈਂ ਨਹੀਂ ਦੱਸ ਸਕਦਾ।"

"ਤੁਹਾਡੇ ਮੈਨੂੰ ਐਨੇ ਦਰਸ਼ਨ ਹੁੰਦੇ ਨੇ, ਉਨ੍ਹਾਂ ਨੂੰ ਨਹੀਂ ਹੁੰਦੇ।"

ਨਾਮਦੇਵ! ਇਹ ਤੇਰੀ ਭਾਵਨੀ ਦੇ ਦਰਸ਼ਨ ਨੇ, ਮੇਰੇ ਦਰਸ਼ਨ ਨਹੀਂ। ਮੇਰਾ ਇਕ ਰੂਪ ਸਰਗੁਣ ਵੀ ਹੈਗਾ, ਤੂੰ ਉਹਦੇ ਦਰਸ਼ਨ ਕਰਦਾ ਹੈਂ -

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥

ਅੰਗ - ੨੯੦

ਲੇਕਿਨ ਇਹ ਸਰਗੁਣ ਹਰ ਵਕਤ ਨਹੀਂ ਹੋਇਆ ਕਰਦਾ। ਜਦੋਂ ਮੈਂ ਖੇਲੁ ਸੰਕੋਚ ਲੈਨਾਂ -

ਬਾਜੀਗਰਿ ਜੈਸੇ ਬਾਜੀ ਪਾਈ॥
ਨਾਨਾ ਰੂਪ ਭੇਖ ਦਿਖਲਾਈ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥
ਤਬ ਏਕੋ ਏਕੰਕਾਰਾ॥ ***ਅੰਗ - ੭੩੬***

ਉਸ ਵੇਲੇ ਮੇਰਾ 'ਏਕੰਕਾਰ' ਦਾ ਸਰੂਪ ਹੁੰਦਾ ਹੈ, 'ਓਅੰਕਾਰ' ਦਾ ਨਹੀਂ ਹੁੰਦਾ। ਹੈ ਤਾਂ ਮੇਰਾ ਹੀ ਸਰੂਪ ਪਰ ਜਿਹੜਾ ਮੇਰਾ ਅਸਲੀ ਸਰੂਪ ਹੈ - 'ਆਦਿ ਰੂਪ' ਜਿਹਨੂੰ ਕਹਿੰਦੇ ਨੇ, ਉਹ ਮੇਰਾ ਏਕੰਕਾਰ ਦਾ ਸਰੂਪ ਹੈ; ਉਹ ਸੰਤ ਦੱਸਦੇ ਨੇ, ਮੈਂ ਨਹੀਂ ਦੱਸਦਾ। ਤੂੰ ਜਾਹ, ਗਿਆਨੇਸ਼ਵਰ ਜੀ ਤੋਂ ਪੁੱਛ ਲੈ।

ਇਹਦਾ ਇਸ਼ਟ ਸੀ - ਸਾਲਿਗਰਾਮ; ਵੱਟਾ ਹੁੰਦਾ ਹੈ - ਚਿੱਟੀ ਧਾਰੀ ਵਾਲਾ। ਜਦੋਂ ਉਥੇ ਗਿਆ ਤਾਂ ਗਿਆਨੇਸ਼ਵਰ ਜੀ ਉਹਦੇ ਉਤੇ ਪੈਰ ਰੱਖੀਂ ਖੜ੍ਹੇ ਨੇ - ਸਹਿਜ ਸੁਭਾਅ। ਇਹਨੇ ਤਰਕ ਕਰੀ ਕਿ ਇਹਨੇ ਕੀ ਦੱਸਣਾ ਹੈ, ਇਹ ਤਾਂ ਸਾਲਿਗਰਾਮ ਤੇ ਪੈਰ ਰੱਖੀ ਖੜ੍ਹਾ ਹੈ। ਮੁੜ ਗਿਆ ਉਦਾਸ ਹੋ ਕੇ। ਜਾ ਕੇ ਫੇਰ ਪ੍ਰਮੇਸ਼ਰ ਨੂੰ ਯਾਦ ਕੀਤਾ। ਫੇਰ ਉਹ ਆ ਗਏ, ਕਹਿੰਦੇ -

"ਨਾਮਦੇਵ! ਤੂੰ ਐਨਾ ਉਦਾਸ ਕਿਉਂ ਹੈਂ?"

"ਮਹਾਰਾਜ! ਮੈਨੂੰ ਤੁਸੀਂ ਨਾਸਤਿਕ ਦੇ ਕੋਲ ਭੇਜ ਦਿਤਾ।"

"ਨਹੀਂ ਨਾਮਦੇਵ! ਉਹ ਮੇਰਾ ਪਰਮ ਭਗਤ ਹੈ। ਜਾਹ, ਮੈਂ ਉਹਨੂੰ ਕਹਿ ਦੇਵਾਂਗਾ; ਤੂੰ ਫੇਰ ਜਾਹ।" ਫੇਰ ਉਥੇ ਚਲਿਆ ਗਿਆ। ਉਹ ਕਹਿੰਦੇ -

"ਆ ਜਾ, ਆ ਜਾ, ਤੇਰੀ ਸਿਫਾਰਸ਼ ਆ ਗਈ। ਕੱਲ੍ਹ ਕਿਉਂ ਮੁੜ ਗਿਆ ਸੀ?"

"ਮਹਾਰਾਜ! ਤੁਸੀਂ ਸਾਲਿਗਰਾਮ ਤੇ ਪੈਰ ਧਰੀ ਖੜ੍ਹੇ ਸੀ।"

"ਤੇਰੇ ਰੱਬ ਨੇ ਕਦੇ ਤੈਨੂੰ ਦੱਸਿਆ ਹੈ ਕਿ ਉਹ ਕਿੱਥੇ ਰਹਿੰਦਾ ਹੈ?"

"ਉਹ ਤਾਂ ਇਉਂ ਕਹਿੰਦੇ ਨੇ ਕਿ ਜੇ ਮੈਂ ਦੱਸ ਦਿੱਤਾ ਤਾਂ ਨਾ ਮੈਂ ਰਹਿਣਾ ਹੈ, ਨਾ ਤੂੰ ਰਹਿਣਾ ਹੈ, ਨਾ ਸੰਸਾਰ ਨੇ ਰਹਿਣਾ ਹੈ।"

"ਸਤਿਸੰਗਤ ਵਿਚ ਕਦੇ ਸੁਣਿਆ ਹੈਂ?"

"ਸਤਿਸੰਗਤ ਵਿਚ ਤਾਂ ਮੈਂ ਇਹ ਸੁਣਿਆ ਹੈ ਕਿ ਰੱਬ ਸਾਰੇ ਹੀ ਰਹਿੰਦਾ ਹੈ, ਹਰ ਥਾਂ ਤੇ ਰਹਿੰਦਾ ਹੈ।"

"ਫੇਰ ਮੇਰੇ ਪੈਰ ਵਿਚ ਵੀ ਰਹਿੰਦਾ ਹੈ?"

"ਹਾਂ।"

"ਇਹ ਪੱਥਰ ਵਿਚ ਭੀ ਰਹਿੰਦਾ ਹੈ, ਜਿਹਨੂੰ ਤੂੰ ਰੱਬ ਕਹਿੰਦਾ ਹੈਂ?"

"ਹਾਂ ਜੀ"

"ਮੇਰੇ ਸਰੀਰ ਵਿਚ ਭੀ ਰਹਿੰਦਾ ਹੈ?"

"ਹਾਂ।"

"ਫੇਰ ਕੀਹਨੇ ਕੀਹਦੇ ਉਪਰ ਪੈਰ ਧਰਿਆ ਹੋਇਆ ਸੀ?"

ਐਨਾ ਹੀ ਭੇਦ ਸੀ - ਮਾੜਾ ਜਿਹਾ। ਦੀਵਾ ਤਿਆਰ ਸੀ, ਬੱਤੀ ਵੀ ਤਿਆਰ ਸੀ, ਤੇਲ ਵੀ ਸੀ; ਕੇਵਲ ਜੋਤ ਨਾਲ ਜੋਤ ਲਗਣੀ ਸੀ। ਉਸੇ ਵੇਲੇ ਤੜੱਕ ਕਰਕੇ ਜੋਤ ਜਗ ਪਈ, ਭਰਮ ਦਾ ਨਾਸ਼ ਹੋ ਗਿਆ, ਸਾਰੇ ਹੀ ਪ੍ਰਮੇਸ਼ਰ ਦਿਸਣ ਲਗ ਗਿਆ। ਉਸੇ ਵੇਲੇ ਆਪ ਨੇ ਬੋਲਿਆ -

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ ਬੋਲੈ ਰੇ॥ ਅੰਗ - ੯੮੮

ਸੋ ਇਹ ਜੋ ਮਨਮੁਖ ਹੈ, ਇਹ ਅਨ੍ਹੇਰੇ ਵਿਚ ਰਹਿਣਾ ਚਾਹੁੰਦਾ ਹੈ -

ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ॥
ਅੰਗ - ੬੯੬

ਅੰਦਰ ਰਹਿੰਦਾ ਹੋਇਆ ਪ੍ਰਮੇਸ਼ਰ ਵੀ ਇਹਨੂੰ ਪਛਾਣ ਵਿਚ ਨਹੀਂ ਆਇਆ।

ਸੋ ਉਸ ਵੇਲੇ ਮਹਾਰਾਜ ਨੂੰ ਕਹਿਣ ਲੱਗਿਆ ਬੁੱਧੂ ਸ਼ਾਹ, "ਪਾਤਸ਼ਾਹ! ਫੇਰ ਅਸੀਂ ਰੂਹ ਨਹੀਂ ਹਾਂ?" ਕਹਿੰਦੇ, "ਜਿਹੜਾ ਤੂੰ ਰੂਹ ਸਮਝੀ ਬੈਠਾ ਹੈਂ, ਉਹ ਨਹੀਂ ਹਾਂ ਅਸੀਂ। ਅਸੀਂ ਸੱਚੀ ਰੂਹ ਹਾਂ। ਸੱਚੀ ਰੂਹ ਦਾ ਸੱਚ ਨਾਲ ਮੇਲ ਹੁੰਦਾ ਹੈ, ਕੂੜੀ ਰੂਹ ਦਾ ਨਹੀਂ ਹੁੰਦਾ। ਇਸੇ ਵਾਸਤੇ ਅਸੀਂ ਕਿਹਾ ਸੀ ਕਿ ਰਾਤ ਦਾ ਤੇ ਦਿਨ ਦਾ ਜਿਵੇਂ ਮੇਲ ਹੁੰਦਾ ਹੈ, ਉਵੇਂ ਜਿਵੇਂ ਰੱਬ ਦਾ ਤੇ ਜੀਵ ਦਾ ਮੇਲ ਹੁੰਦਾ ਹੈ। ਜਦ ਰੱਬ ਆਉਂਦਾ ਹੈ, ਜੀਵ ਖਤਮ ਹੋ ਜਾਂਦਾ ਹੈ; ਰੱਬ ਹੀ ਰਹਿ ਜਾਂਦਾ ਹੈ। ਜਦ ਸੂਰਜ ਚੜ੍ਹਦਾ ਹੈ, ਰਾਤ ਖਤਮ ਹੋ ਜਾਂਦੀ ਹੈ।"

ਸੋ ਮਹਾਰਾਜ ਕਹਿਣ ਲੱਗੇ, "ਬੁੱਧੂ ਸ਼ਾਹ! ਇਹ ਪ੍ਰਮੇਸ਼ਰ ਨੇ ਹਉਮੈ ਪਾਈ ਹੋਈ ਹੈ - ਜੀਵ ਨੂੰ ਭੁਲਾਉਣ ਵਾਸਤੇ। ਹਉਮੈ ਕਰਕੇ ਜੀਵ ਰੱਬ ਨਾਲੋਂ ਹਰ ਵਕਤ ਵਿਛੜਿਆ ਰਹਿੰਦਾ ਹੈ। ਹੰਗਤਾ ਧਾਰਨ ਕਰਕੇ ਬਾਰ-ਬਾਰ ਜੰਮਦਾ ਮਰਦਾ ਹੈ, ਜੰਮਦਾ ਮਰਦਾ ਹੈ। ਜੋ ਨਿਰਗੁਣ ਬ੍ਰਹਮ ਹੈ, ਜਦੋਂ ਉਹ ਖੇਲ੍ਹ ਸੰਕੋਚਦਾ ਹੈ - ਉਹ ਪਹਿਲਾਂ ਵੀ ਇਕ ਸੀ, ਜਦ ਹੁਣ ਸੰਸਾਰ ਰਚ ਲਿਆ, ਹੁਣ ਵੀ ਉਹ ਆਪੇ ਹੀ ਹੈ ਤੇ ਜਦੋਂ ਕੁਛ ਵੀ ਨਹੀਂ ਰਹੇਗਾ, ਉਸ ਵੇਲੇ ਵੀ ਉਹਨੇ ਆਪੇ ਹੀ ਰਹਿਣਾ ਹੈ -

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥
ਅੰਗ - ੭੦੫

ਸੋ ਇਹਨੂੰ ਪਛਾਨਣ ਦਾ ਯਤਨ ਕਰ। ਇਹਦੀ ਪਛਾਣ ਹਉਮੈ ਨੇ ਢਕੀ ਹੋਈ ਹੈ। ਜਦ ਤਕ ਹਉਮੈ ਨਾਸ਼ ਨਹੀਂ ਹੁੰਦੀ, ਓਨੀਂ ਦੇਰ ਤੱਕ ਪ੍ਰਕਾਸ਼ ਨਹੀਂ ਹੁੰਦਾ।" ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਨਾਲ ਹਉਮੈ ਪਾਈ ਜੀ, ਨਾਲ ਹਉਮੈ ਪਾਈ ਜੀ - ੨

ਜਿਨ ਰਚਿ ਰਚਿਆ ਪੁਰਖਿ ਬਿਧਾਤੈ.......॥ ਅੰਗ - ੯੯

"ਜਿਹਨੇ ਸੰਸਾਰ ਬਣਾਇਆ ਹੈ, ਸਾਨੂੰ ਬਣਾਇਆ ਹੈ, ਇਹਦੇ ਵਿਚ ਨਾਲ ਹੀ ਹਉਮੈ ਪਾ ਦਿਤੀ। ਉਸੇ ਵੇਲੇ ਭੁਲੇਖਾ ਪਾ ਦਿਤਾ ਕਿ ਮੈਂ ਹੋਰ ਹਾਂ, ਰੱਬ ਹੋਰ ਹੈ।

ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥
ਅੰਗ - ੯੯੯

ਇਹ ਹਉਮੈ ਹੀ ਜੰਮਦੀ ਹੈ, ਹਉਮੈ ਹੀ ਮਰਦੀ ਹੈ -

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ ਅੰਗ - ੪੬੮

ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ॥
ਅੰਗ - ੯੯੯

ਜਦੋਂ ਖੇਲ੍ਹ ਸੰਕੋਚਦਾ ਹੈ, ਉਸ ਤੋਂ ਪਹਿਲਾਂ ਵੀ ਉਹ ਆਪ ਸੀ; ਜਦ ਖੇਲ੍ਹ ਖੇਲ੍ਹਦਾ ਹੈ, ਫੇਰ ਵੀ ਆਪ ਹੀ ਹੈ; ਜਦੋਂ ਖੇਲ੍ਹ ਸੰਕੋਚ ਲਏਗਾ, ਉਸ ਵੇਲੇ ਵੀ ਆਪ ਹੀ ਹੋਵੇਗਾ -

ਬਾਜੀਗਰਿ ਜੈਸੇ ਬਾਜੀ ਪਾਈ॥
ਨਾਨਾ ਰੂਪ ਭੇਖ ਦਿਖਲਾਈ॥
ਸਾਂਗੁ ਉਤਾਰਿ ਥੰਮਿ੍ਓ ਪਾਸਾਰਾ॥
ਤਬ ਏਕੋ ਏਕੰਕਾਰਾ॥ ਅੰਗ - ੭੩੬

ਜਦੋਂ ਪਸਾਰਾ ਥੰਮ੍ਹਿਆ - "ਤਬ ਏਕੋ ਏਕੰਕਾਰਾ॥"

ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ ਕਤ ਤੇ ਆਇਓ॥ ਅੰਗ - ੭੩੬

ਕਹਿੰਦੇ, ਇਹ ਜਿਹੜਾ ਦਿਸਦਾ ਸੀ ਸੰਸਾਰ, ਕਿਥੇ ਚਲਿਆ ਗਿਆ ਹੈ? ਕਿਥੋਂ ਆਇਆ ਸੀ, ਕਿੱਥੇ ਚਲਿਆ ਗਿਆ?" ਨਾਲ ਹੀ ਜਵਾਬ ਦਿੰਦੇ ਨੇ -

ਜਲ ਤੇ ਊਠਹਿ ਅਨਿਕ ਤਰੰਗਾ॥
ਕਨਿਕ ਭੂਖਨ ਕੀਨੇ ਬਹੁ ਰੰਗਾ॥ ਅੰਗ - ੭੩੬

ਸੋਨੇ ਦੇ ਬੇਅੰਤ ਗਹਿਣੇ ਬਣਾ ਦਿਤੇ। ਇਹ ਚੀਜ਼ ਕੀ ਹੈ? ਸੋਨਾ ਹੈ ਇਹ ਸਾਰਾ। ਲਹਿਰਾਂ ਉਠਦੀਆਂ ਨੇ ਪਾਣੀ ਦੇ ਅੰਦਰੋਂ, ਤਰੰਗਾਂ ਉਠਦੀਆਂ ਨੇ; ਕੀ ਹੈ ਇਹ? ਕਹਿੰਦੇ, ਪਾਣੀ ਹੈ -

ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥
ਫਲ ਪਾਕੇ ਤੇ ਏਕੰਕਾਰਾ॥ ਅੰਗ - ੭੩੬

ਜਦ ਫਲ ਪੱਕ ਜਾਂਦਾ ਹੈ, ਉਸ ਵੇਲੇ 'ਏਕੰਕਾਰ' ਹੀ ਰਹਿ ਜਾਂਦਾ ਹੈ। "ਬੁੱਧੂ ਸ਼ਾਹ! ਜਿਹੜਾ ਤੂੰ ਇਹ ਕਹਿੰਦਾ ਹੈਂ ਕਿ ਜੀਵ ਨੂੰ ਰੱਬ ਦਾ ਮੇਲ ਹੁੰਦਾ ਹੈ; ਜਿਹੜਾ ਸੱਚੀ ਮੈਂ ਹੈ, ਉਹਨੂੰ ਸੱਚੀ ਮੈਂ ਮਿਲਦੀ ਹੈ, ਸੱਚਾ ਮਿਲਦਾ ਹੈ; ਨਹੀਂ ਤਾਂ ਸੱਚ ਨਹੀਂ ਮਿਲਦਾ।" ਸੋ ਇਸ ਤਰ੍ਹਾਂ ਨਾਲ ਮਹਾਰਾਜ ਸਮਝਾਉਂਦੇ ਨੇ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਸ ਤੋਂ ਅੱਗੇ ਫਿਰ ਵਿਚਾਰ ਕਰਾਂਗੇ।

*****

ਬੰਦਗੀ ਨਾਮਾ

ਅਰਥਾਤ

ਸੱਚ ਦੀ ਪ੍ਰਾਪਤੀ ਦੇ ਸਾਧਨ

ਭਾਈ ਸਾਹਿਬ ਰਘਬੀਰ ਸਿੰਘ 'ਬੀਰ'

ਤੀਸਰੀ ਅਵਸਥਾ

ਜਦ ਅਭਿਆਸੀ ਦੂਜੀ ਅਵਸਥਾ ਟਪਦਾ ਹੈ, ਤਾਂ ਮੁਦਤਾਂ ਤੋਂ ਹੋ ਰਹੀ ਰੱਸਾ-ਕਸ਼ੀ ਵਿਚ ਮਨ ਨੂੰ ਨਿਰਬਲ ਅਤੇ ਆਪਣੇ ਮਗਰ ਖਿਚਿਆ ਆਉਂਦਾ ਦੇਖਦਾ ਹੈ। ਅਜੀਬ ਖੁਸ਼ੀ ਪ੍ਰਤੀਤ ਹੁੰਦੀ ਹੈ, ਦੁਨੀਆਂ ਸੁਹਾਵਣੀ ਤੇ ਰਹਿਣ ਯੋਗ ਨਜ਼ਰ ਆਉਂਦੀ ਹੈ। ਬਾਰਸ਼ ਮਗਰੋਂ ਜਿਸ ਤਰ੍ਹਾਂ ਸੰਸਾਰ ਨਿਖਰਿਆ ਹੋਇਆ ਜਾਪਦਾ ਹੈ, ਅਭਿਆਸੀ ਮਨ ਨਾਲ ਹੋਏ ਘੋਰ ਯੁੱਧ ਦੇ ਮਗਰੋਂ ਆਪਣੇ ਆਪ ਨੂੰ ਤੇ ਸਾਰੇ ਬ੍ਰਹਿਮੰਡ ਨੂੰ ਨਹਾਤਾ ਧੋਤਾ, ਹਲਕਾ ਤੇ ਉਤਸ਼ਾਹ ਭਰਿਆ ਦੇਖਦਾ ਹੈ, ਪੂਜਾ ਪਾਠ ਤੇ ਸਿਮਰਨ ਅਭਿਆਸ ਵਿਚ ਦਿਲ ਵਧੇਰੇ ਲਗਦਾ ਹੈ, ਸੁਰਤ ਠਹਿਰਨੀ ਸ਼ੁਰੂ ਹੋ ਜਾਂਦੀ ਹੈ।

ਮਨ ਦੇ ਲੁਕਵੇਂ ਹਮਲੇ - ਇਸ ਅਵਸਥਾ ਵਿਚ ਮਨ ਅੱਗੇ ਨਾਲੋਂ ਕਮਜ਼ੋਰ ਜ਼ਰੂਰ ਹੋ ਜਾਂਦਾ ਹੈ, ਪਰ ਲੜਾਈ ਖਤਮ ਨਹੀਂ ਹੁੰਦੀ। ਕਦੀ ਅਚਨਚੇਤ ਮਨ ਤੇ ਮਨ ਦੀਆਂ ਪੁਰਾਣੀਆਂ ਵਾਸ਼ਨਾਵਾਂ ਮਨੁੱਖ ਤੇ ਗਲਬਾ ਪਾ ਜਾਂਦੀਆਂ ਹਨ। ਮਨ ਸ਼ਹਿ ਸ਼ਹਿ ਕੇ ਤੇ ਵੇਲਾ ਤਾੜ ਤਾੜ ਕੇ ਹੱਲੇ ਕਰਦਾ ਹੈ। ਇਸ ਅਵਸਥਾ ਦਾ ਅਭਿਆਸੀ ਮਨ ਤੋਂ ਕਦੀ ਹਾਰ ਵੀ ਜਾਂਦਾ ਹੈ, ਪਰ ਕਿਉਂਕਿ ਮਨ ਵਿਚ ਉਹ ਪਹਿਲਾ ਅਖੜਪੁਣਾ ਕਮਜ਼ੋਰ ਹੋ ਚੁੱਕਿਆਂ ਹੁੰਦਾ ਹੈ, ਝੱਟ ਕਾਬੂ ਵਿਚ ਆ ਜਾਂਦਾ ਹੈ। ਗੁਰਬਾਣੀ ਦਾ ਪਾਠ ਤੇ ਦਿਲੀ ਅਰਦਾਸਾਂ ਮਨ ਨੂੰ ਫੇਰ ਬਿੱਲੀ ਵਾਂਗ ਨਿਰਬਲ ਬਣਾ ਦਿੰਦੀਆਂ ਹਨ, ਅਭਿਆਸੀ ਫੇਰ ਟਹਿਕ ਆਉਂਦਾ ਹੈ, ਉਤਸ਼ਾਹ ਨਾਲ ਆਤਮਕ ਮਾਰਗ ਤੇ ਕਦਮ ਧਰਨੇ ਸ਼ੁਰੂ ਕਰਦਾ ਹੈ। ਇਸ ਅਵਸਥਾ ਨੂੰ ਕਬੀਰ ਜੀ ਨੇ ਇੰਜ ਬਿਆਨ ਕੀਤਾ ਹੈ -

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥ ੧ ॥
ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥
ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥ ਅੰਗ - ੮੫੫
ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥
ਅੰਗ - ੫੩੬

ਚੌਥੀ ਅਵਸਥਾ

ਤੀਜੀ ਅਵਸਥਾ ਤੋਂ ਅੱਗੇ ਲੰਘਣਾ ਨਿਰੇ ਸਵਰਗ ਦੇ ਝੂਟੇ ਹਨ। ਭਾਵੇਂ ਮਨ ਦਾ ਸੁਭਾਅ ਆਖਰੀ ਮੰਜ਼ਲ ਤੱਕ ਵੀ ਕਿਸੇ ਨਾ ਕਿਸੇ ਸ਼ਕਲ ਵਿਚ ਕਾਇਮ ਰਹਿੰਦਾ ਹੈ, ਪਰ ਨਿਰਬਲ ਹੁੰਦਾ-ਹੁੰਦਾ ਐਸਾ ਪਵਿੱਤਰ ਹੋ ਜਾਂਦਾ ਹੈ ਕਿ ਬਜਾਇ ਕੰਡੇ ਵਾਂਗ ਚੁਭਣ ਦੇ ਇਹ ਹੁਣ ਫੁੱਲ ਵਾਂਗ ਕੋਮਲ, ਸੁਗੰਧੀ ਭਰਿਆ ਤੇ ਖੂਬਸੂਰਤ ਮਲੂਮ ਹੁੰਦਾ ਹੈ, ਜਿਥੇ ਇਹ ਹਰ ਵਕਤ ਭਟਕਦਾ, ਭੌਂਦਾ ਤੇ ਨਾਚ ਕਰਦਾ ਰਹਿੰਦਾ ਸੀ, ਉਥੇ ਹੁਣ ਹਰ ਵਕਤ ਸਹਿਜ ਤੇ ਟਿਕਾਉ ਵਿਚ ਰਹਿੰਦਾ ਹੈ। ਸਹਿਜ ਵਿਚ ਇਕ ਮਸਤੀ, ਜਿਸ ਨੂੰ ਗੁਰਬਾਣੀ ਵਿਚ 'ਰੰਗਣ' ਆਖਦੇ ਹਨ ਇਸਨੂੰ ਹਮੇਸ਼ਾ ਖੀਵਾ ਰਖਦੀ ਹੈ -

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥
ਅੰਗ - ੧੧੮੬

ਜਿਉਂ-ਜਿਉਂ ਮਨ ਏਸ ਅਵਸਥਾ ਵਿਚ ਟਿਕਦਾ ਹੈ, ਇਸਨੂੰ ਪ੍ਰਤੀਤ ਹੁੰਦਾ ਹੈ ਕਿ ਅੱਗੇ ਵਾਂਗ ਹੁਣ ਉਹ ਇਕੱਲਾ ਨਹੀਂ ਸਗੋਂ ਆਪਣੇ ਨਾਲ ਕਿਸੇ ਮਹਾਨ ਚੇਤਨ ਸ਼ਕਤੀ ਦੀ ਮੌਜੂਦਗੀ ਪ੍ਰਤੀਤ ਕਰਦਾ ਹੈ। ਕਦੀ-ਕਦੀ ਟਿਕਾਉ ਵਿਚ ਇਸ ਸ਼ਕਤੀ ਦੇ ਨਾਲ ਜ਼ਰਾ ਛੋਹਿਆ ਅਨੰਦ ਤੇ ਰਸ ਦੀਆਂ ਝਰਨਾਟਾਂ ਸ਼ੁਰੂ ਹੋ ਜਾਂਦੀਆਂ ਹਨ। ਇਸ ਅਵਸਥਾ ਦਾ ਬਾਕੀ ਜ਼ਿਕਰ 'ਸਿਮਰਨ' ਦੇ ਕਾਂਡ ਵਿਚ ਆਵੇਗਾ। ਏਥੇ ਕੇਵਲ ਏਹ ਦਸਣਾ ਹੈ ਕਿ ਇਸ ਅਵਸਥਾ ਦੇ ਆਦਮੀ ਦੀ ਅਰਦਾਸ ਉਹ ਪੁਰਾਣੀ ਸਰੀਰਕ ਸੁੱਖਾਂ ਤੇ ਦੁਨਿਆਵੀ ਤਰੱਕੀ ਵਾਲੀ ਅਰਦਾਸ ਨਹੀਂ ਹੁੰਦੀ। ਹਰ ਵਕਤ ਦਿਲ ਬਾਗੋ ਬਾਗ ਤੇ ਸ਼ਾਂਤੀ ਭਰਪੂਰ ਰਹਿੰਦਾ ਹੈ। ਏਥੇ ਅਰਦਾਸ ਸ਼ੁਕਰੀਏ ਦਾ ਰੂਪ ਹੋ ਜਾਂਦੀ ਹੈ -

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥
ਅੰਗ - ੧੧੦੬

ਜ਼ਿਆਦਾ ਤੋਂ ਜ਼ਿਆਦਾ ਚਿਰ ਇਸ ਅੰਦਰਲੀ ਸ਼ਕਤੀ ਕੋਲ ਰਹਿਣ ਨੂੰ ਦਿਲ ਕਰਦਾ ਹੈ। ਜਦੋਂ ਦੇਖੋ ਇਹ ਸ਼ਕਤੀ ਚੜ੍ਹਦੀਆਂ ਕਲਾਂ, ਪੂਰੇ ਵਿਕਾਸ ਤੇ ਬੇ-ਪਰਵਾਹੀ ਵਿਚ ਟਿਕੀ ਨਜ਼ਰ ਆਉਂਦੀ ਹੈ। ਮਨ ਮਹਿਸੂਸ ਕਰਦਾ ਹੈ ਕਿ ਇਸ ਸ਼ਕਤੀ ਦੀ ਹੀ ਆਵਾਜ਼ ਉਸਨੂੰ ਆਪਣੇ ਵਲ ਹਮੇਸ਼ਾ ਤੋਂ ਬੁਲਾਂਦੀ ਰਹੀ ਹੈ। ਇਸ ਅਵਸਥਾ ਵਾਲਾ ਸੁਭਾਗੀ ਬੰਦਾ ਆਪਣੀਆਂ ਸਾਰੀਆਂ ਮੁਸ਼ਕਲਾਂ, ਆਪਣੇ ਸਾਰੇ ਦੁਖ, ਏਸ ਅਨੰਦਮਈ, ਸ਼ਕਤੀ ਦੇ ਹਵਾਲੇ ਕਰ ਕੇ ਆਪ ਨਿਸ਼ਚਿੰਤ ਹੋ ਜਾਂਦਾ ਹੈ। ਉਸਨੂੰ ਹੁਣ ਇਹ ਭਰੋਸਾ ਹੁੰਦਾ ਹੈ ਕਿ ਮੈਂ ਆਪਣੀਆਂ ਕੁਲ ਲੜਾਈਆਂ ਤੇ ਔਕੜਾਂ ਇਸ ਮਹਾਨ ਸ਼ਕਤੀ ਦੇ ਸਹਾਰੇ ਫਤਹਿ ਕਰ ਲੈਣੀਆਂ ਹਨ। ਇਸ ਟਿਕਾਣੇ ਤੇ ਪਹੁੰਚੇ ਹੋਏ ਅਭਿਆਸੀ ਦੀ ਅਰਦਾਸ ਹੁਣ ਕੁਝ ਹੋਰ ਹੁੰਦੀ ਹੈ -

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥
ਅੰਗ - ੧੦੩

ਪੰਜਵੀਂ ਅਵਸਥਾ

ਇਸ ਅਵਸਥਾ ਵਿਚ ਖੇਡਣ ਵਾਲੇ ਪੁਰਸ਼ ਨੂੰ ਯਕੀਨ ਆ ਜਾਂਦਾ ਹੈ ਕਿ ਉਸ ਦੇ ਹਰ ਵੇਲੇ ਅੰਦਰ ਰਹਿਣ ਵਾਲੀ ਚੇਤਨ ਸ਼ਕਤੀ, ਉਸ ਨਾਲੋਂ ਕਿਤੇ ਸਿਆਣੀ, ਬਲਵਾਨ ਤੇ ਉਸਦੀ ਸਚੀ ਹਮਦਰਦ ਹੈ। ਇਹੋ ਸ਼ਕਤੀ ਉਸ ਦੀ ਹਮੇਸ਼ਾ ਰਖਿਆ ਕਰਦੀ ਤੇ ਉਸਨੂੰ ਵਧਦਾ ਫੁਲਦਾ ਦੇਖਣਾ ਚਾਹੁੰਦੀ ਰਹੀ ਹੈ। ਉਸਨੂੰ ਇਹ ਵੀ ਪਤਾ ਲਗ ਜਾਂਦਾ ਹੈ ਕਿ ਉਸ ਦੀਆਂ ਆਪਣੀਆਂ ਸੋਚਾਂ,

ਤਦਬੀਰਾਂ, ਸਿਵਾਏ ਉਸ ਮਹਾਨ ਸ਼ਕਤੀ ਦੇ ਰਸਤੇ ਵਿਚ ਰੋੜਾ ਅਟਕਾਣ ਦੇ ਹੋਰ ਕੁਝ ਫਾਇਦਾ ਨਹੀਂ ਪੁਚਾ ਸਕਦੀਆਂ। ਇਸ ਸ਼ਕਤੀ ਦੀ ਵਡਿਆਈ ਤੇ ਸਮਰਥਾ ਤੇ ਜਦ ਪੂਰਾ ਯਕੀਨ ਹੋ ਜਾਵੇ, ਤਾਂ ਅਭਿਆਸੀ ਬੇਫਿਕਰੀ ਤੇ ਬੇਖੌਫੀ ਨਾਲ ਆਖਦਾ ਹੈ –

ਜੀਅ ਜੰਤ ਸਭਿ ਸਰਣਿ ਤੁਮ੍ਹਾਰੀ ਸਰਬ ਚਿੰਤ ਤੁਧੁ ਪਾਸੇ ॥
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥
ਅੰਗ – ੭੯੫

ਉਹ ਸੂਲੀ ਤੇ ਚੜ੍ਹਨ ਵੇਲੇ ਵੀ ਇਸ ਮਹਾਨ ਸ਼ਕਤੀ ਨੂੰ ਆਪਣੇ ਅੰਗ ਸੰਗ ਦੇਖਦਾ ਹੈ ਤੇ ਖੁਸ਼ੀ ਨਾਲ ਆਖਦਾ ਹੈ –

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ ***ਅੰਗ – ੩***

ਇਸ ਅਵਸਥਾ ਦੇ ਅਖੀਰ ਵਿਚ, ਅਭਿਆਸੀ ਅਰਦਾਸਾਂ ਕਰਨੀਆਂ ਛੱਡ ਦਿੰਦਾ ਹੈ, ਕਿਉਂਕਿ ਉਹ ਆਪਣੇ ਦਿਲ ਦੇ ਸੂਖਸ਼ਮ ਤੋਂ ਸੂਖਸ਼ਮ ਫੁਰਨੇ ਤੋਂ ਇਸ ਮਹਾਂਸ਼ਕਤੀ ਨੂੰ ਅੱਗੇ ਹੀ ਜਾਣੂ ਦੇਖਦਾ ਹੈ। ਉਹ ਆਖਦਾ ਹੈ –

ਜਤ ਕਤ ਦੇਖਉ ਤਤ ਤਤ ਤੁਮ ਹੀ
ਮੋਹਿ ਇਹੁ ਬਿਸੁਆਸੁ ਹੋਇ ਆਇਓ ॥
ਕੈ ਪਹਿ ਕਰਉ ਅਰਦਾਸਿ ਬੇਨਤੀ
ਜਉ ਸੁਨਤੋ ਹੈ ਰਘੁਰਾਇਓ ॥ ***ਅੰਗ – ੨੦੫***

ਹਰਿ ਅੰਤਰਜਾਮੀ ਸਭ ਬਿਧਿ ਜਾਣੈ
ਤਾ ਕਿਸੁ ਪਹਿ ਆਖਿ ਸੁਣਾਈਐ ॥ ***ਅੰਗ – ੬੨੪***

ਕਿਆ ਦੀਨੁ ਕਰੇ ਅਰਦਾਸਿ ॥ ਜਉ ਸਭ ਘਟਿ ਪ੍ਰਭੂ ਨਿਵਾਸ ॥
ਅੰਗ – ੧੩੦੪

ਛੇਵੀਂ ਅਵਸਥਾ

ਉਪਾਸ਼ਨਾ ਦੀ ਆਖਰੀ ਅਵਸਥਾ ਵਿਚ ਮਾਸ਼ੂਕ ਆਸ਼ਕ ਤੇ ਆਸ਼ਕ ਮਾਸ਼ੂਕ ਹੋ ਜਾਂਦਾ ਹੈ। ਇਸ ਅਵਸਥਾ ਵਿਚ ਚੇਤਨ ਸ਼ਕਤੀ ਹਰ ਵਕਤ ਆਪਣੇ ਉਪਾਸ਼ਕ ਦੀ ਨਾਜ਼–ਬਰਦਾਰੀ ਵਾਸਤੇ ਤਿਆਰ ਰਹਿੰਦੀ ਹੈ। ਉਪਾਸ਼ਕ ਦੇ ਦਿਲ ਦੇ ਜ਼ਰਾ ਜ਼ਰਾ ਫੁਰਨੇ ਵੀ ਪੂਰਨ ਹੁੰਦੇ ਹਨ।

ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥ ***ਅੰਗ – ੮੧੭***

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥
ਅੰਗ – ੪੦੩

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥
ਅੰਗ – ੧੩੬੭

ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥
ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ ॥
ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ
ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥
ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ
ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥ ***ਅੰਗ – ੧੨੬੬***

ਇਸ ਅਵਸਥਾ ਵਿਚ ਅਰਦਾਸ ਆਪਣੇ ਪੂਰਨ ਦਰਜੇ ਤੇ ਪਹੁੰਚਦੀ ਹੈ। ਉਪਾਸ਼ਕ ਦੀ ਹਰ ਖਾਹਿਸ਼ 'ਘਟ ਘਟ ਕੇ ਪਟ ਪਟ ਕੀ ਜਾਨਤ' ਸ਼ਕਤੀ ਵਲੋਂ ਅਣਮੰਗਿਆਂ, ਅਣਬੋਲਿਆਂ ਖੁਦ–ਬਖੁਦ ਪੂਰੀ ਹੁੰਦੀ ਹੈ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ ***ਅੰਗ – ੮੧੯***

ਏਥੇ ਪਹੁੰਚ ਕੇ ਉਪਾਸ਼ਕ ਜ਼ਿਆਦਾ ਅਰਦਾਸਾਂ ਕਰਦਾ ਹੀ ਨਹੀਂ, ਕਿਉਂਕਿ ਉਸਨੂੰ ਅਰਦਾਸ ਦੀ ਫਿਲਾਸਫੀ ਸਮਝ ਆ ਜਾਂਦੀ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਅਰਦਾਸਾਂ ਜਦ ਤਕ ਹੀ ਹੁੰਦੀਆਂ ਹਨ ਜਦ ਤਕ ਕੋਈ ਨਾ ਕੋਈ ਊਣਤਾਈ ਹੋਵੇ ਜਦ ਸਾਹਿਬ ਬੰਦੇ ਨੂੰ ਪੂਰਨ ਕਰ ਦੇਵੇ, ਆਪਣੇ ਵਰਗਾ ਹੀ ਬਣਾ ਲਵੇ, ਫਿਰ ਬੰਦਾ ਮੰਗੇ ਕੀ? ਚਾਹੇ ਕੀ? ਕੋਈ ਮੰਗਣ ਵਾਲੀ ਚੀਜ਼ ਨਹੀਂ ਰਹਿੰਦੀ। ਮਾਇਆ ਚਰਨਾਂ ਵਿਚ ਹਾਜ਼ਰ ਦਿਸਦੀ ਹੈ। ਮੰਗੇ ਕੌਣ? ਮੰਗਣ ਵਾਲਾ ਬਦਲ ਕੇ ਸਾਹਿਬ ਰੂਪ ਹੋ ਜਾਂਦਾ ਹੈ।

ਹਮ ਕਿਛੁ ਨਾਹੀ ਏਕੈ ਓਹੀ ॥
ਆਗੈ ਪਾਛੈ ਏਕੋ ਸੋਈ ॥
ਨਾਨਕ ਗੁਰਿ ਖੋਏ ਭ੍ਰਮ ਭੰਗਾ ॥
ਹਮ ਓਇ ਮਿਲਿ ਹੋਏ ਇਕ ਰੰਗਾ ॥ ***ਅੰਗ – ੩੯੧***

ਅਰਦਾਸ ਦੀ ਲੋੜ

ਅਰਦਾਸ ਹਰ ਇਨਸਾਨ ਵਾਸਤੇ ਭਾਵੇਂ ਉਹ ਕਿਸੇ ਅਵਸਥਾ ਦਾ ਹੋਵੇ, ਜ਼ਰੂਰੀ ਹੈ ਸਰੀਰਕ ਲੋੜਾਂ ਤੋਂ ਲੈ ਕੇ ਉਚੀਆਂ ਤੋਂ ਉਚੀਆਂ ਆਤਮਕ ਲੋੜਾਂ ਦੀ ਨਵਿਰਤੀ ਤਕ ਅਰਦਾਸ ਸਹਾਇਤਾ ਕਰਦੀ ਹੈ। ਅਰਦਾਸ ਮਨ ਨੂੰ ਨਿਰਮਾਣ ਤੇ ਨਿਰਮਲ ਬਣਾਂਦੀ ਹੈ। ਬੰਦਗੀ ਦੇ ਰਸਤੇ ਉਤੇ ਇਹ ਹਰ ਇਕ ਪਾਂਧੀ ਲਈ ਇਤਨੀ ਜ਼ਰੂਰੀ ਹੈ, ਜਿਤਨੀ ਕਿ ਅੰਨ੍ਹੇ ਲਈ ਡੰਗੋਰੀ।

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥ ***ਅੰਗ – ੯੧***

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ ***ਅੰਗ – ੯੧***

ਸਿਮਰ ਸਾਸਤ ਸਿੰਮ੍ਰਿਤਿ ਬੇਦ ਬੀਚਾਰੇ
ਮਹਾ ਪੁਰਖਨ ਇਉ ਕਹਿਆ ॥
ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ ॥
ਅੰਗ – ੨੧੫

ਸਿਮਰਨ ਵਾਹਿਗੁਰੂ ਨੂੰ ਮਿਲਣ ਦੀ ਪੌੜੀ ਹੈ, ਇਸ ਦੇ ਬਗੈਰ ਅਰਸ਼ਾਂ ਤੇ ਚੜ੍ਹਨਾ ਮੁਸ਼ਕਲ ਹੈ। ਕਈ ਮਹਾਤਵਮਾਵਾਂ ਦੇ ਖਿਆਲ ਵਿਚ ਸਿਮਰਨ ਹੀ ਬੰਦਗੀ ਹੈ। ਗ੍ਰੰਥਾਂ ਨੂੰ ਪੜ੍ਹਿਆਂ ਮਹਾਤਮਾਵਾਂ ਦੇ ਉਪਦੇਸ਼ਾਂ ਨੂੰ ਸੁਣਿਆਂ, ਆਤਮਾ ਵਿਚ ਆਪਣੇ ਅਸਲ ਪ੍ਰਮਾਤਮਾ ਦੇ ਮੇਲ ਦੀ ਇਛਿਆ ਪੈਦਾ ਹੁੰਦੀ ਹੈ। ਸਿਮਰਨ ਦੀ ਮਦਦ ਨਾਲ ਮਨੁੱਖ ਪ੍ਰਮਾਤਮਾ ਵਲ ਤੁਰਨਾ ਸ਼ੁਰੂ ਕਰਦਾ ਹੈ। ਗਾਈਡ ਆਫ ਲੰਡਨ (Guide of London) ਪੜ੍ਹਨ ਨਾਲ ਲੰਡਨ ਵੇਖਣ ਦਾ ਚਾਉ ਉਪਜ ਸਕਦਾ ਹੈ ਪਰ ਉਥੇ ਪਹੁੰਚਣ ਵਾਸਤੇ ਘਰ ਛਡਣਾ ਤੇ ਸਫਰ ਕਾਰਨ ਲਾਜ਼ਮੀ ਹੈ। ਸਿਮਰਨ ਆਤਮਾ ਦਾ ਸਫਰ ਹੈ, ਜਿਸ ਦੇ ਆਸਰੇ ਅਸਥੂਲ ਤੋਂ ਸੂਖਸ਼ਮ ਮੰਡਲਾਂ ਵਿਚ ਪਹੁੰਚੀਦਾ ਹੈ, ਨਿਰੰਜਨੀ ਜੋਤ ਦੀ ਛੋਹ ਪ੍ਰਾਪਤ ਕਰੀਦੀ ਹੈ।

ਸਿਮਰਨ ਦੇ ਜ਼ਰੀਏ ਹਾਸਲ ਕੀਤਾ ਗਿਆਨ ਆਪਣੀ

ਮਲਕੀਅਤ ਬਣ ਜਾਂਦਾ ਹੈ। ਸਿਮਰਨ ਦੇ ਬਗੈਰ, ਗਿਆਨ ਅਕਲ ਨੂੰ ਚੰਚਲ ਕਰ ਕੇ, ਆਦਮੀ ਨੂੰ ਸਗੋਂ ਖੁਆਰ ਕਰਦਾ ਹੈ। ਕਿਤਾਬਾਂ ਪੜ੍ਹੇ ਚੁੰਚ-ਗਿਆਨੀ ਤੇ ਬੰਦਗੀ ਕਰਕੇ ਗਿਆਨ ਪ੍ਰਾਪਤ ਕੀਤੇ ਪੁਰਸ਼ਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਇਕ ਦੇ ਚਿਹਰੇ ਤੋਂ ਖੁਸ਼ਕੀ ਤੇ ਸੱਖਣਾਪਣ ਜ਼ਾਹਿਰ ਹੁੰਦਾ ਹੈ, ਦੂਜੇ ਦੀਆਂ ਅੱਖਾਂ ਤੋਂ ਮਸਤੀ ਤੇ ਚਿਹਰੇ ਤੋਂ ਨੂਰ ਟਪਕਦਾ ਹੈ, ਮਿਲਿਆਂ ਸ਼ਾਂਤੀ ਆਉਂਦੀ ਹੈ। ਮਹਾਤਮਾਵਾਂ ਦੇ ਉਪਦੇਸ਼, ਗ੍ਰੰਥਾਂ ਦੇ ਮਹਾਂਵਾਕ, ਸਿਮਰਨ ਦੇ ਜ਼ਰੀਏ, ਪਰਤੱਖ ਅਜ਼ਮਾਏ ਬਿਨਾਂ, ਸੱਚੀ ਪ੍ਰਤੀਤ ਕਦੀ ਨਹੀਂ ਉਪਜ ਸਕਦੀ, ਪੱਕਾ ਸਿਦਕ ਕਦੀ ਪੈਦਾ ਨਹੀਂ ਹੋ ਸਕਦਾ। ਆਰੇ ਹੇਠ ਬੈਠ ਕੇ ਸਿਦਕ ਉਸੇ ਦਾ ਕਾਇਮ ਰਹਿੰਦਾ ਹੈ, ਜਿਸਨੂੰ ਜਿਸਮ ਛੱਡਣ ਮਗਰੋਂ ਆਪਣੇ ਰੱਬ ਨਾਲ ਇਕ ਹੋ ਜਾਣ ਦਾ ਪੂਰਨ ਅਭਿਆਸ ਹੋਵੇ। ਮੌਤ ਨਾਲ ਉਹ ਹੀ ਟਿਚਕਰਾਂ ਕਰ ਸਕਦਾ ਹੈ, ਜਿਹੜਾ ਜ਼ਿੰਦਗੀ ਦੇ ਸੋਮੇ ਨਾਲ ਜੁੜਿਆ ਹੋਵੇ।

ਸਿਮਰਨ ਦੇ ਅਨੇਕਾਂ ਲਾਭ ਹਨ

ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ ॥
ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ
ਜਾਦੀ ਬਿਲਮੁ ਨ ਹੋਇ ॥ ਅੰਗ - ੪੨੯

ਸਿਮਰਨ ਦੇ ਲਾਭ

ਪਹਿਲਾਂ - ਮਨ ਨੂੰ ਧੋਣਾ ਤੇ ਨਿਰਮਲ ਕਰਨਾ ਅਤੇ ਇਸ ਦੀਆਂ ਖਿੰਡੀਆਂ ਤੇ ਅਵਾਰਾ ਬਿਰਤੀਆਂ ਨੂੰ ਇਕਾਗਰ ਕਰਨਾ। ਮਨ ਜਿਤਨਾ ਖਿੰਡਿਆ ਹੋਇਆ ਹੋਵੇ, ਉਤਨਾ ਕਮਜ਼ੋਰ ਤੇ ਨਿਰਬਲ ਹੁੰਦਾ ਹੈ, ਜਿਤਨਾ ਇਕਾਗਰ ਹੋਵੇ, ਉਤਨਾ ਬਲਵਾਨ ਤੇ ਡੂੰਘੀਆਂ ਵਿਚਾਰਾਂ ਦੇ ਯੋਗ ਹੁੰਦਾ ਹੈ। ਮਨ ਦੀ ਇਕਾਗਰਤਾ (Concentratiion of mind) ਸਬੰਧੀ ਕਈ ਪੁਸਤਕਾਂ ਲਿਖੀਆਂ ਗਈਆਂ ਹਨ, ਜਿਨ੍ਹਾਂ ਵਿਚ ਮਨ ਨੂੰ ਇਕ ਜਗ੍ਹਾ ਤੇ ਟਿਕਾਉਣ ਦੇ ਅਨੇਕਾਂ ਤਰੀਕੇ ਦੱਸੇ ਹਨ, ਪਰ ਸਿਮਰਨ ਦੇ ਤਰੀਕੇ ਨਾਲ ਮਨ ਨੂੰ ਇਕਾਗਰ ਕਰਨਾ, ਜ਼ਿਆਦਾ ਸੌਖਾ ਤੇ ਜ਼ਿਆਦਾ ਲਾਭਦਾਇਕ ਹੈ।

ਦੂਜਾ - ਇਕਾਗਰ ਹੋਏ ਮਨ ਵਿਚ ਵਾਹਿਗੁਰੂ ਦੇ ਮਿਲਣ ਦੀ ਸ਼ੁਭ ਇੱਛਾ ਪੈਦਾ ਕਰਨੀ। ਪੱਛਮੀ ਤਰੀਕਿਆਂ ਨਾਲ ਇਕਾਗਰ ਹੋਇਆ ਮਨ ਸ਼ਕਤੀਵਾਨ ਹੋ ਕੇ ਮੁੜ ਸੰਸਾਰੀ ਪਦਾਰਥਾਂ ਨੂੰ ਹੀ ਲੋੜਦਾ ਰਹਿੰਦਾ ਹੈ। ਇਸ ਦੇ ਉਲਟ ਸਿਮਰਨ ਦਵਾਰਾ ਇਕਾਗਰ ਹੋਇਆ ਮਨ ਆਪਣੇ ਅਸਲੇ ਨਾਲ ਜੁੜਦਾ ਤੇ ਸੰਸਾਰਕ ਪਦਾਰਥਾਂ ਤੋਂ ਖੁਦ-ਬ-ਖੁਦ ਉਪਰਾਮ ਹੁੰਦਾ ਜਾਂਦਾ ਹੈ।

ਤੀਜਾ - ਵਿਸ਼ੇ ਵਿਕਾਰਾਂ ਨੂੰ ਫਿਕਿਆਂ ਦਰਸਾ ਕੇ ਉਨਹਾਂ ਤੋਂ ਮਨ ਨੂੰ ਉਪਰਾਮ ਕਰਨਾ। ਸਿਮਰਨ ਵਿਚ ਅਭਿਆਸੀ ਨੂੰ ਅਸਚਰਜ ਆਤਮ ਰਸ ਆਉਂਦਾ ਹੈ, ਜਿਸਨੂੰ ਜਿਉਂ-ਜਿਉਂ ਉਹ ਮਾਣਦਾ ਹੈ, ਉਸਦੀ ਵਿਸ਼ੇ ਵਿਕਾਰਾਂ ਵਲੋਂ ਬਿਰਤੀ ਉਪਰਾਮ ਹੁੰਦੀ ਜਾਂਦੀ ਹੈ।

ਚੌਥਾ - ਇਕਾਗਰ ਹੋਇਆ ਮਨ, ਆਪਣੇ ਆਪ ਨੂੰ, ਆਪਣੇ ਅਸਲੇ ਨੂੰ ਵੇਖਣ ਤੇ ਸਮਝਣ ਵਲ ਰੁਖ ਬਦਲਦਾ ਹੈ।

ਪੰਜਵਾਂ - ਇਕਾਗਰ ਹੋਏ ਮਨ ਨੂੰ ਡਿਗਣ ਨਾ ਦੇਣਾ, ਆਪਣੀ ਥਾਂ ਤੇ ਖੜੇ ਰਹਿਣ ਵਿਚ ਸਹਾਇਤਾ ਕਰਨੀ, ਮਨ ਨੂੰ ਅਡੋਲ ਰਹਿਣਾ ਸਿਖਾਉਣਾ।

ਛੇਵਾਂ - ਵਾਹਿਗੁਰੂ ਦੇ ਗੁਣ ਸਾਮ੍ਹਣੇ ਲਿਆ ਕੇ ਮਨ ਵਿਚ ਇਨ੍ਹਾਂ ਗੁਣਾਂ ਦਾ ਹੌਲੀ ਹੌਲੀ ਪ੍ਰਵੇਸ਼ ਕਰਾਣਾ।

ਸਤਵਾਂ - ਮਨ ਨੂੰ ਹਲਕਾ ਤੇ ਸੀਤਲ ਬਣਾ ਦੇਣਾ।

ਅਠਵਾਂ - ਮਨ ਤੋਂ ਹਉਮੈ ਦਾ ਭੁਲੇਖਾ ਦੂਰ ਕਰਨਾ।

ਨੌਵਾਂ - ਮਨ ਨੂੰ ਅਕਾਲ ਪੁਰਖ ਨਾਲ ਇਕ ਮਿਕ ਜਾਂ ਅਭੇਦ ਕਰਨਾ।

ਸਿਮਰਨ ਦੇ ਦੋ ਹਿੱਸੇ ਕੀਤੇ ਜਾ ਸਕਦੇ ਹਨ -

੧. ਗੁਰਬਾਣੀ

੨. ਨਾਮ

ਗੁਰਬਾਣੀ

ਗੁਰਬਾਣੀ ਤੇ ਨਾਮ ਦਾ ਫਰਕ - ਗੁਰਬਾਣੀ ਵਿਚ ਨਿਤਨੇਮ ਦੀਆਂ ਜਾਂ ਹੋਰ ਬਾਣੀਆਂ ਪੜ੍ਹਨਾ, ਕਿਸੇ ਖਾਸ ਸ਼ਬਦ ਨੂੰ ਮੁੜ-ਮੁੜ ਕੇ ਪੜ੍ਹਨਾ ਜਾਂ ਦੁਹਰਾਣਾ, ਕੀਰਤਨ ਕਰਨਾ, ਸੁਣਨਾ ਸ਼ਾਮਲ ਹਨ। ਗੁਰਬਾਣੀ ਵਿਚ ਮਨ ਲਗਾਏ ਬਿਨਾਂ ਨਾਮ ਕਦੀ ਸਫਲਤਾ ਨਾਲ ਜਪਿਆ ਨਹੀਂ ਜਾ ਸਕਦਾ। ਮਾਮੂਲੀ ਆਦਮੀ ਦਾ ਮਨ ਖਿੰਡਿਆ ਹੋਇਆ ਅਤੇ ਫੁਰਨਿਆਂ ਦਾ ਰੂਪ ਹੁੰਦਾ ਹੈ। ਉਸ ਦਾ ਮਨ ਆਪਣੇ ਖਿਆਲਾਂ ਵਿਚ ਇਤਨਾ ਲੀਨ ਹੁੰਦਾ ਹੈ ਕਿ ਮਨ ਅਤੇ ਖਿਆਲਾਂ ਵਿਚ ਤਮੀਜ਼ ਹੀ ਨਹੀਂ ਕਰ ਸਕਦਾ। ਗੁਰਬਾਣੀ ਪੜ੍ਹਨ ਨਾਲ ਖਿਆਲਾਂ ਦੀ ਤਬਦੀਲੀ ਸ਼ੁਰੂ ਹੁੰਦੀ ਹੈ। ਖਿਆਲ ਦਰੁਸਤ ਤੇ ਨਿਰਮਲ ਹੋਣੇ ਸ਼ੁਰੂ ਹੁੰਦੇ ਹਨ। ਗੁਰਮਤਿ ਦੀ ਸਮਝ ਦਿਮਾਗ ਵਿਚ ਬੈਠਦੀ ਹੈ। ਨਾਮ ਦੀ ਮਹਿਮਾ ਸੁਣ ਕੇ ਨਾਮ ਜਪਣ ਵਾਸਤੇ ਇਛਿਆ ਪੈਦਾ ਹੁੰਦੀ ਹੈ। ਗੁਰਬਾਣੀ ਮਨ ਦੀਆਂ ਉਤਲੀਆਂ ਤੈਹਾਂ ਧੋ ਦਿੰਦੀ ਹੈ ਅਤੇ ਨਾਮ ਨਾਲ ਅੰਦਰਲੀ ਸੂਖਸ਼ਮ ਮੈਲ ਨੂੰ ਧੋਣ ਦੇ ਯੋਗ ਬਣਾ ਦਿੰਦੀ ਹੈ। ਖਿੰਡਿਆ ਹੋਇਆ ਮਨ ਕਿਸੇ ਵੇਲੇ ਇਕਾਗਰ ਹੋ ਜਾਂਦਾ ਹੈ ਅਤੇ ਅਰਸ਼ੀ ਝਲਕਾਰੇ ਪੈਂਦੇ ਹਨ। ਇਸ ਇਕਾਗਰਤਾ ਵਿਚੋਂ ਨਿਕਲੇ ਰਸ ਦਾ ਅਨੰਦ ਆਉਣਾ ਸ਼ੁਰੂ ਹੋ ਜਾਂਦਾ ਹੈ। ਇਕ ਮਹਾਤਮਾ ਗੁਰਬਾਣੀ ਨੂੰ ਰੱਬ ਦੀ ਧੀ ਤੇ ਨਾਮ ਨੂੰ ਰੱਬ ਦਾ ਪੁੱਤਰ ਆਖਿਆ ਕਰਦੇ ਸਨ। ਗੁਰਬਾਣੀ ਰੱਬ ਦੇ ਨਜ਼ਦੀਕ ਲੈ ਜਾਂਦੀ ਹੈ ਤੇ ਨਾਮ ਰੱਬ ਨਾਲ ਮਿਲਾ ਦਿੰਦਾ ਹੈ।

ਨਿਤਨੇਮ ਕਰਨਾ, ਗੁਰਦਵਾਰੇ ਜਾ ਕੇ ਕੀਰਤਨ ਸੁਣਨਾ, ਗੁਰਬਾਣੀ ਪੜ੍ਹਨਾ, ਗੁਰਸਿਖਾਂ ਵਾਸਤੇ ਬੜਾ ਜ਼ਰੂਰੀ ਤੇ ਲਾਭਦਾਇਕ ਤਰੀਕਾ ਹੈ, ਪਰ ਜਿਨ੍ਹਾਂ ਨੂੰ ਗੁਰੂ ਘਰ ਦੀ ਵਧੇਰੇ ਖੋਜ ਦੀ ਰੀਝ ਹੋਵੇ, ਉਨ੍ਹਾਂ ਨੂੰ ਨਾਮ ਦਾ ਅਭਿਆਸ ਕਰਨਾ ਚਾਹੀਦਾ ਹੈ। ਗੁਰਬਾਣੀ ਵਾਹਿਗੁਰੂ ਦੇ ਦੇਸ ਦੇ ਝਲਕੇ ਦਿਖਾ ਦਿੰਦੀ ਹੈ, ਉਸ ਦੇਸ ਦੀ ਠੰਡੀ ਸ਼ਾਂਤ ਭਰੀ ਸੁੰਦਰਤਾ ਦੀ ਝਾਤ ਪਵਾ ਦਿੰਦੀ ਹੈ, ਪਰ ਉਸ ਦੇਸ ਦਾ ਵਾਸੀ ਨਾਮ ਹੀ ਬਣਾ ਸਕਦਾ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਦੇ ਦੇਸ ਵਿਚ ਰਹਿਣ ਦਾ ਸ਼ੌਕ ਹੋਵੇ ਉਨ੍ਹਾਂ ਵਾਸਤੇ ਨਾਮ ਦੀ ਸ਼ਰਨ ਲੈਣੀ ਜ਼ਰੂਰੀ ਹੈ। ਇਨਸਾਨ ਨੂੰ ਜਿਵੇਂ ਜ਼ਮੀਨ ਦੇ ਸਫਰ ਵਾਸਤੇ ਰੇਲ ਜਾਂ ਮੋਟਰ ਦੀ ਲੋੜ ਹੈ ਅਤੇ ਆਸਮਾਨ ਦੇ ਸਫਰ ਵਾਸਤੇ ਹਵਾਈ ਜਹਾਜ਼ ਦੀ, ਉਸੇ ਤਰ੍ਹਾਂ ਦੁਨੀਆਦਾਰੀ ਜਾਂ ਅਸਥੂਲ ਮੰਡਲਾਂ ਵਿਚ ਰਹਿਣ ਵਾਸਤੇ ਆਦਮੀ ਨੂੰ ਗੁਰਬਾਣੀ ਦੀ ਲੋੜ ਹੈ ਅਤੇ ਅਰਸ਼ਾਂ ਤੇ ਉਡਾਰੀ ਲਾਉਣ ਵਾਸਤੇ ਜਾਂ ਸੂਖਸ਼ਮ ਮੰਡਲਾਂ ਵਿਚ ਵਿਚਰਨ ਵਾਸਤੇ ਨਾਮ ਦੀ ਲੋੜ ਹੈ। ਦੁਨੀਆਂ ਦੇ

ਕਾਰਾਂ ਵਿਹਾਰਾਂ ਵਿਚ ਗੁਰਬਾਣੀ ਤੋਂ ਬਗੈਰ ਆਤਮਾ ਦਾ ਨਿਰਮਲ ਰਹਿਣਾ ਅਸੰਭਵ ਹੈ, ਪਰ ਜਦ ਆਤਮਾ ਸੂਖਸ਼ਮ ਅਵਸਥਾ ਜਾਂ ਵਾਹਿਗੁਰੂ ਵਲ ਉਡਾਰੀ ਲਾਣੀ ਚਾਹੇ, ਤਦ ਉਸਨੂੰ ਨਾਮ ਰੂਪੀ ਪਰਾਂ ਦੀ ਲੋੜ ਹੈ। ਇਸ ਵਾਸਤੇ ਪਹਿਲੇ ਪਹਿਲ ਗੁਰਬਾਣੀ ਨਾਲ ਪਿਆਰ ਪੈਦਾ ਕਰਨਾ ਜ਼ਰੂਰੀ ਹੈ ਅਤੇ ਹੌਲੀ-ਹੌਲੀ ਨਾਮ ਨਾਲ ਪਰਚਾ ਪਾਂਦੇ ਜਾਣਾ ਚਾਹੀਦਾ ਹੈ। ਬੜੇ ਬੜੇ ਕਈ ਮਹਾਤਮਾ ਨਾਮ ਦੀਆਂ ਉਚੀਆਂ ਮੰਜ਼ਲਾਂ ਵਿਚ ਪਹੁੰਚ ਕੇ ਵੀ ਗੁਰਬਾਣੀ ਦਾ ਪਾਠ ਨਹੀਂ ਛਡਦੇ।

ਮੈਂ ਗੁਰਬਾਣੀ ਦੇ ਪਾਠ ਅਤੇ ਨਾਮ ਦੇ ਜਾਪ ਸਬੰਧੀ ਇਹ ਫਾਰਮੂਲਾ ਵਰਤਦਾ ਰਿਹਾ ਹਾਂ। ਜਦ ਮਨ ਨੀਵੀਆਂ ਦਸ਼ਾਵਾਂ ਵਿਚ ਆ ਜਾਵੇ, ਜਾਂ ਉਚਾਟ ਹੋ ਜਾਵੇ, ਤਦ ਗੁਰਬਾਣੀ ਪੜ੍ਹਨੀ ਅਤੇ ਮਨ ਨੂੰ ਉਤਲੀਆਂ ਨਾਮ ਦੀਆਂ ਦਸ਼ਾਵਾਂ ਵਿਚ ਲੈ ਜਾਣ ਦੀ ਕੋਸ਼ਿਸ਼ ਕਰਨੀ, ਜਦ ਮਨ ਉਤਲੀਆਂ ਦਸ਼ਾਵਾਂ ਵਿਚ ਟਿਕ ਜਾਵੇ, ਉਸਨੂੰ ਉਥੇ ਟਿਕੇ ਰਹਿਣ ਦੇਣਾ। ਜਦ ਫੇਰ ਡਿੱਗੇ, ਗੁਰਬਾਣੀ ਪੜ੍ਹਨੀ ਤੇ ਉਤਾਂਹ ਜਾਵਣ ਦੀ ਕੋਸ਼ਿਸ਼ ਕਰਨੀ। ਮੈਂ ਇਸ ਤਰੀਕੇ ਤੋਂ ਬੜਾ ਲਾਭ ਉਠਾਇਆ ਹੈ, ਪਰ ਹਰ ਇਕ ਆਦਮੀ ਨੂੰ ਆਪਣੇ ਸੁਭਾਵ ਤੇ ਸਹੂਲੀਅਤ ਦੇ ਮੁਤਾਬਕ ਗੁਰਬਾਣੀ ਤੇ ਨਾਮ ਦੇ ਅਭਿਆਸ ਨੂੰ ਵਧਾ ਘਟਾ ਲੈਣਾ ਚਾਹੀਦਾ ਹੈ।

ਗੁਰਬਾਣੀ ਪੜ੍ਹਨ ਦਾ ਅਭਿਆਸ – ਪਹਿਲੇ ਪਹਿਲ ਗੁਰਬਾਣੀ ਉਚੀ-ਉਚੀ ਪੜ੍ਹਨੀ ਚਾਹੀਦੀ ਹੈ। ਇਸ ਦੇ ਬਗੈਰ ਮਨ ਨਹੀਂ ਟਿਕਦਾ ਅਤੇ ਜਿਉਂ-ਜਿਉਂ ਮਨ ਟਿਕਣਾ ਸ਼ੁਰੂ ਹੋਵੇ ਨੀਵੀਂ ਸੁਰ ਅਤੇ ਓੜਕ ਨੂੰ ਮੂੰਹ ਵਿਚ ਗੁਰਬਾਣੀ ਪੜ੍ਹਨ ਦਾ ਅਭਿਆਸ ਵਧਦਾ ਜਾਣਾ ਚਾਹੀਦਾ ਹੈ। ਇਹ ਗੱਲ ਮੈਨੂੰ ਇਕ ਪੂਰਨ ਮਹਾਤਮਾ ਨੇ ਕਹੀ ਸੀ। ਉਹ ਕਹਿਣ ਲੱਗੇ, ਸਾਨੂੰ ਇਹ ਆਦਤ ਪੈ ਗਈ ਹੈ ਕਿ ਗੁਰਬਾਣੀ ਮੂੰਹ ਵਿਚ ਨਹੀਂ ਪੜ੍ਹ ਸਕਦੇ, ਇਸ ਵਾਸਤੇ ਅਸੀਂ ਸਭ ਨੂੰ ਪਹਿਲੋਂ ਹੀ ਇਹ ਗੱਲ ਆਖ ਦਿੰਦੇ ਹਾਂ। ਹੌਲੀ ਹੌਲੀ ਅਤੇ ਓੜਕ ਨੂੰ ਮੂੰਹ ਵਿਚ ਗੁਰਬਾਣੀ ਪੜ੍ਹਨੀ ਨਾਮ ਜਪਣ ਦੀ ਬੜੀ ਹੱਛੀ ਤਿਆਰੀ ਹੈ।

ਨਿਤਨੇਮ ਦੇ ਪਾਠ ਸਭ ਆਦਮੀਆਂ ਨੂੰ ਜ਼ਰੂਰ ਕਰਨੇ ਚਾਹੀਦੇ ਹਨ ਪਰ ਜਿਨ੍ਹਾਂ ਨੂੰ ਖੋਜ ਦਾ ਸ਼ੌਕ ਹੋਵੇ, ਉਨ੍ਹਾਂ ਲਈ ਇਨ੍ਹਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੌਲੀ-ਹੌਲੀ ਸਮਝ ਸਮਝ ਕੇ ਪਾਠ ਕਰਨਾ ਜ਼ਰੂਰੀ ਹੈ। ਗੁਰੂ ਸਾਹਿਬਾਨ ਦਾ ਅਸਲ ਆਸ਼ਾ, ਦੋ ਤਿੰਨ ਇਸ ਤਰ੍ਹਾਂ ਨਾਲ ਕੀਤੇ ਪਾਠਾਂ ਤੋਂ ਬਿਨਾਂ ਚੰਗੀ ਤਰ੍ਹਾਂ ਸਮਝ ਨਹੀਂ ਆਉਂਦਾ। ਮੈਂ ਪਾਠ ਕਰਨ ਲੱਗਿਆਂ ਆਮ ਤੌਰ ਤੇ ਆਪਣੇ ਪਾਸ ਨੋਟ ਬੁੱਕ ਰਖਦਾ ਹੁੰਦਾ ਸਾਂ ਅਤੇ ਇਸ ਵਿਚ ਆਪਣੀ ਅਵਸਥਾ ਅਨੁਸਾਰ ਜੋ ਜੋ ਇਸ਼ਾਰੇ ਮਿਲਦੇ ਨੋਟ ਕਰ ਲੈਂਦਾ ਸਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰ ਇਕ ਕਿਸਮ ਦੀ ਅਵਸਥਾ ਦੇ ਇਨਸਾਨਾਂ ਵਾਸਤੇ ਰਹਿਬਰੀ ਤੇ ਰੌਸ਼ਨੀ ਮੌਜੂਦ ਹੈ ਅਤੇ ਜਤਨ ਕੀਤਿਆਂ ਹਰ ਕੋਈ ਆਪਣੀ ਆਪਣੀ ਅਵਸਥਾ ਸਬੰਧੀ ਠੀਕ ਹਿਦਾਇਤਾਂ ਮਾਲੂਮ ਕਰ ਸਕਦਾ ਹੈ। ਇਸ ਤਰੀਕੇ ਨਾਲ ਪਾਠ ਕੀਤਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸਚਮੁਚ ਇਕ ਸੱਚੇ ਗੁਰੂ ਵਾਂਗ ਕਦਮ ਕਦਮ ਤੇ ਮਦਦ ਮਿਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਤੱਖ ਗੁਰੂ ਦਾ ਰੂਪ ਸਮਝ ਕੇ ਸ਼ਰਧਾ ਨਾਲ ਇਸ ਦੇ ਪਾਠ ਤੋਂ ਮੇਰੇ ਸ਼ੰਕਿਆਂ ਤੇ ਸਵਾਲਾਂ ਦੇ ਜਵਾਬ ਮੈਨੂੰ ਖੁਦ-ਬ-ਖੁਦ ਮਿਲਦੇ ਰਹੇ ਹਨ ਜਿਨ੍ਹਾਂ ਤੋਂ ਮੇਰੀ ਪੂਰਨ ਤਸੱਲੀ ਹੋ ਜਾਂਦੀ ਸੀ। ਪਹਿਲੇ ਪਹਿਲ ਹੈਰਾਨੀ ਵੀ ਆਉਂਦੀ ਸੀ ਕਿ ਮੇਰੀ ਆਤਮਾ ਅਤੇ ਗੁਰਬਾਣੀ ਦਾ ਐਡਾ ਕੀ ਸਬੰਧ ਹੈ, ਜੋ ਮੇਰੇ ਮਨ ਦੀ ਦਸ਼ਾ ਦੇ ਮੁਤਾਬਿਕ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਆਵਾਜ਼ਾਂ ਨਿਕਲਦੀਆਂ ਹਨ? ਪਰ ਹੁਣ ਇਹ ਗੱਲ ਸਾਧਾਰਨ ਤੇ ਦਲੀਲ ਦੀ ਭਰੀ ਹੋਈ ਮਾਲੂਮ ਹੁੰਦੀ ਹੈ। ਇਹ ਸੂਖਸ਼ਮ ਭੇਦ ਭਜਨ ਵਿਚ ਖੁਲ੍ਹਦੇ ਹਨ।

ਕਿਸੇ ਖਾਸ ਸ਼ਬਦ ਦੇ ਸਿਮਰਨ ਜਾਂ ਮੁੜ ਮੁੜ ਕਰਨ ਨਾਲ ਉਸ ਸ਼ਬਦ ਦੇ ਭਾਵ ਮਨ ਵਿਚ ਬੈਠ ਜਾਂਦੇ ਹਨ, ਮਨ ਉਨ੍ਹਾਂ ਭਾਵਾਂ ਦਾ ਰੂਪ ਬਣ ਜਾਂਦਾ ਹੈ ਅਤੇ ਜਿਸ ਭਾਵ ਦਾ ਮਨ ਪੂਰਨ ਰੂਪ ਬਣ ਜਾਵੇ, ਉਹ ਭਾਵ ਸਮਾਂ ਪਾ ਕੇ ਪ੍ਰਤੱਖ ਜ਼ਹੂਰ ਵਿਚ ਆ ਜਾਂਦਾ ਹੈ। ਤਕਲੀਫਾਂ ਮੁਸੀਬਤਾਂ ਦੇ ਸਮੇਂ ਹੇਠ ਲਿਖੇ ਸ਼ਬਦ ਦਾ ਪਾਠ ਕਰਕੇ, ਮੈਂ ਨਾ ਕੇਵਲ ਉਸ ਵੇਲੇ ਦੀ ਤਸੱਲੀ ਬਲਕਿ ਉਨ੍ਹਾਂ ਤਕਲੀਫਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਹਾਸਲ ਕਰਦਾ ਰਿਹਾ ਹਾਂ –

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥ ੧ ॥
ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥
ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥ ੧ ॥ ਰਹਾਉ ॥
ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥
ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥ ਅੰਗ – ੮੧੯

ਨਾਮ ਸਬੰਧੀ ਔਕੜ – ਨਾਮ ਸਬੰਧੀ ਪੜ੍ਹੇ ਲਿਖੇ ਸੱਜਣਾਂ ਨੂੰ ਬੜਾ ਭੁਲੇਖਾ ਹੈ। ਉਨ੍ਹਾਂ ਨੂੰ ਨਾਮ ਦੇ ਮਸਲੇ ਦੀ ਤਹਿ ਵਿਚ ਜੋ ਵਿਗਿਆਨਕ ਸੱਚਾਈ ਹੈ, ਉਸ ਦੀ ਸਮਝ ਨਹੀਂ ਆਉਂਦੀ। ਉਹ ਹੈਨ ਵੀ ਸੱਚੇ, ਕਿਉਂਕਿ ਨਾਮ ਦੇ ਅਭਿਆਸ ਬਿਨਾਂ ਨਾਮ ਦੀ ਉਚਤਾ ਚੰਗੀ ਤਰ੍ਹਾਂ ਸਮਝ ਵਿਚ ਆਉਣੀ ਅਸੰਭਵ ਹੈ। ਕਿਸੇ ਨਵੀਂ ਚੀਜ਼ ਨੂੰ ਖਾਣ ਦੇ ਬਿਨਾਂ ਉਸ ਦੇ ਸਵਾਦ ਦਾ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਇਸੇ ਤਰ੍ਹਾਂ ਨਾਮ ਦੀ ਫਿਲਾਸਫੀ ਨੂੰ ਪੂਰਾ ਸਮਝਣ ਵਾਸਤੇ ਸਿਵਾਏ ਨਾਮ ਦੇ ਅਭਿਆਸ ਦੇ ਹੋਰ ਕੋਈ ਅੱਛਾ ਤਰੀਕਾ ਨਹੀਂ। ਨਾਮ ਸਬੰਧੀ ਇਕ ਹੋਰ ਔਕੜ ਹੈ, ਉਹ ਇਹ ਕਿ ਨਾਮ ਦੀਆਂ ਸ਼ੁਰੂ-ਸ਼ੁਰੂ ਦੀਆਂ ਅਵਸਥਾਵਾਂ ਬੜੀਆਂ ਕਠਨ ਤੇ ਘਬਰਾਣ ਵਾਲੀਆਂ ਹਨ। ਇਹ ਵੀ ਇਕ ਸਬੱਬ ਹੈ ਜਿਸ ਕਰਕੇ ਨਾਮ ਵਲ ਘਟ ਆਦਮੀਆਂ ਦੀ ਰੁਚੀ ਲਗਦੀ ਹੈ। ਪਰ ਹੀਰੇ ਪਹਾੜਾਂ ਦੀਆਂ ਚਟਾਨਾਂ ਵਿਚ ਤੇ ਮੋਤੀ ਸਮੁੰਦਰਾਂ ਦੀਆਂ ਤਹਿਆਂ ਵਿਚ ਲੁਕੇ ਹੁੰਦੇ ਹਨ। ਦੁਰਲਭ ਤੇ ਕੀਮਤੀ ਚੀਜ਼ਾਂ ਨੂੰ ਹਾਸਲ ਕਰਨ ਵਾਸਤੇ ਹਮੇਸ਼ਾਂ ਸਖਤ ਢੂੰਡ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਨਾਮ ਵਰਗੀ ਦੁਰਲਭ ਚੀਜ਼ ਵੀ ਬਗੈਰ ਕੋਸ਼ਿਸ਼ ਤੇ ਅਣਥੱਕ ਮਿਹਨਤ ਦੇ ਪ੍ਰਾਪਤ ਨਹੀਂ ਹੋ ਸਕਦੀ। ਮੈਂ ਇਸ ਮਸਲੇ ਨੂੰ ਹੇਠਾਂ ਸਮਝਾਣ ਦੀ ਕੋਸ਼ਿਸ਼ ਕੀਤੀ ਹੈ, ਸ਼ਾਇਦ ਕਿਸੇ ਨੂੰ ਫਾਇਦਾ ਪੁੱਜ ਸਕੇ।

ਨਾਮ ਦੀ ਫਿਲਾਸਫੀ – ਜਿਸ ਚੀਜ਼ ਦਾ ਨਾਮ ਲਈਏ, ਉਸ ਦੀ ਸ਼ਕਲ ਗੁਣ ਤੇ ਸੁਭਾਉ, ਚੀਜ਼ ਨਾਲ ਸਬੰਧ ਰਖਣ ਵਾਲੇ ਸਾਰੇ ਖਿਆਲ ਅੱਖਾਂ ਅੱਗੇ ਆ ਜਾਂਦੇ ਹਨ। ਕਿਸੇ ਮਿੱਤਰ ਦਾ ਨਾਮ ਲੈ ਕੇ ਵੇਖੋ ਉਸ ਦੀ ਸੂਰਤ ਸੁਭਾਵ ਅਤੇ ਉਸ ਸਬੰਧੀ ਸਾਰੀਆਂ ਯਾਦਾਂ ਦਿਮਾਗ ਦੇ ਸਾਮ੍ਹਣੇ ਆ ਖਲੋਂਦੀਆਂ ਹਨ। ਰੱਬ ਦਾ ਨਾਮ ਲੀਤਿਆਂ ਉਸ ਦੀ ਜੋ ਵੀ ਸ਼ਕਲ ਜਾਂ ਗੁਣ ਸਾਨੂੰ ਮਾਲੂਮ ਹੋਣ, ਉਹ ਅੱਖਾਂ ਅੱਗੇ ਆ ਜਾਂਦੇ ਹਨ। ਗੁਰਬਾਣੀ ਪੜ੍ਹਨ ਨਾਲ ਕੋਈ ਨਾ ਕੋਈ ਰੱਬ ਦਾ ਸਰੂਪ ਸਾਡੇ ਅੰਤਹਕਰਨ ਵਿਚ

ਜ਼ਰੂਰ ਮੌਜੂਦ ਹੁੰਦਾ ਹੈ। ਨਾਮ ਲੈਣ ਨਾਲ ਉਹ ਸਰੂਪ ਵਧੇਰੇ ਸਾਫ ਤੌਰ ਤੇ ਅੱਖਾਂ ਅੱਗੇ ਆਉਣਾ ਸ਼ੁਰੂ ਹੋ ਜਾਂਦਾ ਹੈ। ਜੇ ਰੱਬ ਦਾ ਕੋਈ ਵੀ ਸਰੂਪ, ਅੰਤਹਕਰਨ ਵਿਚ ਹੋਵੇ, ਤਾਂ ਨਾਮ ਲੈਣ ਨਾਲ ਉਸ ਦੇ ਗੁਣ, ਮਨ ਸਾਮ੍ਹਣੇ ਆਉਣ ਲਗ ਜਾਂਦੇ ਹਨ ਅਤੇ ਮਨ ਉਨ੍ਹਾਂ ਗੁਣਾਂ ਨੂੰ ਆਪਣੇ ਆਪ ਵਿਚ ਖੁਦ-ਬ-ਖੁਦ ਪਰਵੇਸ਼ ਹੁੰਦਾ ਮਹਿਸੂਸ ਕਰਦਾ ਹੈ। ਮਨ ਵਿਚ ਇਹ ਇਕ ਅਜੀਬ ਤਾਕਤ ਹੈ ਕਿ ਜਿਸ ਚੀਜ਼ ਨੂੰ ਚੰਗਾ ਸਮਝੇ ਅਤੇ ਚਾਹੇ ਕਿ ਉਹ ਚੀਜ਼ ਬਣ ਜਾਵੇ, ਹੌਲੀ-ਹੌਲੀ ਉਹ ਚੀਜ਼ ਬਣਨਾ ਸ਼ੁਰੂ ਹੋ ਜਾਂਦਾ ਹੈ। ਗੁਰਵਾਕ ਅਨੁਸਾਰ -

ਜੈਸਾ ਸੇਵੈ ਤੈਸੋ ਹੋਇ ॥ ਅੰਗ - ੨੨੩

ਮਨ ਦੀ ਏਸ ਸੁਭਾਵਕ ਸ਼ਕਤੀ ਉਤੇ ਹੀ ਨਾਮ ਸਿਮਰਨ ਦੀ ਬੁਨਿਆਦ ਰੱਖੀ ਗਈ ਹੈ। ਤੁਸੀਂ ਸਖਤ ਗਰਮੀਆਂ ਵਿਚ ਕਿਸੇ ਬਰਫਾਨੀ ਪਹਾੜ ਦੀ ਸਰਦੀ ਤੇ ਬਰਫ ਦਾ ਬਿਆਨ ਕਰਨਾ ਸ਼ੁਰੂ ਕਰ ਦੇਵੋ, ਇਸ ਖਿਆਲ ਨੂੰ ਪੱਕਿਆਂ ਕਰਦੇ ਜਾਵੋ ਅਤੇ ਮੁੜ-ਮੁੜ ਅੱਖਾਂ ਅੱਗੇ ਬਰਫ ਪੈਂਦੀ ਠੰਡੀ ਹਵਾ ਦੇ ਫਰਾਟੇ ਵਜਦੇ ਤੇ ਲੋਕੀ ਕੰਬਦੇ ਲਿਆਵੋ, ਤੁਸੀਂ ਅਵਲ ਤੇ ਅੰਤ ਮਹਿਸੂਸ ਕਰਨ ਲਗ ਜਾਵੋਗੇ, ਨਹੀਂ ਤੇ ਗਰਮੀ ਜ਼ਰੂਰ ਘਟ ਹੋ ਜਾਵੇਗੀ।

ਨਾਮ ਤੇ ਨਾਮੀ - ਨਾਮ ਜਪਣ ਨਾਲ ਆਦਮੀ ਨਾਮੀ ਦਾ ਰੂਪ ਬਣਨਾ ਸ਼ੁਰੂ ਹੋ ਜਾਂਦਾ ਹੈ, ਨਾਮੀ ਦੇ ਗੁਣ ਉਸ ਵਿਚ ਪ੍ਰਵੇਸ਼ ਹੋਣੇ ਸ਼ੁਰੂ ਹੋ ਜਾਂਦੇ ਹਨ। ਇਕ ਮਹਾਤਮਾ ਪਾਸ ਇਕ ਸ਼ਖਸ ਨੇ ਰੱਬ ਨੂੰ ਮਿਲਣ ਦੀ ਬੜੀ ਇਛਿਆ ਪ੍ਰਗਟ ਕੀਤੀ। ਉਨ੍ਹਾਂ ਕਿਹਾ - ਰੱਬ ਦਾ ਨਾਮ ਜਪਿਆ ਕਰ। ਆਖਣ ਲੱਗਾ - ਨਾਮ ਜਪਣ ਵੇਲੇ ਮੇਰੇ ਖਿਆਲ ਖਿੰਡਦੇ ਰਹਿੰਦੇ ਹਨ, ਟਿਕਦੇ ਨਹੀਂ। ਮਹਾਤਮਾ ਪੁੱਛਣ ਲੱਗੇ - ਤੈਨੂੰ ਕਿਹੜੀ ਚੀਜ਼ ਬਹੁਤੀ ਪਿਆਰੀ ਲਗਦੀ ਹੈ? ਉਸ ਸਖਸ਼ ਨੇ ਉਤਰ ਦਿਤਾ - ਮੈਨੂੰ ਆਪਣੀ ਮਹਿੰ (ਮੱਝ) ਬੜੀ ਪਿਆਰੀ ਲਗਦੀ ਹੈ। ਮਹਾਤਮਾ ਨੇ ਆਖਿਆ - ਤੂੰ ਆਪਣੀ ਮਹਿੰ ਨੂੰ ਇਕਾਂਤ ਵਿਚ ਬੈਠ ਕੇ ਯਾਦ ਕੀਤਾ ਕਰ। ਉਸਨੇ ਦਰਵਾਜ਼ੇ ਬੰਦ ਕਰ ਕੇ ਮਹਿੰ ਨੂੰ ਯਾਦ ਕਰਨਾ ਸ਼ੁਰੂ ਕਰ ਦਿਤਾ। ਕੁਝ ਚਿਰ ਮਗਰੋਂ ਉਸ ਦੀ ਇਸਤ੍ਰੀ ਨੇ ਮਹਾਤਮਾ ਪਾਸ ਆ ਕੇ ਸ਼ਿਕਾਇਤ ਕੀਤੀ ਕਿ ਉਸ ਦਾ ਪਤੀ ਕਈ ਦਿਨਾਂ ਤੋਂ ਆਪਣੇ ਕਮਰੇ ਅੰਦਰੋਂ ਬਾਹਰ ਨਹੀਂ ਨਿਕਲਦਾ। ਮਹਾਤਮਾ ਨੇ ਜਾ ਕੇ ਉਸ ਨੂੰ ਕਮਰੇ ਤੋਂ ਬਾਹਰ ਆਉਣ ਲਈ ਆਖਿਆ। ਉਹ ਉਤਰ ਦੇਣ ਲੱਗਾ - ਮਹਾਰਾਜ! ਮੈਂ ਕਿਸ ਤਰ੍ਹਾਂ ਬਾਹਰ ਆਵਾਂ? ਮੈਂ ਤਾਂ ਮਹਿੰ ਬਣ ਗਿਆ ਹਾਂ, ਮੇਰੇ ਬੜੇ ਬੜੇ ਸਿੰਗ ਹਨ, ਉਹ ਦਰਵਾਜ਼ੇ ਵਿਚ ਦੀ ਕਿਸ ਤਰ੍ਹਾਂ ਲੰਘ ਸਕਦੇ ਹਨ? ਮਹਾਤਮਾ ਨੇ ਕਿਹਾ - ਤੂੰ ਸੱਚ ਕਹਿੰਦਾ ਹੈਂ, ਹੁਣ ਤੂੰ ਮਹਿੰ ਦੀ ਯਾਦ ਛੱਡ ਦੇ, ਆਪਣੇ ਅਸਲ ਸਰੂਪ ਦਾ ਧਿਆਨ ਕਰ, ਐਸਾ ਕਰਨ ਨਾਲ ਤੂੰ ਫੇਰ ਆਪਣੇ ਆਪ ਨੂੰ ਆਦਮੀ ਮਹਿਸੂਸ ਕਰਨ ਲੱਗ ਜਾਵੇਂਗਾ। ਕੁਝ ਦਿਨਾਂ ਮਗਰੋਂ ਉਹ ਸ਼ਖਸ ਫੇਰ ਮਹਾਤਮਾ ਪਾਸ ਆਇਆ, ਮਹਾਤਮਾ ਨੇ ਥਾਪੀ ਦਿਤੀ ਅਤੇ ਆਖਿਆ ਕਿ ਮਨ ਦੇ ਟਿਕਾਉ ਵਿਚ ਬੜੀਆਂ ਤਾਕਤਾਂ ਹਨ। ਜਿਸ ਤਰ੍ਹਾਂ ਤੂੰ ਆਦਮੀ ਤੋਂ ਮਹਿੰ ਅਤੇ ਮਹਿੰ ਤੋਂ ਫੇਰ ਆਦਮੀ ਬਣ ਗਿਆ ਹੈਂ, ਉਸੇ ਤਰ੍ਹਾਂ ਜੇ ਤੂੰ ਚਾਹੇਂ ਤਾਂ ਆਦਮੀ ਤੋਂ ਦੇਵਤਾ ਅਤੇ ਦੇਵਤੇ ਤੋਂ ਰੱਬ ਰੂਪ ਹੋ ਸਕਦਾ ਹੈਂ।

ਮਨ ਦੇ ਟਿਕਾਓ ਵਾਸਤੇ ਨਾਮ ਦਾ ਜਪਣਾ ਨਿਹਾਇਤ ਜ਼ਰੂਰੀ ਹੈ। ਨਾਮ ਰੱਬ ਦੇ ਦੇਸ ਜਾਣ ਵਾਲੀ ਰੇਲ ਆਖੋ, ਜਹਾਜ਼ ਆਖੋ, ਪੁਲ ਆਖੋ, ਪੌੜੀ ਆਖੋ, ਕੁੰਜੀ ਆਖੋ, ਸਭ ਸੱਚ ਹੈ। ਬੰਦਗੀ ਨਾਮ ਤੋਂ ਸ਼ੁਰੂ ਹੁੰਦੀ ਹੈ ਅਤੇ ਨਾਮ ਦੇ ਆਸਰੇ ਹੀ ਸੰਪੂਰਨ ਹੁੰਦੀ ਹੈ।

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ॥ ਅੰਗ - ੪੦੧

ਕਰਮ ਧਰਮ ਅਨੇਕ ਕਿਰਿਆ
ਸਭ ਊਪਰਿ ਨਾਮੁ ਅਚਾਰੁ ॥ ਅੰਗ - ੪੦੫

ਨਾਮ ਦੇ ਕਈ ਅਰਥ - ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਨਾਮ' ਨੂੰ ਕਈ ਅਰਥਾਂ ਵਿਚ ਵਰਤਿਆ ਗਿਆ ਹੈ। ਨਾਮ ਤੋਂ ਸਿਮਰਨ ਦੀ ਮੁਰਾਦ ਵੀ ਲਈ ਹੈ ਅਤੇ ਸਿਮਰਨ ਤੋਂ ਪੈਦਾ ਹੋਈਆਂ ਹਾਲਤਾਂ ਵਾਸਤੇ ਵੀ ਨਾਮ ਦਾ ਲਫਜ਼ ਹੀ ਵਰਤਿਆ ਹੈ। ਨਾਮ ਦੇ ਅਰਥ ਸਾਧਨ ਵੀ ਲੀਤੇ ਹਨ ਅਤੇ ਸਿਧੀ ਜਾਂ ਪ੍ਰਾਪਤੀ ਵੀ। ਜਿਸ ਤਰ੍ਹਾਂ ਕਿਸੇ ਆਲੀਸ਼ਾਨ ਮਹੱਲ ਨੂੰ ਵੇਖ ਕੇ ਕਹਿ ਦੇਈਦਾ ਹੈ, ਦੇਖੋ ਰੁਪਏ ਦਾ ਕਿੱਡਾ ਪ੍ਰਤਾਪ ਹੈ ਉਸੇ ਤਰ੍ਹਾਂ ਨਾਮ ਤੋਂ ਪ੍ਰਾਪਤ ਹੋਈਆਂ ਹਾਲਤਾਂ ਵਾਸਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਨਾਮ' ਲਫਜ਼ ਹੀ ਵਰਤਿਆ ਗਿਆ ਹੈ।

ਨਾਮ ਜਪਣ ਵਾਸਤੇ ਜਗ੍ਹਾ - ਭਾਵੇਂ ਨਾਮ ਹਰ ਜਗ੍ਹਾ ਤੇ ਹਰ ਸਮੇਂ ਜਪਿਆ ਜਾ ਸਕਦਾ ਹੈ, ਫਿਰ ਵੀ ਸ਼ੁਰੂ-ਸ਼ੁਰੂ ਵਿਚ ਕੁਝ ਉਚੇਚੇ ਦੀ ਲੋੜ ਹੁੰਦੀ ਹੈ। ਨਾਮ ਕਿਸੇ ਇਕਾਂਤ ਜਗ੍ਹਾ ਵਿਚ ਦੁਨੀਆਂ ਦੇ ਰੌਲੇ ਤੋਂ ਪਰ੍ਹੇ, ਬਿਰਤੀ ਸ਼ਾਂਤ ਕਰਕੇ ਜਪਣਾ ਚਾਹੀਦਾ ਹੈ। ਕੁਦਰਤੀ ਨਜ਼ਾਰਾ, ਪਾਣੀ ਦਾ ਕਿਨਾਰਾ, ਪਹਾੜ ਦਾ ਦਾਮਨ, ਫੁਲਵਾੜੀ ਜਾਂ ਗੁਲਜ਼ਾਰ ਵੇਖ ਕੇ, ਮਨ ਨਾਮ ਜਪਣ ਵਾਲੀ ਹਾਲਤ ਵਿਚ ਖੁਦ-ਬ-ਖੁਦ ਆ ਜਾਂਦਾ ਹੈ। ਐਸੀਆਂ ਜਗ੍ਹਾਂ ਤੇ ਨਾਮ ਜਪਣਾ ਬੜਾ ਲਾਭਦਾਇਕ ਸਾਬਤ ਹੁੰਦਾ ਹੈ। ਜੇ ਐਸਾ ਨਾ ਹੋ ਸਕੇ ਤਾਂ ਆਪਣੇ ਮਕਾਨ ਵਿੱਚ ਇਕ ਕਮਰਾ ਜੋ ਅੰਦਰੋਂ ਬੰਦ ਹੋ ਸਕੇ, ਕੇਵਲ ਭਜਨ ਵਾਸਤੇ ਵੱਖਰਾ ਕਰ ਛੱਡਣਾ ਚਾਹੀਦਾ ਹੈ। ਜਦ ਤਬੀਅਤ ਵਿਚ ਸਿਮਰਨ ਦੀ ਇਛਿਆ ਉਪਜੇ, ਜਾਂ ਇਕ ਖਾਸ ਨੀਅਤ ਵਕਤ ਉਤੇ, ਉਸ ਕਮਰੇ ਵਿੱਚ ਬੈਠ ਕੇ ਸਿਮਰਨ ਕਰਨਾ ਚਾਹੀਦਾ ਹੈ। ਜਦ ਥੋੜ੍ਹਾ ਚਿਰ ਨਾਮ ਜਪਦਿਆਂ ਹੋ ਜਾਵੇ, ਤਾਂ ਤੁਸੀਂ ਮਹਿਸੂਸ ਕਰੋਗੇ ਕਿ ਉਸ ਖਾਸ ਕਮਰੇ ਦੀ ਵਾਯੂ ਹੀ ਵੱਖਰੀ ਤੇ ਦਿਲ ਖਿਚਵੀਂ ਹੈ, ਉਸ ਵਿਚ ਦਾਖਲ ਹੁੰਦਿਆਂ ਸਾਰ ਮਨ ਨੂੰ ਸ਼ਾਂਤੀ ਆ ਜਾਂਦੀ ਹੈ। ਇਸ ਕਮਰੇ ਵਿੱਚ ਸਿਵਾਏ ਪੂਜਾ, ਪਾਠ, ਬੰਦਗੀ, ਸਿਮਰਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਹੋਰ ਕੁਝ ਨਹੀਂ ਹੋਣਾ ਚਾਹੀਦਾ। ਮੈਂ ਆਪਣੇ ਮਕਾਨ ਦੇ ਇਸ ਤਰ੍ਹਾਂ ਨਾਲ ਅਲਹਿਦਾ ਰੱਖੇ ਹੋਏ ਪੂਜਾ ਦੇ ਕਮਰੇ ਵਿੱਚ ਇੱਕ ਐਸੀ ਕਸ਼ਿਸ਼ ਦੇਖਦਾ ਹਾਂ ਕਿ ਇਹ ਕਮਰਾ ਮੈਨੂੰ ਘਰ ਦੇ ਹੋਰ ਸਾਰਿਆਂ ਕਮਰਿਆਂ ਨਾਲੋਂ ਵਧੇਰੇ ਪਵਿੱਤਰ ਤੇ ਪਿਆਰਾ ਲੱਗਦਾ ਹੈ। ਵੱਡੀ ਤੋਂ ਵੱਡੀ ਮੁਸ਼ਕਲ, ਤਬੀਅਤ ਦੀ ਸਖਤ ਤੋਂ ਸਖਤ ਪਰੇਸ਼ਾਨੀ ਇਸ ਕਮਰੇ ਵਿੱਚ ਦਾਖਲ ਹੁੰਦਿਆਂ ਜਾਂ ਕੁਝ ਚਿਰ ਬੈਠਿਆਂ ਗਾਇਬ ਹੋ ਜਾਂਦੀ ਹੈ। ਮੈਂ ਇਸ ਕਮਰੇ ਨੂੰ ਤੀਰਥ ਸਮਝਦਾ ਹਾਂ, ਜਿੱਥੇ ਮੇਰੇ ਮਨ ਦੀ ਰੋਜ਼ਾਨਾ ਮੈਲ ਉਤਰਦੀ ਤੇ ਇਲਾਹੀ ਰੰਗਣ ਚੜ੍ਹਦੀ ਹੈ।

ਪੂਜਾ ਦੇ ਕਮਰੇ ਵਿਚ ਧੂਫ, ਅਗਰਬੱਤੀ ਜਾਂ ਕਿਸੇ ਹੋਰ ਸੁਗੰਧੀ ਦਾ ਧੁਖਾਣਾ ਜਾਂ ਫੁੱਲਾਂ ਦਾ ਰੱਖਣਾ, ਇਤਰ, ਲਵਿੰਡਰ ਜਾਂ ਹੋਰ ਖੁਸ਼ਬੂਦਾਰ ਚੀਜ਼ਾਂ ਦਾ ਮੌਜੂਦ ਹੋਣਾ ਬੜਾ ਲਾਭਦਾਇਕ ਸਾਬਤ ਹੁੰਦਾ ਹੈ। ਇਹ ਚੀਜ਼ਾਂ ਮਨ ਨੂੰ ਸਹਿਜ ਅਵਸਥਾ ਵਿਚ ਲੈ ਜਾਣ

ਵਾਸਤੇ ਸਹਾਇਤਾ ਕਰਦੀਆਂ ਹਨ। ਸਿਮਰਨ ਦਾ ਅਭਿਆਸ ਪੱਕਿਆਂ ਹੋਣ ਮਗਰੋਂ ਜਗ੍ਹਾ ਦੀ ਕੋਈ ਕੈਦ ਨਹੀਂ ਰਹਿੰਦੀ, ਜਦੋਂ ਜੀਅ ਕਰੇ, ਜਿਥੇ ਹੋਵੇ, ਸਿਮਰਨ ਦੀ ਮਸਤੀ ਮਾਣ ਸਕੀਦੀ ਹੈ।

ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥

ਅੰਗ - ੮੨੦

ਨਾਮ ਜਪਣ ਵਾਸਤੇ ਸਮਾਂ - ਨਾਮ ਦੇ ਜਪਣ ਵਾਸਤੇ ਅੰਮ੍ਰਿਤ ਵੇਲਾ ਬੜਾ ਸੁਹਾਵਣਾ ਸਮਾਂ ਗਿਣਿਆਂ ਗਿਆ ਹੈ। ਮੈਨੂੰ ਇੱਕ ਮਹਾਤਮਾ ਨੇ ਅੰਮ੍ਰਿਤ ਵੇਲਾ ਗਰਮੀਆਂ ਵਿਚ ਰਾਤ ਦੇ ਦੋ ਵਜੇ ਤੋਂ ਚਾਰ ਵਜੇ ਤੱਕ ਅਤੇ ਸਰਦੀਆਂ ਵਿੱਚ ਰਾਤ ਦੇ ਤਿੰਨ ਵਜੇ ਤੋਂ ਪੰਜ ਵਜੇ ਤੱਕ ਦੱਸਿਆ ਸੀ ਅਤੇ ਮੈਂ ਪਿਛਲੇ ਪੰਦਰਾਂ ਸੋਲ੍ਹਾਂ ਸਾਲਾਂ ਤੋਂ ਇਸੇ ਸਮੇਂ ਵਿੱਚ ਉਠ ਕੇ ਅਭਿਆਸ ਕਰਦਾ ਰਿਹਾ ਹਾਂ। ਇਸ ਸਮੇਂ ਵਿਚ ਜਾਗਣ ਦਾ ਇਕ ਖਾਸ ਫਾਇਦਾ ਹੈ ਕਿ ਅਭਿਆਸ ਤੋਂ ਮਗਰੋਂ ਦੋ ਘੰਟੇ ਸੌਂ ਜਾਣ ਦਾ ਫਿਰ ਸਮਾਂ ਮਿਲ ਜਾਂਦਾ ਹੈ। ਅਭਿਆਸ ਵਿਚ ਆਦਮੀ ਕਾਫੀ ਥੱਕ ਜਾਂਦਾ ਹੈ, ਜੇਕਰ ਉਸਨੂੰ ਅਭਿਆਸ ਮਗਰੋਂ ਦੋ ਘੰਟੇ ਫਿਰ ਆਰਾਮ ਕਰਨ ਦਾ ਮੌਕਾ ਮਿਲ ਜਾਵੇ ਤਾਂ ਸਾਰੇ ਦਿਨ ਦੇ ਕਾਰ-ਵਿਹਾਰ ਵਾਸਤੇ ਸਰੀਰ ਫਿਰ ਤਿਆਰ ਹੋ ਜਾਂਦਾ ਹੈ। ਦੂਜਾ ਫਾਇਦਾ ਇਹ ਹੈ ਕਿ ਸਾਰੇ ਬ੍ਰਹਿਮੰਡ ਵਿੱਚ ਇਸ ਸਮੇਂ ਪੂਰਨ ਸ਼ਾਂਤੀ ਤੇ ਖਾਮੋਸ਼ੀ ਹੁੰਦੀ ਹੈ ਅਤੇ ਅਨੰਤ ਨਾਲ ਸੁਰਤੀ ਜੁੜੀ ਹੋਈ, ਅਡੋਲ, ਬਗੈਰ ਕਿਸੇ ਰੁਕਾਵਟ ਦੇ ਅੜੀ ਰਹਿੰਦੀ ਹੈ। ਇਸ ਸਮੇਂ ਨੂੰ 'ਬ੍ਰਹਮ ਸਮਾਂ' ਵੀ ਆਖਦੇ ਹਨ। ਇਸ ਸਮੇਂ ਵਾਹਿਗੁਰੂ ਦੇ ਨਿਰਗੁਣ ਸਰੂਪ ਦਾ ਵਧੇਰੇ ਪ੍ਰਭਾਵ ਹੁੰਦਾ ਹੈ। ਪਹਿਲਾਂ ਤਾਂ ਕੋਸ਼ਿਸ਼ ਇਸ ਸਮੇਂ ਜਾਗਣ ਦੀ ਹੀ ਕਰਨੀ ਚਾਹੀਦੀ ਹੈ, ਪਰ ਜੇ ਐਸਾ ਕਰਨਾ ਕਿਸੇ ਕਾਰਨ ਮੁਸ਼ਕਲ ਹੋਵੇ, ਤਾਂ ਫਿਰ ਸਵੇਰ-ਸਾਰ ਤੇ ਸੰਧਿਆ ਦਾ ਸਮਾਂ ਵੀ ਨਾਮ ਜਪਣ ਵਾਸਤੇ ਅੰਮ੍ਰਿਤ ਸਮੇਂ ਤੋਂ ਲਹਿ ਕੇ ਉਤਮ ਸਮੇਂ ਹਨ। ਜਦ ਅਭਿਆਸ ਪੱਕਾ ਹੋ ਜਾਵੇ ਫਿਰ ਕਿਸੇ ਖਾਸ ਸਮੇਂ ਦੀ ਲੋੜ ਨਹੀਂ ਰਹਿੰਦੀ। ਹਰ ਵਕਤ ਬਿਰਤੀ ਵਿੱਚ ਨਾਮ ਸਿਮਰਨ ਹੁੰਦਾ ਰਹਿੰਦਾ ਹੈ, ਬਲਕਿ ਆਖਰੀ ਅਵਸਥਾ ਵਿਚ ਸਿਮਰਨ ਜ਼ਿੰਦਗੀ ਅਤੇ ਜ਼ਿੰਦਗੀ ਸਿਮਰਨ ਹੁੰਦਾ ਹੈ, ਸਿਮਰਨ ਤੋਂ ਟੁੱਟਣਾ 'ਨਾਗ ਨਿਵਾਸਾਂ ਦੇ ਰਹਿਣਾ' ਬਣ ਜਾਂਦਾ ਹੈ।

ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ॥

ਅੰਗ - ੩੧੩

ਨਾਮ ਜਪਣ ਦਾ ਤਰੀਕਾ

ਨਾਮ ਅਭਿਆਸ ਦੇ ਪੱਕ ਜਾਣ ਮਗਰੋਂ, ਭਾਵੇਂ ਨਾਮ ਬੈਠ ਕੇ, ਲੇਟ ਕੇ, ਤੁਰਦਿਆਂ ਫਿਰਦਿਆਂ, ਕੰਮ-ਕਾਜ ਕਰਦਿਆਂ ਵੀ ਜਪ ਸਕੀਦਾ ਹੈ, ਪਰ ਸ਼ੁਰੂ-ਸ਼ੁਰੂ ਵਿੱਚ ਨਾਮ ਹਮੇਸ਼ਾਂ ਬੈਠ ਕੇ ਜਪਣਾ ਚਾਹੀਦਾ ਹੈ। ਇਕਾਂਤ ਵਿਚ ਚੌਂਕੜੀ ਮਾਰ ਕੇ ਐਸੇ ਤਰੀਕੇ ਵਿੱਚ ਬੈਠਣਾ ਚਾਹੀਦਾ ਹੈ ਜਿਸ ਨਾਲ ਗਰਦਨ ਅਤੇ ਪਿੱਠ ਦੀ ਹੱਡੀ ਸਿੱਧੀ ਇਕ ਲਾਈਨ ਵਿਚ ਰਹੇ। ਇਸ ਤਰ੍ਹਾਂ ਨਾਲ ਬੈਠਿਆਂ ਪਹਿਲੇ ਪਹਿਲ ਅਭਿਆਸੀ ਦੇਖਣਗੇ ਕਿ ਜਲਦੀ ਥੱਕ ਜਾਈਦਾ ਹੈ, ਪਰ ਅਭਿਆਸ ਦੇ ਪੱਕਣ ਨਾਲ ਇਸ ਤਰ੍ਹਾਂ ਘੰਟਿਆਂ ਤਕ ਬੈਠੇ ਰਹਿਣਾ ਮੁਸ਼ਕਲ ਪ੍ਰਤੀਤ ਨਹੀਂ ਹੋਵੇਗਾ। ਇਸ ਸਬੰਧ ਵਿਚ ਮੇਰਾ ਤਜਰਬਾ ਹੈ ਕਿ ਰੂਈਂ ਦਾ ਸਰਹਾਣਾ ਐਸੇ ਤਰੀਕੇ ਨਾਲ ਆਪਣੇ ਹੇਠਾਂ ਰੱਖ ਲਈਏ ਕਿ ਚੌਂਕੜੀ ਮਾਰ ਕੇ ਬੈਠਿਆਂ, ਪੈਰ ਤੇ ਗੋਡੇ ਸਰਹਾਣੇ ਤੋਂ ਨੀਵੇਂ ਰਹਿਣ ਅਤੇ ਸਰਹਾਣਾ ਕੇਵਲ ਅਭਿਆਸੀ ਦੇ ਪਿਛਲੇ ਹਿੱਸੇ ਦੇ ਹੇਠਾਂ ਹੀ ਆਵੇ ਤਾਂ ਬਗੈਰ ਥੱਕਣ ਦੇ ਬਹੁਤ ਜ਼ਿਆਦਾ ਦੇਰ ਬੈਠ ਸਕੀਦਾ ਹੈ। ਇਸ ਤਰ੍ਹਾਂ ਅਭਿਆਸੀ ਦਾ ਪਿਛਲਾ ਹਿੱਸਾ ਥੋੜ੍ਹਾ ਉਚਾ ਹੋ ਜਾਂਦਾ ਹੈ, ਜਿਸ ਕਰ ਕੇ ਜ਼ਿਆਦਾ ਦੇਰ ਬੈਠਣ ਵਿਚ ਆਸਾਨੀ ਹੋ ਜਾਂਦੀ ਹੈ। ਇਕ ਅਭਿਆਸੀ ਨੂੰ ਮੈਂ ਪਿਛੋਂ ਉੱਚੀ ਤੇ ਅੱਗੋਂ ਨੀਵੀਂ ਲਕੜੀ ਦੀ ਚੌਂਕੀ ਬਣਵਾ ਕੇ ਅਭਿਆਸ ਕਰਦਿਆਂ ਦੇਖਿਆ ਸੀ ਅਤੇ ਇਹ ਖਿਆਲ ਵੀ ਮੈਨੂੰ ਉਸ ਤੋਂ ਆਇਆ, ਪਰ ਮੈਂ ਚੌਂਕੀ ਬਨਵਾਣ ਦੀ ਬਜਾਏ ਸਰਹਾਣਾ ਰੱਖ ਕੇ ਆਪਣਾ ਪਿਛਲਾ ਹਿੱਸਾ ਉਚਾ ਕਰ ਕੇ ਬੈਠਣ ਨਾਲ ਕਾਫੀ ਸਹੂਲਤ ਮਹਿਸੂਸ ਕਰਦਾ ਰਿਹਾ ਹਾਂ।

ਬੈਠ ਕੇ ਭਜਨ ਕਰਨ ਨਾਲ ਮਨ ਤੇ ਜ਼ਿਆਦਾ ਆਸਾਨੀ ਨਾਲ ਕਾਬੂ ਰਹਿੰਦਾ ਹੈ ਅਤੇ ਇਕਾਗਰਤਾ ਜਲਦੀ ਆਉਣੀ ਤੇ ਦੇਰ ਤਕ ਕਾਇਮ ਰਹਿੰਦੀ ਹੈ। ਨਾਮ ਜਪਣ ਵੇਲੇ ਸਾਵਧਾਨ ਤੇ ਇਕਾਗਰ ਚਿਤ ਰਹਿਣ ਦਾ ਸੁਨਹਿਰੀ ਅਸੂਲ ਯਾਦ ਰਖਣਾ ਚਾਹੀਦਾ ਹੈ। ਇਸ ਲਈ ਜਿਥੋਂ ਤੱਕ ਹੋ ਸਕੇ ਸਿਧਿਆਂ ਬੈਠ ਕੇ, ਬਗੈਰ ਢਾਸਣਿਆਂ ਦੀ ਸਹਾਇਤਾ ਲੀਤੇ, ਸਿਮਰਨ ਕਰਨ ਦੀ ਆਦਤ ਪਾਉਣੀ ਅਖੀਰ ਵਿਚ ਬੜੀ ਲਾਭਦਾਇਕ ਸਾਬਤ ਹੁੰਦੀ ਹੈ।

ਸਿੱਧੇ ਬੈਠਣਾ ਪਹਿਲੇ ਪਹਿਲ ਮੁਸ਼ਕਲ ਮਾਲੂਮ ਹੁੰਦਾ ਹੈ, ਪਰ ਦ੍ਰਿੜ੍ਹਤਾ ਨਾਲ ਉਦਮ ਕਰਦਿਆਂ ਇਸ ਦੀ ਐਸੀ ਆਦਤ ਪੈ ਜਾਂਦੀ ਹੈ ਕਿ ਬੈਠ ਕੇ ਸਿਮਰਨ ਕਰਨ ਵਿਚ ਹੀ ਮਨ ਜ਼ਿਆਦਾ ਆਸਾਨੀ ਤੇ ਖੁਸ਼ੀ ਪ੍ਰਤੀਤ ਕਰਦਾ ਹੈ। ਨਾਮ ਅਭਿਆਸ ਦੀਆਂ ਉਤਲੀਆਂ ਮੰਜ਼ਿਲਾਂ ਵਿਚ ਜਦ ਅਭਿਆਸੀ ਖੇਡਣ ਲਗ ਜਾਵੇ, ਤਾਂ ਉਹ ਖੁਦ-ਬ-ਖੁਦ ਦੇਖੇਗਾ ਕਿ ਜਦ ਉਸ ਦੀ ਸੁਰਤ ਉਚੇ ਆਤਮਕ ਮੰਡਲਾਂ ਤੋਂ ਮੁੜਦੀ ਜਾਂ ਉਖੜਦੀ ਹੈ ਅਤੇ ਉਸਨੂੰ ਦ੍ਰਿਸ਼ਟਮਾਨ ਸੰਸਾਰ ਅਤੇ ਆਪਣੇ ਸਰੀਰ ਦੀ ਮੁੜ ਹੋਸ਼ ਆਉਂਦੀ ਹੈ, ਤਾਂ ਬੈਠਣ ਦੀ ਅਵਸਥਾ ਵਿਚ ਹੋਣ ਨਾਲ ਸਰੀਰ ਉਤੇ ਕਾਬੂ ਛੇਤੀ ਤੋਂ ਛੇਤੀ ਚੰਗੀ ਤਰ੍ਹਾਂ ਪਾ ਸਕੀਦਾ ਹੈ।

ਜਿਹੜੇ ਮਿੱਤਰ ਬੈਠ ਕੇ ਭਜਨ ਕਰਨ ਵਿੱਚ ਕੋਈ ਤਕਲੀਫ ਮਹਿਸੂਸ ਕਰਨ, ਉਨ੍ਹਾਂ ਵਾਸਤੇ ਜਿਸ ਤਰੀਕੇ ਵਿਚ ਭੋਜਨ ਕਰ ਸਕਣ, ਉਹੋ ਜਿਹਾ ਤਰੀਕਾ ਹੀ ਅਖਤਿਆਰ ਕਰਨਾ ਚਾਹੀਦਾ ਹੈ। ਗੁਰਮੁਖ ਦਾ ਨਿਸ਼ਾਨਾ ਭਜਨ ਕਰਨ ਦੀ ਆਦਤ ਪਾਣਾ ਹੈ, ਜਿਵੇਂ ਪੈ ਜਾਵੇ ਉਵੇਂ ਚੰਗੀ ਹੈ, ਪਰ ਭਜਨ ਨੂੰ ਵਿਗਿਆਨਕ ਤਰੀਕੇ ਵਿਚ ਕਰਨ ਲਈ ਬੈਠ ਕੇ ਭਜਨ ਕਰਨਾ ਹੀ ਚੰਗਾ ਹੈ।

ਨਾਮ ਸਿਮਰਨ ਵਿਚ ਬੈਠ ਕੇ, ਸਭ ਤੋਂ ਪਹਿਲੇ ਪੰਜ ਸੱਤ ਵਾਰੀ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਆਖਣਾ ਚਾਹੀਦਾ ਹੈ। ਇਸ ਦੇ ਮਗਰੋਂ 'ਸਰਬੱਤ ਦੇ ਭਲੇ' ਦੀ ਖਿਆਲੀ ਤਰੰਗ ਸਾਰੀ ਸ੍ਰਿਸ਼ਟੀ ਵਲ ਭੇਜਣੀ ਚਾਹੀਦੀ ਹੈ। ਐਸਾ ਕਰਨ ਨਾਲ ਮਨ ਛੇਤੀ ਅਡੋਲਤਾ ਤੇ ਸਹਿਜ ਦੀ ਅਵਸਥਾ ਵਿਚ ਆ ਜਾਂਦਾ ਹੈ। ਮੈਂ ਜਦ ਵੀ ਭਜਨ ਵਿਚ 'ਸਰਬੱਤ ਦੇ ਭਲੇ' ਦੀ ਜਾਂ ਸਰਬੱਤ ਦੇ ਪਿਆਰ ਦੀ ਲਹਿਰ ਸ੍ਰਿਸ਼ਟੀ ਵਲ ਭੇਜਦਾ ਹਾਂ ਤਦ ਇਸ ਲਹਿਰ ਨੂੰ ਫੌਰਨ ਸਭ ਪਾਸਿਆਂ ਤੇ ਛਾ ਜਾਂਦਿਆਂ, ਕਰਤਾਰ ਦੀ ਸਾਰੀ ਰਚਨਾ ਦਾ ਮੂੰਹ ਚੁੰਮਦਿਆਂ, ਖੰਡਾਂ-ਬ੍ਰਹਿਮੰਡਾਂ ਨੂੰ ਛਾਤੀ ਨਾਲ ਲਾਉਂਦਿਆਂ ਅਤੇ ਸਰਬ ਪਾਸਿਆਂ ਤੋਂ ਪਿਆਰ ਤੇ ਸ਼ੁਭ ਇਛਿਆ ਨਾਲ ਲੱਦੀਆਂ ਹੋਈਆਂ ਲਹਿਰਾਂ ਆਪਣੇ ਵਲ ਮੁੜ ਆਉਂਦੀਆਂ ਤੇ ਮਨ ਵਿਚ ਅਥਾਹ ਸ਼ਾਂਤੀ ਦੇ ਸੋਮੇ ਖੋਲ੍ਹਦੀਆਂ ਪ੍ਰਤੀਤ ਕਰਦਾ ਹਾਂ।

*****

ਸਤਵੰਤ ਕੌਰ

ਭਾਈ ਸਾਹਿਬ ਭਾਈ ਵੀਰ ਸਿੰਘ

(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ - 59)

ਕਾਂਡ ਵੀਹਵਾਂ

ਸ਼ਾਹਜ਼ਾਦਾ ਤੈਮੂਰ ਕਾਬਲ ਪਹੁੰਚ ਚੁੱਕਾ ਹੋਇਆ ਸੀ। ਅਬਦਾਲੀ ਮਰਹੱਟਿਆਂ ਦਾ ਪੰਜਾਬ ਵਿਚ ਆਉਣਾ ਸੁਣ ਕੇ ਲੋਹਾ ਲਾਖਾ ਹੋ ਰਿਹਾ ਸੀ ਹੁਣ ਨਵੇਂ ਹਮਲੇ ਕਰਨ ਦੀਆਂ ਤਿਆਰੀਆਂ ਦੇ ਪ੍ਰਬੰਧ ਸੋਚ ਰਿਹਾ ਸੀ। ਤੈਮੂਰ ਪਿੱਛੇ ਸੂੰਹੀਏ ਛੱਡ ਆਇਆ ਸੀ, ਜੋ ਪੰਜਾਬ ਦੀ ਖਬਰ ਭੇਜਦੇ ਰਹਿਣ। ਜਦੋਂ ਕਾਫਲਾ ਜਲਾਲਾਬਾਦ ਤੋਂ ਟੁਰਕੇ ਚੋਰ ਗਲੀ ਪਹੁੰਚਾ, ਤਦ ਆਗਾ ਖਾਂ ਨੂੰ ਕੁਝ ਅਫਰੀਦੀ ਆਦਮੀ ਮਿਲੇ, ਜੋ ਪੰਜਾਬ ਤੋਂ ਤਾਜ਼ੀਆਂ ਖਬਰਾਂ ਅਬਦਾਲੀ ਪਾਸ ਲੈ ਜਾ ਰਹੇ ਸਨ। ਇਨ੍ਹਾਂ ਤੋਂ ਆਗਾ ਖਾਂ ਨੂੰ ਪਤਾ ਲੱਗਾ ਕਿ ਅਟਕ ਤਕ ਮਰਹੱਟੇ ਪਸਰ ਰਹੇ ਹਨ, ਅਰ ਇਸ ਸਰਹੱਦ ਉਤੇ ਮੋਰਚਾ ਬੰਨ੍ਹੀ ਬੈਠੇ ਹਨ, ਪਰੰਤੂ ਸਾਰੇ ਦੇਸ਼ ਵਿਚ ਸਿੱਖਾਂ ਦਾ ਸਿੱਕਾ ਚਲ ਰਿਹਾ ਹੈ ਅਰ ਉਨਹਾਂ ਦੀਆਂ ਫੌਜਾਂ ਦੀਆਂ ਫੌਜਾਂ ਫਿਰ ਰਹੀਆਂ ਹਨ। ਮਰਹੱਟੇ ਉਨ੍ਹਾਂ ਨੂੰ ਦਲ ਸਿੱਟਣ ਦੇ ਨਾਕਾਬਲ ਹਨ। ਇਹ ਗੱਲਾਂ ਸੁਣ ਕੇ ਆਗਾ ਖਾਂ ਦਾ ਦਿਲ ਖੁਸ਼ੀ ਨਾਲ ਉਛਲ ਪਿਆ ਕਿ ਮੈਂ ਉਸ ਵੇਲੇ ਆਪਣੇ ਦੇਸ਼ ਪਹੁੰਚਦਾ ਹਾਂ ਕਿ ਜਿਸ ਵੇਲੇ ਸੇਵਾ ਦਾ ਬਹੁਤ ਚੰਗਾ ਵਕਤ ਮਿਲੇਗਾ, ਕਿਉਂਕਿ ਉਸਨੂੰ ਪਤਾ ਸੀ ਕਿ ਅਬਦਾਲੀ ਨਵੇਂ ਹੱਲੇ ਦੀਆਂ ਤਿਆਰੀਆਂ ਕਰ ਰਿਹਾ ਹੈ, ਹੁਣ ਮੂੰਹ ਸਾਮ੍ਹਣੇ ਜੋੜ ਹੋਣਗੇ ਅਤੇ ਦੇਸ਼ ਰੱਖਿਆ ਵਿਚ ਸਰੀਰ ਲਾਉਣ ਦਾ ਅਵਸਰ ਮਿਲੇਗਾ।

ਹਸਨ ਖਾਂ ਦੇ ਸੂੰਹੀਏ ਜੋ ਹੁਣ ਤੱਕ ਨਾਲ ਰਹੇ ਸਨ, ਇਹ ਅਫਰੀਦੀਆਂ ਨਾਲ ਪਿੱਛੇ ਮੁੜ ਗਏ ਇਹ ਪੱਕੀ ਤਸੱਲੀ ਲੈ ਕੇ ਕਿ ਆਗਾ ਖਾਂ ਦੀ ਦਾਈ ਕਾਫਲੇ ਵਿਚ ਨਹੀਂ ਹੈ। ਉਨ੍ਹਾਂ ਨੇ ਆਪਣੀ ਤਲਾਸ਼ ਵਿਚ ਰੱਤੀ ਕਸਰ ਨਹੀਂ ਸੀ ਛੱਡੀ। ਜਸਵੰਤ ਦਾ ਡੇਰਾ ਬੀ ਕਈ ਵੇਰ ਉਨ੍ਹਾਂ ਦੀ ਤ੍ਰਿਖੀ ਨਜ਼ਰ ਹੇਠੋਂ ਲੰਘਿਆ, ਪਰ ਭੇਸ ਵੱਟੇ ਵਿਚ ਕੱਖ ਪਤਾ ਨਾ ਲੱਗਾ। ਸੋ ਹੁਣ ਉਨ੍ਹਾਂ ਦੇ ਮੁੜ ਜਾਣ ਨਾਲ ਆਗਾ ਖਾਂ ਦੇ ਸਿਰ ਤੋਂ ਇਹ ਕਲੇਸ਼ ਬੀ ਟਲਿਆ ਤੇ ਆਪੋ ਵਿਚ ਮੇਲ ਗੇਲ ਦੀ ਕਰੜੀ ਰੋਕ ਦੂਰ ਹੋ ਗਈ। ਜਦੋਂ ਭੱਟੀ ਕੋਟ ਆ ਡੇਰਾ ਪਿਆ ਤਾਂ ਇਕ ਰਾਤ ਨੂੰ ਸਾਂਈ ਨੇ ਆਗਾ ਖਾਂ ਨੂੰ ਦੱਸਿਆ ਕਿ ਜਸਵੰਤ ਦੇ ਤੇ ਮੇਰੇ ਸਾਰੇ ਹਾਲਾਤ ਖੁਲ੍ਹ ਗਏ ਹਨ। ਉਹ ਬੀ ਪੰਜਾਬ ਤੋਂ ਕੈਦ ਹੋ ਕੇ ਆਇਆ ਹੋਇਆ ਹੈ। ਅਜੇ ਮੈਂ ਉਸ ਦੇ ਦੁਖ ਭਰੇ ਹਾਲਾਂ ਦਾ ਵੇਰਵਾ ਨਹੀਂ ਸੁਣਿਆਂ, ਪਰ ਉਸਨੇ ਬੀ ਕਿਸੇ ਡਾਢੀ ਬਹਾਦਰੀ ਨਾਲ ਕੈਦ ਤੋਂ ਖਲਾਸੀ ਪਾਈ ਹੈ। ਪਰ ਬਿਰਧ ਪੁਰਖ ਦੇ ਪਰਿਵਾਰ ਨਾਲ ਵਾਪਸ ਜਾ ਰਿਹਾ ਹੈ। ਆਪ ਦੀ ਕ੍ਰਿਪਾਲਤਾ ਦਾ ਉਸ ਦੇ ਦਿਲ ਪਰ ਡਾਢਾ ਹੀ ਡੂੰਘਾ ਅਸਰ ਹੈ, ਪਰ ਜਦ ਉਸਨੂੰ ਪਤਾ ਲੱਗਾ ਹੈ ਕਿ ਆਪ ਸਿੱਖ ਹੋ ਅਰ ਸ਼ਤਰੂਜੀਤ ਸਿੰਘ ਦੇ ਸਪੁੱਤਰ ਹੋ, ਤਦ ਉਸਨੂੰ ਬਹੁਤ ਪ੍ਰਸੰਨਤਾ ਹੋਈ ਹੈ। ਮੈਨੂੰ ਉਸ ਤੋਂ ਪਤਾ ਲੱਗਾ ਹੈ ਕਿ ਆਪ ਦੀ ਭੈਣ ਜੀਉਂਦੀ ਹੈ ਅਰ ਉਹ ਆਪ ਦੇ ਵਿਛੋੜੇ ਦੇ ਬੜੇ-ਬੜੇ ਦਿਲ ਚੀਰਵੇਂ ਬਿਰਹੇ ਗਾਉਂਦੀ ਹੈ। ਭਾਵੇਂ ਆਪ ਦੀ ਉੱਘ ਮੁਹਰ ਉਨ੍ਹਾਂ ਸਾਰੇ ਸਿੱਖ ਸੂੰਹੀਆਂ ਨੂੰ ਨਹੀਂ ਮਿਲੀ, ਜੋ ਪੰਥ ਵਲੋਂ ਨਾਨਾ ਭੇਸ ਵਟਾ ਕੇ ਅਫਗਾਨਿਸਤਾਨ ਵਿਚ ਆਪਣੇ ਕੈਦੀਆਂ ਨੂੰ ਲੱਭਣ ਆਉਂਦੇ ਰਹੇ ਹਨ, ਪਰ ਅਜੇ ਤਕ ਆਪ ਦੇ ਲਈ ਤੇ ਆਪ ਦੀ ਮਾਤਾ ਲਈ ਜੱਥਿਆਂ ਵਿਚ ਅਰਦਾਸਾ ਹੁੰਦਾ ਹੈ। ਸਿੱਖਾਂ ਵਿਚ ਆਪਣੇ ਦਾ ਪਿਆਰ ਇਤਨਾ ਡੂੰਘਾ ਹੈ ਕਿ ਉਹ ਅਜੇ ਤੱਕ ਆਪ ਨੂੰ ਮਰ ਗਏ ਨਹੀਂ ਸਮਝਦੇ ਅਰ ਹਰ ਸਿੱਖ ਸੂੰਹੀਆਂ, ਜੋ ਕਦੇ ਕਿਸੇ ਕੰਮ ਏਧਰ ਆਵੇ, ਆਪ ਦੀ ਮਾਤਾ ਤੇ ਆਪ ਦੀ ਟੋਲ ਕਰਦਾ ਹੈ। ਜਸਵੰਤ ਸਿੰਘ ਨੇ ਮੈਨੂੰ ਦੱਸਿਆ ਹੈ ਕਿ ਇਕ ਗੁਰਮੁਖ, ਹੋ ਹੁਣ ਆਏ ਸਨ, ਜਿਨ੍ਹਾਂ ਨੇ ਪਿਛਲੇ ਫਸੇ ਸਿੱਖ ਕੈਦੀ ਸਾਰੇ ਟੋਲ ਲਏ ਤੇ ਅਨੇਕਾਂ ਤਰੀਕਿਆਂ ਨਾਲ ਵਾਪਸ ਮੋੜ ਦਿੱਤੇ ਸਨ ਉਹ ਬੀ ਆਸ ਕੌਰ, ਉਸ ਦੀ ਸਹੇਲੀ ਤੇ ਭੁਜੰਗੀ ਦੀ ਟੋਲ ਕਰਦੇ ਰਹੇ ਸਨ। ਉਨ੍ਹਾਂ ਨੇ ਜਸਵੰਤ ਸਿੰਘ ਨੂੰ ਦੱਸਿਆ ਸੀ ਕਿ ਸਾਡਾ ਆਤਮਾ ਉਗਾਹੀ ਦਿੰਦਾ ਹੈ ਕਿ ਉਸ ਪਰਿਵਾਰ ਦਾ ਕੁਝ ਹਿੱਸਾ ਕਿਤੇ ਨਾ ਕਿਤੇ ਜ਼ਰੂਰ ਇੱਥੇ ਹੈ ਅਰ ਉਹ ਆਪਣੀ ਢੂੰਡ ਵਿਚ ਅਜੇ ਨਿਰਾਸ ਨਹੀਂ ਸਨ। ਜਸਵੰਤ ਨੂੰ ਉਨ੍ਹਾਂ ਨੇ ਥਹੁ ਪਤੇ ਦੇ ਕੇ ਤਾਕੀਦ ਕੀਤੀ ਸੀ ਕਿ ਤੂੰ ਬੀ ਟੋਹ ਰੱਖੀਂ ਜਦੋਂ ਤੁਸਾਂ ਜਸਵੰਤ ਸਿੰਘ ਤੋਂ ਪ੍ਰਸ਼ਨ ਪੁੱਛੇ ਸਨ ਅਰ ਆਪਣੇ ਪਰਿਵਾਰ ਦੇ ਨਾਮ ਦੱਸੇ ਸਨ, ਤਦੋਂ ਉਸ ਨੂੰ ਬਹੁਤ ਸਾਰਾ ਸ਼ੱਕ ਪੈ ਗਿਆ ਸੀ ਅਰ ਮੇਰੇ ਆਉਣ ਤੋਂ ਬਾਅਦ ਤਾਂ ਉਸਨੇ ਪੱਕੀਆਂ ਟੋਹਾਂ ਲਾ ਰੱਖੀਆਂ ਸਨ, ਕੇਵਲ ਸੰਸਾ ਹੋਣ ਕਰਕੇ ਤਸੱਲੀ ਦੀ ਲੋੜ ਰੱਖਦਾ ਸੀ, ਸੋ ਜਦ ਤੋਂ ਪੱਕਾ ਪਤਾ ਲੱਗ ਗਿਆ ਹੈ ਸੁ ਉਹ ਅਤਿ ਨਿਹਾਲ ਹੈ। ਜਦ ਪੰਥ ਵਿਚ ਆਪ ਦਾ ਉਸ ਦੇ ਨਾਲ ਵਾਪਸ ਪਹੁੰਚਣਾ ਮਾਲੂਮ ਹੋਵੇਗਾ ਤਦ ਅਸਚਰਜ ਖੁਸ਼ੀ ਹੋਵੇਗੀ, ਉਸ ਦੇ ਪਿਤਾ ਜੀ ਉਸਨੂੰ ਇਸ ਸੇਵਾ ਦਾ ਥਾਪੜਾ ਦੇਣਗੇ।

ਆਗਾ - ਅੰਮਾਂ ਮੈਨੂੰ ਸਮਝ ਨਹੀਂ ਪੈਂਦੀ ਕਿ ਜਿਸ ਕੌਮ ਦਾ ਮੇਰਾ ਜਨਮ ਹੈ ਉਹ ਕਿਸ ਮਿੱਟੀ ਦੀ ਘੜੀ ਹੋਈ ਹੈ। ਆਪੋ ਵਿਚ ਐਤਨਾ ਪਿਆਰ ਰੱਖਦੇ ਹਨ ਕਿ ਸਤਾਰਾਂ ਅਠਾਰਾਂ ਬਰਸ ਬੀਤ ਚੁੱਕਣ ਪਰ ਬੀ ਆਪਣੀ ਇਕ ਤ੍ਰੀਮਤ ਅਰ ਇਕ ਨਿਆਣੇ ਬੱਚੇ ਤੇ ਉਸਦੀ ਸਹੇਲੀ ਲਈ ਅਰਦਾਸਾਂ ਕਰਦੇ ਹਨ ਤੇ ਤਲਾਸ਼ ਲਈ ਆਦਮੀ ਭੇਜਦੇ ਹਨ ਅਰ ਕੋਈ ਉੱਘ ਮੋਹਰ ਨਾ ਮਿਲਣ ਤੇ ਬੀ ਨਿਰਾਸ਼ ਨਹੀਂ ਹੁੰਦੇ। ਕਾਸ਼! ਮੈਂ ਕੈਦ ਨਾ ਪੈਂਦਾ। ਕਾਸ਼! ਮੈਂ ਆਪਣੇ ਘਰ ਵਿਚ ਪਲਦਾ, ਕਾਸ਼! ਮੈਂ ਸਿੱਖ-ਅੰਨ ਖਾ ਕੇ ਪਲਦਾ! ਹਾਂ, ਮੈਂ ਇਸ ਵੇਲੇ ਆਪਣੇ ਬਿਰਧ ਪਿਤਾ ਦੀ ਬੁਢੇਪੇ ਦੀ ਡੰਗੋਰੀ ਹੁੰਦਾ ਅਰ ਪੰਥ ਦੀ ਸੇਵਾ ਵਿਚ ਤਲਵਾਰ ਧੂਹ ਕੇ ਸੀਸ ਤਲੀ ਤੇ ਧਰ ਕੇ ਖੇਲਦਾ ਫਿਰਦਾ। ਸ਼ੋਕ! ਮੇਰਾ ਜੁਆਨੀ ਦਾ ਪਹਿਲਾ ਵੈਰੀਆਂ ਨੂੰ ਆਪਣਾ ਸਮਝ ਕੇ ਆਪਣਿਆਂ ਨੂੰ ਵੈਰੀ ਜਾਨਣ ਦੀ ਭੁੱਲ ਵਿਚ ਆਇਆ, ਪਰ ਹੱਛਾ, ਜੋ ਹੋ

ਗਿਆ, ਸੋ ਹੋ ਗਿਆ, ਹੁਣ ਰੱਬ ਮਦਦ ਕਰੇ, ਮੈਂ ਸਾਰੀ ਕਸਰ ਪੂਰੀ ਕਰਾਂਗਾ।

ਸਾਂਈਂ - ਰੱਬ ਸੁੱਖ ਸੁੱਖਾਂ ਨਾਲ ਘਰ ਪਹੁੰਚਾਵੇ, ਜਿਸ ਕੌਮ ਦੇ ਤੁਸੀਂ ਨੌਂ ਨਿਹਾਲ ਹੋ ਉਹ ਆਪੋ ਵਿਚ ਐਸੀ ਗੁੰਦੀ ਪਈ ਹੈ ਕਿ ਰੋਜ਼ ਹਰੇਕ ਸਿੱਖ ਆਪਣੇ ਦੂਜੇ ਭਰਾਵਾਂ ਲਈ ਐਉਂ ਦੁਆ ਕਰਦਾ ਹੈ -

ਜਹਾਂ ਜਹਾਂ ਖਾਲਸਾ ਜੀ ਸਾਹਿਬ,
ਤਹਾਂ ਤਹਾਂ ਰੱਛਿਆ ਰਿਆਇਤ।

ਨਾਲੇ ਤਾਂ ਆਪਣੀ ਅਰਦਾਸ ਵਿਚ ਰੋਜ਼ ਸਰਬੱਤ ਦਾ ਭਲਾ ਮੰਗਦੇ ਹਾਂ, ਬੁਰਾ ਕਿਸੇ ਦਾ ਨਹੀਂ ਚਿਤਵਦੇ ਪਰ ਆਪਣਿਆਂ ਲਈ ਜਿਨ੍ਹਾਂ ਦਾ ਉਨ੍ਹਾਂ ਨੂੰ ਪਤਾ ਨਹੀਂ, ਕੋਈ ਪਰਦੇਸ਼ ਵਿਚ ਹੈ, ਕੋਈ ਜੰਗ ਵਿਚ ਆੜੇ ਦਾਉ ਫਸਿਆ ਹੈ, ਕੋਈ ਕੈਦ ਵਿਚ ਹੈ ਤੇ ਕੋਈ ਕਤਲ ਹੋ ਰਿਹਾ ਹੈ, ਉਹ ਅਰਦਾਸ ਕਰਦੇ ਹਨ। ਉਂਞ ਉਹ ਹਰੇਕ ਆਪਣੇ ਲਈ, ਜੋ ਮੁਸ਼ਕਲ ਵਿਚ ਹੈ, ਸਰੀਰਕ ਜਤਨ ਵੱਖਰੇ ਕਰਦੇ ਹਨ, ਪਰ ਹਰੇਕ ਭਰਾ ਲਈ, ਪ੍ਰਾਰਥਨਾ ਵੱਖਰੀ ਕਰਦੇ ਹਨ ਕਿ ਗੁਰੂ ਉਨ੍ਹਾਂ ਦੀ ਰੱਛਿਆ ਕਰੇ ਅਰ ਉਨ੍ਹਾਂ ਦੀ ਦੁੱਖਾਂ ਵਿੱਚ ਰਿਆਇਤ ਕਰੇ। ਇਸ ਵਿਚ ਉਨ੍ਹਾਂ ਦਾ ਮਤਲਬ ਬੜਾ ਉੱਚਾ ਹੁੰਦਾ ਹੈ, ਉਹ ਇਸ ਨੂੰ ਬੀ ਰੱਛਿਆ ਰਿਆਇਤ ਹੀ ਸਮਝਦੇ ਹਨ ਕਿ ਸਿੱਖ ਮਰ ਜਾਏ, ਕਤਲ ਹੋ ਜਾਏ ਪਰ ਨਿਸ਼ਚੇ ਭਰੋਸੇ ਵਿਚ ਪੱਕਾ ਰਹੇ ਤੇ ਪਰਮੇਸ਼ੁਰ ਦੇ ਪਿਆਰ ਵਿਚ ਰੱਤਾ ਹੋਇਆ ਸਰੀਰ ਦੇ ਦੇਵੇ। ਜੇ ਧਰਮ ਛੱਡ ਦੇਵੇ, ਕਾਇਰ ਹੋ ਜਾਵੇ ਤਾਂ ਇਸਨੂੰ ਕਹਿਰ ਸਮਝਦੇ ਹਨ। ਅਰਦਾਸਾਂ ਇਸ ਲਈ ਕਰਦੇ ਹਨ ਕਿ ਮੁਸ਼ਕਲਾਂ ਵਿਚ ਫਸਿਆਂ ਨੂੰ ਅਰਸ਼ਾਂ ਤੋਂ ਗੈਬੀ ਮਦਦ ਮਿਲੇ ਅਰ ਉਨ੍ਹਾਂ ਦੀ ਸੁਰਤ ਨੂੰ ਤਕੜਾਈ ਪਹੁੰਚੇ। ਮੈਂ ਤਾਂ ਹੁਣ ਜਸਵੰਤ ਜੀ ਤੋਂ ਪੰਜਾਬ ਦੀਆਂ ਰੋਜ਼ ਗੱਲਾਂ ਸੁਣਦੀ ਹਾਂ। ਭਾਵੇਂ ਸਤਾਰ੍ਹਾਂ ਵਰ੍ਹੇ ਬੀਤ ਗਏ, ਪਰ ਸੰਸਕਾਰ ਤਾਂ ਮੈਨੂੰ ਬੀ ਨਹੀਂ ਭੁੱਲੇ। ਤੁਸੀਂ ਬੀ ਕਿਸੇ ਵੇਲੇ ਉਨ੍ਹਾਂ ਨਾਲ ਗੱਲਾਂ ਕਰੋ, ਤਾਂ ਸੁਆਦ ਆ ਜਾਵੇ।

ਇਹ ਗੱਲ ਮੂੰਹ ਵਿਚ ਹੀ ਸੀ ਕਿ ਜਸਵੰਤ ਜੀ ਆ ਗਏ। ਇੱਕ ਨਿਰੰਜਨ ਟਿਕਾਣੇ ਬੈਠੇ ਗੱਲਾਂ ਬਾਤਾਂ ਛਿੜ ਗਈਆਂ -

ਆਗਾ ਖਾਂ - ਆਓ, ਆਪਣੇ ਸਬੰਧੀ ਜੀ!

ਜਸਵੰਤ - ਸ਼ੁਕਰ ਹੈ ਕਿ ਅਸੀਂ ਇਕ ਨਿਕਲੇ। ਧੰਨ ਹੈ ਵਾਹਿਗੁਰੂ ਜੋ ਸਾਨੂੰ ਪਿਆਰ ਕਰਦਾ ਹੈ, ਉਸ ਨੂੰ ਆਪਣਿਆਂ ਦੀ ਸਦਾ ਲਾਜ ਹੈ।

ਆਗਾ - ਮੈਂ ਤਾਂ ਕੋਇਲ ਹੋ ਕੇ ਸਤਾਰਾਂ ਵਰ੍ਹੇ ਕਾਗਾਂ ਵਿਚ ਪਲਿਆ ਹਾਂ, ਆਪਣੀ ਕੁਲ ਦੀ ਮਹਿਮਾ ਕੀ ਜਾਣਾਂ? ਪਰ ਇਹ ਸੁਣਦੇ ਸਾਰ ਕਿ ਮੈਂ ਕੋਇਲਾਂ ਵਿਚੋਂ ਹਾਂ, ਮੇਰੀ ਰਗ ਰਗ ਵਿਚ ਜੋਸ਼ ਉਬਾਲੇ ਮਾਰ ਉਠਿਆ। ਮੈਨੂੰ ਮਾਂ ਨੇ ਰੋਕਿਆ, ਮੇਰੇ ਤੇ ਜ਼ੁਲਮ ਕੀਤਾ, ਨਹੀਂ ਤਾਂ ਮੈਂ ਆਪਣੀ ਮਾਤਾ ਦੇ ਕਾਤਲ ਦਾ ਮੂਜ਼ੀ ਸਿਰ ਆਪਣੇ ਪਿਤਾ ਦੇ ਚਰਨਾਂ ਵਿਚ ਜਾ ਕੇ ਰੱਖਣਾ ਸੀ ਅਰ ਉਨ੍ਹਾਂ ਤੋਂ ਬਰਖੁਰਦਾਰੀ ਲੈਣੀ ਸੀ ਸ਼ਾਬਾਸ਼ ਬੇਟਾ! ਪਰ ਕੀਹ ਕਹਾਂ? ਮਾਂ ਮੈਥੋਂ ਸਿਆਣੀ ਹੈ, ਮੈਂ ਇਸ ਦੀ ਸਿਆਣਪ ਦੇ ਮਗਰ ਟੁਰਦਾ ਹਾਂ। ਭਲਾ ਜਸਵੰਤ ਸਿੰਘ ਜੀ! ਮੈਨੂੰ ਪਿਤਾ ਜੀ ਏਹ ਉਲਾਂਭਾ ਨਾ ਦੇਣਗੇ ਕਿ ਤੂੰ ਕੈਸਾ ਬੇਹਿਯਾ ਹੈਂ ਜੋ ਮਾਂ ਦੇ ਖ਼ੂਨ ਦਾ ਕੱਸਾਸ (ਬਦਲਾ) ਨਹੀਂ ਲੈ ਕੇ ਆਇਆ?

ਜਸਵੰਤ - ਆਪ ਫਿਕਰ ਨਾ ਕਰੋ, ਸ਼ਤਰੂਜੀਤ ਸਿੰਘ ਜੀ ਇਹ ਨਹੀਂ ਆਖਦੇ। ਸਿੱਖਾਂ ਵਿਚ ਐਵੇਂ ਖ਼ੂਨ ਵੀਟਣ ਦਾ ਸ਼ੌਂਕ ਨਹੀਂ ਹੈ। ਸਿੱਖ ਤਾਂ ਜਦ ਦੇਖਦੇ ਹਨ ਕਿ ਬੇਗੁਨਾਹਾਂ ਤੇ ਅਤਿ ਕਹਿਰ ਹੁੰਦਾ ਹੈ ਤਾਂ ਤਲਵਾਰ ਫੜਦੇ ਹਨ, ਨਹੀਂ ਤਾਂ ਫਕੀਰ ਹਨ, ਪਰ ਬੀਰ ਰਸੀਏ ਫਕੀਰ। ਸਿੱਖ ਜ਼ਾਲਮ ਦੇ ਕਹਿਰ ਨੂੰ ਪਹਿਲਾਂ ਉਪਦੇਸ਼ ਨਾਲ ਰੋਕਦੇ ਹਨ, ਜਦ ਦੇਖਦੇ ਹਨ ਕਿ ਪਿਆਰ, ਮੈਤ੍ਰੀ, ਉਪਦੇਸ਼ ਕਿਸੇ ਤਰ੍ਹਾਂ ਨਾਲ ਜ਼ਾਲਮ ਨਹੀਂ ਟਲਦਾ, ਤਦ ਜੀਕੂੰ ਹੀਰੇ ਨਾਲ ਹੀਰਾ ਵਿੰਨ੍ਹੀਦਾ ਹੈ, ਦੀਨ ਰੱਖਿਆ ਲਈ ਤਲਵਾਰ ਫੜ ਕੇ ਖੜ੍ਹੇ ਹੋ ਜਾਂਦੇ ਹਨ। ਜਦ ਜ਼ਾਲਮ ਨੂੰ ਸਮਝਾਉਂਦੇ ਬੁਝਾਉਂਦੇ ਰੋਕਦੇ ਹਨ, ਤਦ ਉਹ ਅੱਗੋਂ ਉਨ੍ਹਾਂ ਤੇ ਵਾਰ ਕਰਦਾ ਹੈ, ਉਸ ਵਾਰ ਨੂੰ ਰੋਕਣ ਵਿਚ ਜ਼ੋਰ ਲੱਗਦਾ ਹੈ, ਪਰ ਰੱਖਯਾ ਬੀ ਰੋਕਣ ਵਿਚ ਹੀ ਹੁੰਦੀ ਹੈ। ਜੇ ਨਾ ਰੋਕਣ ਤਾਂ ਆਪ ਕਤਲ ਹੋ ਜਾਣ ਤੇ ਜੇ ਉਸ ਵੈਰੀ ਨੂੰ ਰੋਕਣ ਤਾਂ ਮੁਕਾਬਲਾ। ਉਸ ਨੇ ਵਾਰ ਤੇ ਵਾਰ ਕਰਨਾ ਹੋਇਆ ਜਦੋਂ ਰੋਕ ਕਰਦਿਆਂ ਉਹ ਨਾ ਟਲੇ ਤਾਂ ਉਸਨੂੰ ਰੋਕਣ ਵਿਚ ਉਸ ਦਾ ਵਾਰ ਘੱਟ ਕਰਨ ਵਿਚ ਵਾਰ ਕਰਨਾ ਬੀ ਪੈਣਾ ਹੋਇਆ, ਬਸ ਜੰਗ ਹੋ ਗਿਆ। ਐਉਂ ਸਿੱਖ ਜੰਗਜੂ ਹਨ। ਜੰਗ ਵਿਚ ਉਨ੍ਹਾਂ ਨੂੰ ਕੋਈ ਪਦਾਰਥ ਦੀ ਲਾਲਸਾ ਨਹੀਂ ਹੈ। ਦੂਸਰਿਆਂ ਦੇ ਭਲੇ ਦਾ ਪ੍ਰੇਮ ਹੈ। ਆਪਣੇ ਗੁਲਾਮ ਹੋਏ ਦੇਸ਼ ਨੂੰ ਖੁੱਲ੍ਹ ਵਿਚ ਦੇਖਣ ਦਾ ਚਾਉ ਹੈ। ਇਸ ਕਰਕੇ ਉਨ੍ਹਾਂ ਦੇ ਅੰਦਰ ਉਤਸ਼ਾਹ, ਦਇਆ ਤੇ ਸੱਚੀ ਬੀਰਤਾ ਰਹਿੰਦੀ ਹੈ। ਜੇ ਅੰਦਰ ਖੋਟ ਹੋਵੇ ਤਾਂ ਡਾਹ; ਈਰਖਾ, ਸਾੜਾ ਹੋਵੇ ਤੇ ਕਮੀਨੇ ਕੰਮ ਕਰਨ। ਪਿਆਰ ਕਰਨਾ ਕੁਛ ਅਗਲੇ ਨੂੰ ਖੁਸ਼ ਕਰਨ ਵਿਚ ਹੀ ਨਹੀਂ ਹੁੰਦਾ, ਪਰ ਅਸਲ ਵਿਚ ਉਸ ਨਾਲ ਵੈਰ ਕਰਨਾ ਹੈ। ਇਸ ਤਰ੍ਹਾਂ ਬੱਚੇ ਨੂੰ ਕੁਸੰਗ ਵਿਚ ਪੈਣੋਂ ਰੋਕਿਆਂ ਉਸਨੂੰ ਦੁੱਖ ਹੁੰਦਾ ਹੈ, ਪਰ ਇਹ ਪਿਆਰ ਹੈ ਅਰ ਮਾਪੇ ਕਰਦੇ ਹਨ। ਇਸ ਤਰ੍ਹਾਂ ਲੋਭ ਲਹਿਰ ਵਿਚ ਮੂਰਖ ਹੋ ਗਏ ਲੋਕਾਂ ਨੂੰ ਸਿੱਖ ਉਨ੍ਹਾਂ ਦੀ ਮੂਰਖਤਾ ਤੋਂ ਪਿਆਰ ਦੇ ਨਮੂਨੇ ਦੱਸ ਉਪਦੇਸ਼ ਦੇ ਕੇ ਰੋਕਦੇ ਹਨ। ਜਦ ਦੇਖਦੇ ਹਨ ਕਿ ਮੂਰਖ ਤਬਾਹ ਕਰਨ ਲੱਗ ਗਿਆ ਹੈ ਅਰ ਮੁੜਦਾ ਨਹੀਂ ਹੈ ਤਦ ਉਸਨੂੰ ਗਰ ਦਾਬੇ ਨਾਲ ਰੋਕਦੇ ਹਨ ਅਰ ਜਦ ਉਹ ਸਿਰ ਨੂੰ ਆਵੇ ਤਦ ਤਲਵਾਰ ਨਾਲ ਰੋਕਦੇ ਹਨ। ਜਿਸ ਤਰ੍ਹਾਂ ਮਸਤ ਹਾਥੀ ਨੂੰ ਤਬਾਹੀ ਕਰਨੋਂ ਐਕਸ ਨਾਲ ਰੋਕੀਦਾ ਹੈ, ਇਸ ਤਰ੍ਹਾਂ ਤਲਵਾਰੀਏ ਜਰਵਾਣਿਆਂ ਨੂੰ ਸਿੱਖ ਤਲਵਾਰ ਨਾਲ ਰੋਕਦੇ ਹਨ। ਸਿੱਖਾਂ ਦੇ ਜੀ ਵਿਚ ਉਨ੍ਹਾਂ ਨਾਲ ਵੈਰ ਨਹੀਂ ਹੈ, ਪਿਆਰ ਹੈ, ਇਸ ਕਰਕੇ ਉਹ ਵੈਰੀਆਂ ਵਾਂਗੂੰ ਜਾਂਗਲੀ ਹੋ ਕੇ ਮਾਰਦੇ ਕੁੱਟਦੇ ਤੇ ਕਤਲਾਮਾਂ ਨਹੀਂ ਕਰਦੇ, ਪਰ ਨਿਰਭੈ ਤੇ ਕਰੜੇ ਜੋਧੇ ਹਨ ਜੋ ਅਜਿੱਤ ਤੇ ਰਾਠ ਹਨ। ਬਾਬੇ ਬੰਦੇ ਤੋਂ ਬਾਅਦ ਹੁਣ ਤਕ ਕਈ ਕਤਲਾਮਾਂ ਹੋ ਚੁੱਕੀਆਂ ਹਨ, ਹਜ਼ਾਰਾਂ ਦੀ ਗਿਣਤੀ ਵਿਚ ਅਤੇ ਬੇਰਹਿਮੀ ਤੇ ਵਹਿਸ਼ੀਆਨਾ ਤਰੀਕਿਆਂ ਨਾਲ ਅਣਗਿਣਤ ਸਿੱਖ ਕਤਲ ਹੋ ਚੁੱਕੇ ਹਨ, ਪਰ ਨਾ ਡਰਦੇ ਹਨ, ਨਾ ਘਟਦੇ ਹਨ, ਨਾ ਪਿੱਛੇ ਹਟਦੇ ਹਨ, ਸਗੋਂ ਭੂਏ ਹੋ ਹੋ ਕੇ ਲੜਦੇ ਹਨ। ਮੀਰ ਮੰਨੂੰ ਦੀਆਂ ਕਤਲਾਮਾਂ ਬੜੀਆਂ ਭਿਆਨਕ ਸਨ, ਪਰ ਸਿੱਖਾਂ ਵਿਚ ਉਨ੍ਹਾਂ ਕਤਲਾਮਾਂ ਵੇਲੇ ਕੀਹ ਟੱਪਾ ਬੋਲੀਦਾ ਸੀ-

ਮੰਨੂੰ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ।
ਜਿਉਂ ਜਿਉਂ ਸੋਏ ਵੱਢੀਏ ਦੂਣ ਸਵਾਏ ਹੋਏ।

ਦੇਖੋ ਤੁਹਾਡੀ ਮਾਤਾ ਦਾ ਕੈਸਾ ਉੱਚਾ ਦਿਲ ਸੀ ਕਿ ਉਸ ਨੇ ਆਪਣੇ ਕਾਤਲ ਨੂੰ ਬਖਸ਼ ਦਿੱਤਾ, ਉਹ ਆਪਣੇ ਦਿਲ ਨੂੰ ਵੈਰ ਦੀ ਅੱਗ ਤੋਂ ਸਾਫ ਕਰਕੇ ਖਿਮਾ ਪ੍ਰੇਮ ਤੇ ਪਰਮੇਸ਼ਰ ਪਿਆਰ ਦੇ ਉੱਚੇ ਦਰਜੇ ਵਿਚ ਸੰਸਾਰ ਤੋਂ ਗਈ ਹੈ, ਪਰ ਬਹਾਦਰੀ ਉਸਦੀ ਦੇਖੋ ਕਿ ਜਾਨ ਦੇ ਗਈ, ਧਰਮ ਨਹੀਂ ਦਿੱਤਾ। ਫੇਰ ਤੁਸਾਨੂੰ ਪੰਥ ਸੇਵਾ ਲਈ ਆਪਣੀ ਬੀਰਤਾ ਦੇ ਵਲਵਲੇ ਨਾਲ ਸੂਰਮਾਂ ਬਣਾ ਗਈ ਹੈ।

ਆਗਾ - ਮੈਂ ਇਨ੍ਹਾਂ ਉੱਚੇ ਖਿਆਲਾਂ ਨੂੰ ਬੜੀ ਕਠਨਾਈ ਨਾਲ ਸਮਝਦਾ ਹਾਂ, ਮੇਰਾ ਕਲੇਜਾ ਤਾਂ ਬਦਲੇ ਲਈ ਕਸਕਦਾ ਹੈ।

ਜਸਵੰਤ - ਇਹ ਸਤਾਰਾਂ ਵਰ੍ਹੇ ਦੀ ਸਿੱਖਿਆ ਤੇ ਨਮੂਨਿਆਂ ਦਾ ਫਲ ਹੈ।

ਆਗਾ - ਬਦਲਾ ਲੈਣਾ ਤੇ ਅੰਗ ਪਾਲਣਾ ਦੋ ਗੱਲਾਂ ਤਾਂ ਮੈਂ ਇੱਥੋਂ ਬਹੁਤ ਚੰਗੀਆਂ ਸਿੱਖੀਆਂ ਹਨ।

ਜਸਵੰਤ (ਹੱਸ ਕੇ) ਅੰਗ ਪਾਲਣਾ ਤਾਂ ਬਹੁਤ ਚੰਗਾ ਹੈ, ਇਨ੍ਹਾਂ ਲੋਕਾਂ ਵਿਚ ਇਹ ਗੁਣ ਕੌਮੀ ਪਿਆਰ ਕਰਕੇ ਹੈ, ਹਿੰਦੀਆਂ ਵਿਚ ਖ਼ੁਦਗਰਜ਼ੀ ਬਹੁਤ ਹੈ, ਇਸ ਕਰਕੇ ਉਨ੍ਹਾਂ ਵਿਚ ਇਹ ਗੁਣ ਨਹੀਂ ਰਿਹਾ ਤੇ ਇਸ ਕਰਕੇ ਸਦਾ ਸੱਟਾਂ ਖਾਂਦੇ ਹਨ। ਸਿੱਖਾਂ ਵਿਚ ਅੰਗ ਪਾਲਣਾ ਕਹਿਰ ਦਾ ਹੈ, ਕਿਉਂਕਿ ਉਹ ਪਿਆਰ ਕਰਦੇ ਹਨ, ਵੈਰ ਉਨ੍ਹਾਂ ਵਿਚ ਹੈ ਹੀ ਨਹੀਂ। ਇਸ ਕਰਕੇ ਕਮੀਨਾ ਦਿਲ ਕਰਕੇ ਨੀਵੇਂ ਕੀਨਿਆਂ ਵਿਚ ਘਟ ਹੇਠਾਂ ਉਤਰਦੇ ਹਨ।

ਆਗਾ - ਸਤਾਰਾਂ ਵਰ੍ਹੇ ਬੀਤ ਗਏ ਤੇ ਮੇਰੀ ਟੋਹ ਕੌਮ ਨੇ ਨਹੀਂ ਛੱਡੀ, ਇਹ ਪਿਆਰ ਹੈ ਕਿ ਇਸ਼ਕ ਤੋਂ ਬੀ ਪਰੇ ਹੈ। ਹਾਂ, ਪਰ ਕੀਹ ਸਿੱਖ ਮੈਨੂੰ ਆਪਣੇ ਵਿਚ ਲੈ ਲੈਣਗੇ।

ਜਸਵੰਤ - ਬੜੀ ਖੁਸ਼ੀ ਨਾਲ?

ਆਗਾ - ਮੇਰੇ ਨਾਲ ਵਰਤ ਲੈਣਗੇ?

ਜਸਵੰਤ - ਕਿਉਂ ਨਹੀਂ, ਜੋ ਖੁਸ਼ੀ ਪੰਥ ਨੂੰ ਤੁਹਾਡੇ ਇੰਨੇ ਲੰਮੇ ਵਿਛੋੜੇ ਬਾਅਦ ਮਿਲਸੀ ਉਹ ਦੇਖੋਗੇ ਹੀ, ਤਾਂ ਹੀ ਪਤਾ ਲੱਗੇਗਾ। ਜਿਸ ਵੇਲੇ ਉਨ੍ਹਾਂ ਸੁਣਿਆਂ ਕਿ ਆਪਣਾ ਜਨਮ ਸੁਣਦੇ ਸਾਰ ਤੁਸਾਂ ਇਕ ਪਲ ਸੋਚਿਆਂ ਨਹੀਂ ਤੇ ਰਾਜ ਭਾਗ ਦੇ ਲਾਲਚ ਨੇ ਤੁਹਾਨੂੰ ਦਬੋਚਿਆ ਨਹੀਂ, ਫੌਰਨ ਪਲਟ ਖਲੋਤੇ ਸਾਓ, ਤਾਂ ਸਾਰਿਆਂ ਨੇ ਧੰਨ ਕਲਗੀਆਂ ਵਾਲੇ ਦੇ ਜੈਕਾਰੇ ਗਜਾਉਣੇ ਹਨ। ਹਾਂ, ਇਸ ਗੱਲ ਨੇ ਸਾਰੇ ਪੰਥ ਨੂੰ ਉਪਦੇਸ਼ ਦੇਣਾ ਹੈ ਕਿ ਸਿੱਖਾਂ ਦਾ ਲਹੂ ਬੜਾ ਪਵਿੱਤਰ ਅਰ ਆਪਣੇ ਅਸਲੇ ਤੋਂ ਕਿਸੇ ਅਸਰ ਨਾਲ ਪਲਟਾ ਖਾਣ ਵਾਲਾ ਨਹੀਂ ਹੈ।

ਆਗਾ - ਸਿੱਖ ਕਿੰਨੇ ਕੁ ਹਨ?

ਜਸਵੰਤ - ਬਹੁਤ ਥੋੜ੍ਹੇ ਹਨ, ਪਰ ਥੋੜ੍ਹੇ ਇਕ ਮੁੱਠ ਹਨ, ਇਸ ਕਰਕੇ ਬਲੀ ਬਹੁਤ ਹਨ। ਇੱਕ-ਇੱਕ ਸਿੱਖ ਕਈ ਵੇਰ ਅਨੇਕਾਂ ਤੇ ਭਾਰੂ ਹੋ ਜਾਂਦਾ ਹੈ। ਦੇਸ਼ ਦੀ ਹਾਲਤ ਬੜੀ ਹੀ ਖਰਾਬ ਹੈ, ਇਧਰੋਂ ਕੋਈ ਨਾ ਕੋਈ ਜਰਵਾਣਾ ਜਾ ਪੈਂਦਾ ਹੈ ਅਰ ਦੇਸ਼ ਨੂੰ ਤਬਾਹ ਕਰ ਆਉਂਦਾ ਹੈ। ਅਬਦਾਲੀ ਦੇ ਹੱਥੋਂ ਦੇਸ਼ ਦੀ ਵੈਰਾਨੀ ਦਾ ਇਹ ਹਾਲ ਹੈ ਕਿ ਪੰਜਾਬ ਵਿਚ ਪਿੰਡ-ਪਿੰਡ ਇਹ ਕਹਾਵਤ ਮਸ਼ਹੂਰ ਹੈ -

ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ।

ਤੁਹਾਨੂੰ ਸ਼ਾਇਦ ਪਤਾ ਨਹੀਂ ਹੈ ਕਿ ਨਾਦਰ ਪਾਤਸ਼ਾਹ ਦੀ ਰਾਇ ਕੁਛ ਹੋਰ ਸੀ ਤੇ ਅਹਿਮਦ ਸ਼ਾਹ ਦੀ ਕੁਛ ਹੋਰ ਹੈ।

ਆਗਾ - ਉਹ ਕੀਹ ਹੈ?

ਜਸਵੰਤ - ਭਾਈ ਸਾਹਿਬ ਮੈਨੂੰ ਕਾਬਲ ਹੀ ਦੱਸਦੇ ਹਨ ਕਿ ਨਾਦਰ ਨੇ ਲਾਹੌਰ ਜਦ ਸਿੱਖਾਂ ਦੇ ਹਾਲਾਤ ਸੁਣੇ ਸਨ ਤਦ ਖਾਨ ਬਹਾਦਰ ਨੂੰ ਸਮਝਾਇਆ ਸੀ ਕਿ ਇਹ ਲੋਕ ਇਕ ਦਿਨ ਦੇਸ਼ ਵਿਚੋਂ ਤੁਹਾਡਾ ਰਾਜ ਸਮਾਪਤ ਕਰ ਦੇਣਗੇ। ਜੇਕਰ ਤੁਸੀਂ ਚਾਹੁੰਦੇ ਹੋ ਕਿ ਇਹ ਸਿਰੇ ਨਾ ਆਉਣ ਤਾਂ ਇਨ੍ਹਾਂ ਨੂੰ ਸੰਭਾਲੋ।

ਖੈਰ, ਨਾਦਰ ਤਾਂ ਚਲਿਆ ਗਿਆ ਸੀ ਤੇ ਖਾਨ ਬਹਾਦਰ ਨੂੰ ਅੱਗੇ ਪਤਾ ਸੀ ਕਿ ਉਹ ਸਿੱਖਾਂ ਨੂੰ ਜ਼ੁਲਮ ਨਾਲ ਸੰਭਾਲਦਾ ਆਪ ਗਲਤੀ ਕਰ ਚੁੱਕਾ ਸੀ। ਖਾਨ ਬਹਾਦਰ ਨੇ ਦਿੱਲੀ-ਪਤ ਤੋਂ ਆਗਿਆ ਲੈ ਕੇ ਨਵਾਬੀ ਦਾ ਖਿਤਾਬ ਘੱਲਿਆ ਸੀ ਕਿ ਇਹ ਟਿਕ ਕੇ ਰੱਯਤ ਬਣ ਜਾਣ। ਇਹ ਖਿਲਅਤ, ਖਿਤਾਬ ਤੇ ਜਾਗੀ ਦਾ ਪਟਾ ਲੈ ਕੇ ਜੋ ਵਕੀਲ ਖਾਨ ਬਹਾਦਰ ਵਲੋਂ ਸਿੱਖਾਂ ਵੱਲ ਗਿਆ ਸੀ, ਉਹ ਸਿੱਖ ਸੀ ਪੰਥ ਨੇ ਗੁਰਮਤਾ ਕੀਤਾ, ਸਭ ਨੇ ਇਸ ਨਵਾਬੀ ਨੂੰ ਲੈਣੋਂ ਨਾਂਹ ਕੀਤੀ ਤੇ ਆਖਿਆ ਕਿ ਰਾਜ ਸਾਨੂੰ ਵਾਹਿਗੁਰੂ ਨੇ ਬਖਸ਼ਣਾ ਹੈ, ਕਬਜ਼ਾ ਅਸਾਂ ਆਪਣੇ ਡੌਲਿਆਂ ਨਾਲ ਕਰਨਾ ਹੈ। ਇਸ ਨਾਂਹ ਪਰ ਸਿੱਖ ਵਕੀਲ ਨੇ ਬਹੁਤ ਸਮਝਾਇਆ ਤਦ ਜਥੇਦਾਰ ਨੇ ਕਿਹਾ ਕਿ ਖਾਲਸਾ ਜੀ! ਕਿਸੇ ਟਹਿਲੀਏ ਨੂੰ ਦੇ ਦਿਓ, ਓਸ ਵੇਲੇ ਪੱਖਾ ਕਰਨ ਵਾਲੇ - ਕਪੂਰ ਸਿੰਘ-ਦੇ ਪੈਰਾਂ ਵਿਚ ਖਿਲਅਤ ਸੱਟ ਕੇ ਕਿਹਾ - ਮੈਨੂੰ ਨਵਾਬੀ ਦੀ ਲੋੜ ਨਹੀਂ, ਪਰ ਜਥੇਦਾਰ ਦਾ ਹੁਕਮ ਮੰਨ ਕੇ ਇਸ ਨੇ ਲੈਂਦਾ ਹਾਂ, ਪਰ ਪੱਖਾ ਕਰਨ ਦੀ ਸੇਵਾ ਮੇਰੀ ਬਣੀ ਰਹੇ।

ਆਗਾ ਖਾਂ - ਸਾਬਾਸ਼ ਕਪੂਰ ਸਿੰਘ! ਸ਼ਾਬਾਸ਼!! ਇਹ ਸਿੱਖੀ ਬਹੁਤ ਅੱਛੀ ਹੈ।

ਜਸਵੰਤ - ਇਸ ਤੋਂ ਮਗਰੋਂ ਸਿੱਖ ਅਮਾਨ ਅਮਾਨ ਹੋ ਗਏ ਪਰ ਜਦ ਅਮਨ ਅਮਾਨ ਕੁਛ ਸਮਾਂ ਲੰਘ ਗਿਆ ਤਾਂ ਜਾਗੀ ਜ਼ਬਤ ਹੋ ਗਈ। ਖਾਨ ਬਹਾਦਰ ਮਰ ਗਿਆ, ਇਸ ਤੋਂ ਮਗਰੋਂ ਦੀ ਗੱਲ ਹੇ ਕਿ ਜਲੰਧਰ ਦੁਆਬੇ ਦੇ ਮਾਲਕ ਨੇ ਤਜਵੀਜ਼ ਭੇਜੀ ਕਿ ਖਾਲਸਾ ਜੀ! ਆਪ ਹੁਸ਼ਿਆਰਪੁਰ ਦੇ ਜ਼ਿਲੇ ਆਬਾਦ ਹੋ ਸਾਓ, ਰਿਯਾਸਤ ਬੰਨ੍ਹ ਲਓ, ਨਵਾਬੀ ਲੈ ਲਓ ਤੇ ਟਿਕ ਜਾਓ। ਖਾਲਸੇ ਨੇ ਗੁਰਮਤਾ ਕਰਕੇ ਫੈਸਲਾ ਕੀਤਾ ਕਿ ਅਸਾਂ ਇਸ ਦਾਉ ਨੂੰ ਅੱਗੇ ਪਰਤਾ ਲਿਆ ਹੈ, ਹੁਣ ਨਹੀਂ ਪ੍ਰਵਾਨ ਕਰਦੇ। ਅਸੀਂ ਆਪਣੇ ਸੁਖ ਮੌਜਾਂ ਬਹਾਰਾਂ ਲਈ ਸਿੱਖ ਨਹੀਂ ਬਣੇ, ਜੋ ਵੱਢੀ ਲੈ ਕੇ ਦੇਸ਼ ਦੇ ਜ਼ੁਲਮ ਨੂੰ ਜਾਰੀ ਰਹਿਣ ਦੇਵੀਏ, ਅਸਾਂ ਤਾਂ ਦੇਸ਼ ਦਾ ਦੁੱਖ ਦੂਰ ਕਰਨਾ ਹੈ, ਜੇ ਦੁੱਖ ਦੂਰ ਕਰੋ ਤਾਂ ਅਸੀਂ ਗੱਲ ਬਾਤ ਕਰਨ ਨੂੰ ਤਿਆਰ ਹਾਂ। ਸੋ ਇਹੋ ਜਵਾਬ ਹਾਕਮ ਨੂੰ ਸਿੱਖਾਂ ਦੇ ਵਕੀਲ ਨੇ ਜਾ ਸੁਣਾਇਆ ਕਿ ਉਹ ਦੇਸ਼ ਦੀ ਖੁਲ੍ਹ, ਖੁਸ਼ੀ

ਤੇ ਖੁਸ਼ਹਾਲੀ ਮੰਗਦੇ ਹਨ, ਆਪਣੇ ਲਈ ਐਸ਼ ਨਹੀਂ ਮੰਗਦੇ। ਨਵਾਬ ਨੂੰ ਇਹ ਸੁਣ ਕੇ ਗੁੱਸਾ ਆ ਗਿਆ ਅਰ ਇਹ ਦੇਖ ਕੇ ਕਿ ਇਸ ਬਹਾਨੇ ਸਿੱਖ ਕੱਠੇ ਹੋਏ ਹੋਏ ਹਨ, ਭੁੰਨ ਕੱਢੋ ਤੇ ਆਖੋ ਜੋ ਇਨ੍ਹਾਂ ਦਾ ਖੁਰਾ ਖੋਜ ਹੀ ਮਿਟ ਗਿਆ ਹੈ। ਸੋ ਫੌਜ ਲੈ ਕੇ ਲੜਾਈ ਦੀ ਚੜ੍ਹਾਈ ਕਰ ਦਿੱਤੀ। ਜਦ ਦੋਵੇਂ ਦਲ ਆਹਮੋ-ਸਾਮ੍ਹਣੇ ਆਏ ਤਾਂ ਸਿੱਖਾਂ ਨੇ ਕਹਾ ਭੇਜਿਆ ਕਿ ਇਸ ਲੜਾਈ ਦਾ ਕੀਹ ਸੁਆਦ ਹੈ, ਐਵੇਂ ਬੇਗੁਨਾਹਾਂ ਦਾ ਖੂਨ ਦੁਵੱਲੀ ਕਰਦੇ ਹੋ, ਸੁਆਦ ਤਾਂ ਹੈ ਕਿ ਤੂੰ ਤੇ ਸਾਡਾ ਸਰਦਾਰ ਆਓ ਕੱਲੇ ਕੱਲੇ ਜੰਗ ਕਰੋ, ਇਸੇ ਹਾਰ ਜਿੱਤ ਉਤੇ ਜੰਗ ਦਾ ਫੈਸਲਾ ਹੋ ਜਾਵੇ, ਐਵੇਂ ਖਲਕਤ ਦੇ ਕਤਲ ਕਰਨ ਦਾ ਕੀਹ ਫਾਇਦਾ। ਹਾਕਮ ਨੂੰ ਆਪਣੀ ਸ਼ਹਜ਼ੋਰੀ ਉਤੇ ਬੜਾ ਭਰੋਸਾ ਸੀ, ਉਸਨੇ ਇਹ ਗੱਲ ਮੰਨ ਲਈ ਅਰ ਪ੍ਰਬੰਧ ਉਤੇ ਬੜਾ ਭਰੋਸਾ ਸੀ, ਉਸਨੇ ਇਹ ਗੱਲ ਮੰਨ ਲਈ ਅਰ ਪ੍ਰਬੰਧ ਇਹ ਕੀਤੋਸੁ ਕਿ ਜਿਸ ਵੇਲੇ ਮੈਂ ਸਿੱਖਾਂ ਦੇ ਸਰਦਾਰ ਨੂੰ ਢਾਹ ਲਵਾਂ ਹੁਮ ਹੁਮ ਕੇ ਸਿੱਖਾਂ ਤੇ ਜਾ ਪੈਣਾ ਤੇ ਸਾਰੇ ਕਤਲ ਕਰ ਦੇਣੇ।

ਉਧਰ ਖਾਲਸੇ ਨੇ ਕਪੂਰ ਸਿੰਘ ਨੂੰ ਲੜਾਈ ਲਈ ਥਾਪਿਆ। ਸਿੰਘ ਹੁਰੀਂ ਸੰਜੋਅ ਤੇ ਖੋਦ ਸਜਾ ਕੇ ਤੇ ਸਨੱਧਬੱਧ ਹੋ ਕੇ ਘੋੜੇ ਤੇ ਚੜ੍ਹ ਕੇ ਸੂਰਜ ਨਿਕਲਦੇ ਸਾਰ ਆਹਮੋ ਸਾਮ੍ਹਣੇ ਜਾ ਜੁੱਟੇ। ਲੱਗੇ ਵਾਰ ਤੇ ਦਾਉ ਘਾਉ ਹੋਣ। ਸ਼ਹਜ਼ੋਰ ਨਾਜ਼ਮ ਕਾਬੂ ਨਹੀਂ ਚੜ੍ਹਦਾ ਸੀ ਤੇ ਨਾ ਹੀ ਕਪੂਰ ਸਿੰਘ ਜੀ ਢਹੇ ਚੜ੍ਹਦੇ ਸੇ, ਦੁਵੱਲਿਓਂ ਕਈ ਵੇਰ ਘੋੜਿਆਂ ਨੂੰ ਅੱਡੀਆਂ ਲਾ ਲਾ ਕੇ ਲਪਕੇ, ਕਿੰਨੀ ਵੇਰ ਲੋਹੇ ਦੇ ਬਸਤ੍ਰਾਂ ਨਾਲ ਵੱਜ ਕੇ ਸ਼ਸਤ੍ਰ ਟੁੱਟੇ ਸਿੱਖ ਸਦਾ ਜੰਗਲਾ ਵਿਚ ਰਹਿੰਦੇ ਤੇ ਦੁਖੜੇ ਕੱਟਦੇ ਸਨ ਇਸ ਲਈ ਕਪੂਰ ਸਿੰਘ ਦਾ ਸਰੀਰ ਬਹੁਤ ਤਕੜਾ ਸੀ, ਉਧਰ ਗੋਸ਼ਤਾਂ ਤੇ ਮੱਖਣਾ ਦਾ ਪਲਿਆ ਬਲੀ ਜੋਧਾ ਸੀ। ਛਾਹ ਵੇਲੇ ਤਕ ਘੋਰ ਯੁੱਧ ਹੁੰਦਾ ਰਿਹਾ। ਕਦੇ ਇਹ ਖਿਆਲ ਪੈਂਦਾ ਸੀ ਕਿ ਐਤਕੀ ਔਹ ਜਿੱਤ ਗਿਆ, ਕਦੇ ਔਹ। ਕਪੂਰ ਸਿੰਘ ਜੀ ਸਮਝ ਚੁੱਕੇ ਸਨ ਕਿ ਇਸਨੂੰ ਜਿੱਤਣਾ ਕਠਨ ਹੈ, ਇਸ ਕਰਕੇ ਉਨ੍ਹਾਂ ਨੇ ਇਕ ਹੋਰ ਦਾਉ ਚੁੱਕਿਆ ਹੋਇਆ ਸੀ। ਆਪ ਭੁੱਖ ਤ੍ਰੇਹ ਧੁੱਪ ਸਹਾਰ ਸਕਦੇ ਸਨ, ਨਾਜ਼ਮ ਨੂੰ ਉਨ੍ਹਾਂ ਥਕਾਵਟਾਂ ਦੇ ਯੋਗ ਨਹੀਂ ਸਮਝਦੇ ਸਨ, ਇਸ ਕਰਕੇ ਦੁਪਹਿਰ ਤਕ ਅਨੇਕ ਤਰ੍ਹਾਂ ਦੇ ਹੱਲਿਆਂ ਦੇ ਦਾਵਾ ਘਾਵਾਂ ਵਿਚ ਜੰਗ ਨੂੰ ਲਮਕਾਈ ਗਏ। ਇਸ ਵੇਲੇ ਆਪ ਨੇ ਅਚਾਨਕ ਤਲਵਾਰ ਮਿਆਨੇ ਕਰ ਲਈ ਅਰ ਘੋੜੇ ਨੂੰ ਇੱਕ ਚੱਕਰ ਦੇ ਕੇ ਐਸਾ ਮੇਲਵਾਂ ਛੱਡਿਆ ਕਿ ਨਾਜ਼ਮ ਦੇ ਘੋੜੇ ਨਾਲ ਖਹਿ ਕੇ ਲੰਘੇ ਅਰ ਜਿਸ ਵੇਲੇ ਘੋੜਾ ਖਹਿ ਕੇ ਲੰਘਣ ਲੱਗਾ, ਆਪ ਨੇ ਕਲਾਈ ਭਰ ਕੇ ਨਾਜ਼ਮ ਨੂੰ ਘੋੜੇ ਤੋਂ ਥੱਲੇ ਡੇਗ ਲਿਆ ਅਰ ਆਪ ਬੀ ਹੇਠਾਂ ਆ ਖੜ੍ਹੇ ਹੋਏ। ਦੋਵੇਂ ਘੋੜੇ ਨੱਸ ਗਏ ਤੇ ਹੁਣ ਹੇਠਾਂ ਭੋਇੰ ਤੇ ਦੋਹਾਂ ਦੀ ਕੁਸ਼ਤੀ ਸ਼ੁਰੂ ਹੋ ਗਈ। ਇਸ ਕੁਸ਼ਤੀ ਵਿਚ ਨਾਜ਼ਮ ਨੂੰ ਦਮ ਚੜ੍ਹਨ ਲੱਗਾ ਤਦ ਕਪੂਰ ਸਿੰਘ ਨੇ ਲਲਕਾਰ ਕੇ ਪੰਥ ਨੂੰ ਆਵਾਜ਼ ਦਿੱਤੀ ਖਾਲਸਾ ਜੀ ਦੁੰਬਾ ਹੁੱਸ ਗਿਆ ਹੁਣ ਲਿਆ ਕਿ ਲਿਆ।

ਦੋ ਚਾਰ ਪਲੱਥਿਆਂ ਵਿਚ ਕਪੂਰ ਸਿੰਘ ਨੇ ਨਾਜ਼ਮ ਨੂੰ ਚਾਰੋਂ ਸ਼ਾਨੇ ਚਿੱਤ ਕਰਕੇ ਛਾਤੀ ਤੇ ਚੌਕੜ ਜਮਾ ਲਿਆ। ਇਸ ਵੇਲੇ ਨਾਜ਼ਮ ਦਾ ਹੱਥ ਆਪਣੀ ਕਟਾਰ ਦੇ ਕਬਜ਼ੇ ਤੇ ਪਹੁੰਚ ਚੁੱਕਾ ਸੀ। ਪਰ ਇਸ ਤੋਂ ਪਹਿਲੇ ਕਿ ਉਹ ਕੁਛ ਕਰ ਸਕਦਾ, ਕਪੂਰ ਸਿੰਘ ਦੀ ਪੇਸ਼-ਕਬਜ਼ ਨਾਜ਼ਮ ਦੇ ਜ਼ਿਰਹ ਬਕਤਰ ਦੇ ਲੋਹੇ ਦਾ ਪਰਦਾ ਚੁੱਕ ਕੇ ਗਿੱਚੀ ਵਿਚ ਵੜ ਚੁੱਕੀ ਸੀ। ਇਹ ਹੁੰਦੇ ਸਾਰ ਕਪੂਰ ਸਿੰਘ ਜੀ ਟੱਪ ਕੇ ਉੱਠ ਖੜੋਤੇ, ਛਾਤੀ ਠੋਕ ਕੇ ਅਕਾਸ਼ ਵਲ ਤੱਕੇ, ਖਾਲਸਾ ਜੀ ਹੁੰਮ-ਹੁੰਮਾ ਕੇ ਆ ਗਏ, ਅਰ ਬਿਜੈਮਾਨ ਵੀਰ ਨੂੰ ਚੁੱਕ ਕੇ ਜੈਕਾਰੇ ਗਜਾਉਣ ਲਗ ਪਏ। ਇਸੇ ਵਕਤ ਧਾਵਾ ਬੋਲ ਦਿੱਤਾ ਗਿਆ ਅਰ ਜਲੰਧਰ ਤੇ ਕਬਜ਼ਾ ਕਰ ਲਿਆ। ਅੱਜ ਸ਼ਾਮ ਨੂੰ ਭਾਰੀ ਦਰਬਾਰ ਕਰਕੇ, ਕਪੂਰ ਸਿੰਘ ਜੀ ਨੂੰ ਪੰਥ ਨੇ ਨਵਾਬੀ ਦਾ ਖਿਤਾਬ ਦਿੱਤਾ ਅਰ ਹੋਰ ਵੱਡੇ ਵੱਡੇ ਸਿੰਘਾਂ ਨੂੰ ਸਰਦਾਰੀ ਦਾ। ਅੱਜ ਪਹਿਲਾ ਦਿਨ ਸੀ ਕਿ ਸਿੱਖਾਂ ਵਿਚ ਸਰਦਾਰੀ ਦਾ ਖਿਤਾਬ ਆਇਆ।

ਆਗਾ - ਤਦ ਤਾਂ ਦੁਆਬੇ ਵਿਚ ਸਾਡਾ ਰਾਜ ਹੈ।

ਜਸਵੰਤ - ਨਹੀਂ ਜੀ, ਥੋੜ੍ਹੇ ਚਿਰ ਮਗਰੋਂ ਸਿੱਖਾਂ ਨੇ ਹੁਜਰਾ ਸ਼ਾਹ ਮੁਕੀਮ ਦੇ ਲਾਗੇ ਸ਼ਾਹੀ ਫੌਜ ਨੂੰ ਹਰਾਇਆ ਸੀ, ਪਰ ਫੇਰ ਖਾਨ ਬਹਾਦਰ ਨੇ ਭਾਰੀ ਫੌਜ ਜਮਾਂ ਕੀਤੀ ਤੇ ਸਿੱਖ ਜਥੇ ਦੂਰ ਦੂਰ ਖਿੰਡ ਗਏ, ਕਿਉਂਕਿ ਪਾਤਸ਼ਾਹੀ ਮੁਕਾਬਲੇ ਦਾ ਸਾਰਾ ਸਾਮਾਨ ਅਜੇ ਸਾਡੇ ਪਾਸ ਨਹੀਂ ਸੀ। ਇਹ ਸਮਾਂ ਸਾਡੇ ਤੇ ਬੜੇ ਕਹਿਰ ਦਾ ਬੀਤਿਆ। ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ ਤੇ ਹੋਰ ਅਨੇਕਾਂ ਸਿੰਘ ਸ਼ਹੀਦ ਹੋਏ ਤੇ ਪਿੰਡ ਪਿੰਡ ਕਤਲਾਮ ਹੋਈ, ਪਰ ਉਸ ਤੋਂ ਮਗਰੋਂ ਸਿੱਖਾਂ ਕਈ ਵਰੇ ਜ਼ੋਰ ਫੜਿਆ, ਕਈ ਵੇਰ ਪਿੱਛੇ ਪਏ ਅਰ ਉਹ ਨਵਾਬੀ ਤੇ ਸਰਦਾਰੀ ਤੇ ਖਿਤਾਬ ਪੰਥ ਵਿਚ ਸ਼ੁਰੂ ਹਨ। ਉਞ ਪਏ ਹੋਏ ਹਨ, ਪਰ ਫਤਹਿ ਤੇ ਕਾਮਯਾਬੀਆਂ ਬੀ ਥਾਂ-ਥਾਂ ਸਾਡੇ ਹੱਥ ਰਹਿੰਦੀਆਂ ਹਨ।

ਆਗਾ - ਮੈਂ ਤਾਂ ਨਾਦਰ ਦੇ ਹੱਲੇ ਦੇ ਹੀ ਭੁਲੇਵੇਂ ਵਿਚ ਫਸਿਆ ਹਾਂ। ਨਾਦਰ ਨੇ ਅਸਲ ਵਿਚ ਹਿੰਦੁਸਤਾਨ ਦਾ ਬੇੜਾ ਗਰਕ ਕੀਤਾ ਹੈ, ਨਹੀਂ ਤਾਂ ਕਾਬਲ ਦਾ ਰਾਜ ਤਾਂ ਦਿੱਲੀ ਦੇ ਤਖਤ ਦੀ ਤਾਬਿਆ ਵਿਚ ਰਹਿੰਦਾ ਹੁੰਦਾ ਸੀ।

ਜਸਵੰਤ - ਠੀਕ ਹੈ, ਮੈਂ ਜੋ ਗੱਲ ਸੁਣਾਈ ਹੈ ਇਹ ਨਾਦਰ ਦੇ ਹਮਲੇ ਤੋਂ ਪਹਿਲਾਂ ਦੀ ਹੈ, ਜਦੋਂ ਲਾਹੌਰ ਵਲੋਂ ਸਿੱਖਾਂ ਨੂੰ ਨਵਾਬੀ ਮਿਲੀ ਤੇ ਨਹੀਂ ਸਨ ਕਬੂਲਦੇ।

ਨਾਦਰ ਦੀ ਵੈਰਾਨੀ ਦਾ ਹਾਲ ਤਾਂ ਇਸ ਟੱਪੇ ਵਿਚ ਹੈ, ਜੋ ਪੰਜਾਬੀ ਬੱਚੇ-ਬੱਚੇ ਦੀ ਜ਼ੁਬਾਨ ਤੇ ਚੜ੍ਹਿਆ ਹੋਇਆ ਹੈ।

ਦਿੱਲੀ ਰੰਡੀ ਕਰਕੇ ਆਯਾ, ਸਾਡੀ ਠੰਢੀ ਚੁੱਲ੍ਹ ਕੁੜੇ।

ਆਗਾ - ਇਸ ਦਾ ਕੀਹ ਅਰਥ ਹੈ?

ਜਸਵੰਤ ਨੇ ਉਸਨੂੰ ਸਾਰਾ ਮਤਲਬ ਦੱਸਿਆ ਤੇ ਦੇਸ਼ ਦੀ ਵੈਰਾਨੀ, ਖਾਸ ਕਰ ਦਿੱਲੀ ਦੀ ਕਤਲਾਮ, ਦਾ ਹਾਲ ਸੁਣਾਇਆ, ਜਿਸਨੂੰ ਸੁਣ ਕੇ ਆਗਾ ਖਾਂ ਦੇ ਲੂੰ ਕੰਡੇ ਖੜ੍ਹੇ ਹੁੰਦੇ ਤੇ ਰੋਹ ਭਰ-ਭਰ ਉੱਠਦਾ ਸੀ। ਜਸਵੰਤ ਨੇ ਇਹ ਰੰਗ ਵੇਖ ਕੇ ਉਸਨੂੰ ਸਿੱਖਾਂ ਦੇ ਇਕ ਹੋਰ ਕਾਰਨਾਮੇ ਵੱਲ ਫੇਰਿਆ, ਜਿਸ ਤੋਂ ਉਸਨੂੰ ਕੁਛ ਸ਼ਾਂਤੀ ਆਵੇ ਕਿ ਸਿੱਖ ਬੀ ਬੜਾ ਭਾਰੀ ਕੰਮ ਕਰ ਰਹੇ ਹਨ।

ਜਸਵੰਤ ਸਿੰਘ - ਮੈਨੂੰ ਇੱਥੇ ਆਏ ਗੁਰਮੁਖ ਜੀ ਨੇ

ਦੱਸਿਆ ਸੀ ਕਿ ਅਹਿਮਦਸ਼ਾਹ ਨੇ ਬੀ ਸਿੱਖਾਂ ਦੀ ਕਤਲਾਮ ਤੇ ਹੀ ਲੱਕ ਬੰਨ੍ਹ ਲਿਆ ਹੈ। ਚੁਨਾਂਚਿ ਆਪਣੇ ਇੱਕ ਹੱਲੇ ਦੇ ਬਾਅਦ ਉਹ ਹਰੇਕ ਦੁਆਬੇ ਵਿਚ ਇਕ ਤੁੰਮਣ ਛੱਡ ਆਇਆ ਹੈ। ਤੁੰਮਣ ਵਿਚ ਇਕ ਭਾਰੀ ਦਸਤਾ ਸਿਪਾਹੀਆਂ ਦਾ ਹੁੰਦਾ ਹੈ, ਇਸਦੇ ਅਫਸਰ ਦਾ ਨਾਂ ਤੁੰਮਣਦਾਰ ਹੁੰਦਾ ਹੈ। ਇਹ ਜੱਥਾ ਆਪਣੇ ਦੁਆਬੇ ਵਿਚ ਦੌਰਾ ਕਰਦਾ ਰਹਿੰਦਾ ਹੈ। ਜਿਸ ਪਿੰਡ ਜਾਂਦਾ ਹੈ ਉਥੋਂ ਮਾਮਲਾ ਉਗਰਾਹੁੰਦਾ ਹੈ ਤੇ ਫੇਰ ਸਿੱਖਾਂ ਦੀ ਭਾਲ ਹੁੰਦੀ ਹੈ, ਜਿੰਨੇ ਸਿੱਖ ਮਿਲਣ, ਮਾਰ ਦਿੱਤੇ ਜਾਂਦੇ ਹਨ। ਜਿਸ ਟੱਬਰ ਵਿਚੋਂ ਕੋਈ ਸਿੱਖ ਹੋ ਗਿਆ ਹੋਵੇ, ਉਸ ਟੱਬਰ ਨੂੰ ਤਸੀਹੇ ਦਿੱਤੇ ਜਾਂਦੇ ਹਨ, ਪਿੰਡ ਵਾਲੇ ਫੇਰ ਕਿਵੇਂ ਨਾ ਕਿਵੇਂ ਸਿੱਖਾਂ ਨੂੰ ਕਬਰ ਪਹੁੰਚ ਦਿੰਦੇ ਹਨ ਕਿ ਤੁਹਾਡੇ ਟੱਬਰ ਦਾ ਇਹ ਹਾਲ ਹੈ, ਤੁਸੀਂ ਆ ਕੇ ਆਪ ਨੂੰ ਫੜਾ ਦਿਓ, ਨਹੀਂ ਤਾਂ ਸਾਰਾ ਕਬੀਲਾ ਮਾਰਿਆ ਜਾਵੇਗਾ। ਜੇ ਸਿੱਖ ਹੱਥ ਨਾ ਆਵੇ ਤਾਂ ਬੇਦੋਸ਼ ਟੱਬਰ ਪੀੜੇ ਜਾਂਦੇ ਹਨ।

ਦੁਆਬਾ ਰਚਨਾ ਵਿਚ ਸਦਰਹਮਤ ਖਾਂ ਨਾਮੇ ਤੁੰਮਣਦਾਰ ਸੀ, ਇਹ ਦੌਰਾ ਕਰਦਾ-ਕਰਦਾ ਦੁਆਬੇ ਦੇ ਸ਼ਿਖਰ ਵੱਲ ਬੁਲਾਕੀ ਚੱਕਾਂ ਵਿਚ ਆਇਆ। ਬੁਲਾਕੀ ਸ਼ਾਹ ਨਾਮੇ ਗੁਰਾਏਂ ਗੋਤ ਦਾ ਇਕ ਭਾਰਾ ਦਬਦਬੇ ਵਾਲਾ ਚੌਧਰੀ ਹੈਸੀ, ਉਸਦੇ ਕਈ ਆਪਣੇ ਪਿੰਡ ਹਨ, ਵੱਡੇ ਪਿੰਡ ਦਾ ਨਾਉਂ ਬੁਲਾਕੀ ਚੱਕ ਹੈ। ਇਸ ਪਿੰਡ ਜਦ ਤੁੰਮਣਦਾਰ ਦਾ ਸਾਰਾ ਮਾਮਲਾ ਉਗਰਾਹ ਚੁੱਕਾ ਤਦ ਸਿੱਖਾਂ ਦੀ ਪੜਤਾਲ ਹੋਈ, ਪਤਾ ਲੱਗਾ ਕਿ ਪਿੰਡਾਂ ਵਿੱਚ ਤਾਂ ਕੋਈ ਸਿੱਖ ਨਹੀਂ ਹੈ, ਪਰ ਬੁਲਾਕੀ ਸ਼ਾਹ ਦੇ ਦੋ ਪੁੱਤਰ ਸੁੱਖਾ ਸਿੰਘ ਤੇ ਮਨਸਾ ਸਿੰਘ ਸਿੱਖੀ ਜਾ ਰਲੇ ਹਨ। ਤੁੰਮਣਦਾਰ ਨੇ ਚੌਧਰੀ ਨੂੰ ਪੁੱਛਿਆ ਉਸ ਕਿਹਾ ਜਨਾਬ! ਜੋ ਪੁੱਤਰ ਸੁੱਖਾ ਮੱਸਾ ਸਿੱਖੀ ਜਾ ਰਲੇ ਹਨ ਸੋ ਮੋਏ ਗਏ। ਪਰ ਤੁੰਮਣਦਾਰ ਨੇ ਟੱਬਰ ਕਬੀਲੇ ਸਮੇਤ ਉਸ ਨੂੰ ਬੰਨ੍ਹ ਲੀਤਾ। ਨਾਲ ਹੀ ਸਾਰੇ ਪਿੰਡ ਨੂੰ ਘੇਰ ਕੇ ਹੁਕਮ ਦਿੱਤਾ ਕਿ ਜੇ ਤਾਂ ਅੱਠਾਂ ਦਿਨਾਂ ਦੇ ਵਿਚ-ਵਿਚ ਸੁੱਖਾ ਸਿੰਘ ਮਨਸਾ ਸਿੰਘ ਆਪਣੇ ਆਪ ਨੂੰ ਹਾਜ਼ਰ ਕਰ ਦੇਣ ਯਾ ਪਿੰਡ ਦੇ ਕੋਈ ਆਦਮੀ ਫੜ ਕੇ ਲੈ ਆਉਣ ਤਾਂ ਵਾਹਵਾ, ਨਹੀਂ ਤਾਂ ਸਾਰਾ ਪਿੰਡ ਛਾਪੇ ਰੱਖ ਕੇ ਸਾੜ ਦਿੱਤਾ ਜਾਵੇਗਾ।

ਸੋ ਸਿੱਖਾਂ ਦਾ ਇਹ ਹਾਲ ਸੀ ਕਿ ਦਿਨ ਨੂੰ ਸਭ ਲੁਕੇ ਰਹਿੰਦੇ ਸਨ, ਰਾਤ ਪਈ ਰਹਿਰਾਸ ਵੇਲੇ ਕਿਤੇ ਮੁਕੱਰਰ ਕੀਤੀ ਥਾਂ ਤੇ ਦੋ ਦੋ ਚਾਰ ਕੋਹ ਤੋਂ ਕੱਠੇ ਹੋ ਕੇ ਦੀਵਾਨ ਲਾਉਂਦੇ ਸਨ ਅਰ ਸੋਦਰ ਰਹਿਰਾਸ ਦਾ ਭੋਗ ਪਾ ਕੇ ਫੇਰ ਰਾਤ ਦੇ ਦੂਏ ਦਿਨ ਲਈ ਗੁਰਮਤਾ ਸੋਧਦੇ ਸਨ। ਦਿਨ ਨੂੰ ਜੇ ਸਿੱਖ ਨੇ ਦਿਖਾਈ ਦਿੱਤੀ ਤਾਂ ਫੜਿਆ ਜਾਂਦਾ ਸੀ ਅਰ ਫੜਾਉਣ ਵਾਲੇ ਨੂੰ ਇਨਾਮ ਮਿਲਦਾ ਸੀ।

ਇਕ ਭਾਰੀ ਜੰਗਲ ਗੁਰੂ ਕੀ ਰੋੜ ਦੇ ਉਦਾਲੇ ਹੈ। ਇਹ ਥਾਂ ਅੰਮ੍ਰਿਤਸਰ ਤੋਂ ਨੌਂ ਕੋਹ ਤੇ ਸਿੱਖਾਂ ਦਾ ਗੁਰਦਵਾਰਾ ਤੇ ਬਨ ਬੇਲੇ ਕਰਕੇ ਕਿਲ੍ਹੇ ਵਾਂਗੂੰ ਹੈ। ਮਨਸਾ ਸਿੰਘ ਤੇ ਸੁੱਖਾ ਸਿੰਘ ਵੀ ਇਸ ਰੋੜ ਦੀ ਝੱਲ ਵਿਚ ਸਨ। ਬੁਲਾਕੀ ਸ਼ਾਹ ਨੇ ਕਿਸੇ ਮਾਤਬਰ ਦੇ ਹੱਥ ਪੁੱਤਾਂ ਨੂੰ ਚਿੱਠੀ ਲਿਖੀ ਕਿ ਬੱਚਾ ਸਾਡੇ ਨਸੀਬ ਫੁੱਟ ਗਏ ਜੋ ਤੁਸੀਂ ਸਿੱਖੀ ਜਾ ਰਲੇ। ਹੁਣ ਸਾਰੇ ਕਬੀਲੇ ਅਤੇ ਪਿੰਡ ਤੇ ਆ ਬਣੀ ਹੈ। ਚੰਗਾ ਹੈ ਜੇ ਤੁਸੀਂ ਦੋ ਮਰ ਜਾਓ ਤੇ ਪਿੰਡ ਸਾਰਾ ਬਚ ਰਹੇ। ਤੁਸੀਂ ਤਰਸ ਵਾਲੇ ਗੁਰੂ ਦੇ ਚੇਲੇ ਹੋ, ਤਰਸ ਕਰੋ ਅਰ ਹਜ਼ਾਰਾਂ ਬੇਗੁਨਾਹਾਂ ਦੀ ਖਾਤਰ ਆਪ ਜਾਨਾਂ ਵਾਰ ਕੇ ਸੱਚੀ ਸ਼ਹੀਦੀ ਪਾਓ। ਮੈਨੂੰ ਤੁਹਾਡੇ ਮਰਨ ਦਾ ਦੁੱਖ ਹੈ, ਪਰ ਸਾਰੇ ਪਿੰਡ ਦੀ ਖਾਤਰ ਮੈਂ ਇਸ ਗੱਲ ਦੀ ਪਰਵਾਹ ਨਹੀਂ ਕਰਾਂਗਾ। ਆਓ ਅਰ ਆਪਣੇ ਆਪ ਨੂੰ ਤੁੰਮਣਦਾਰ ਦੇ ਹਵਾਲੇ ਕਰ ਦਿਓ।

ਜਦ ਇਹ ਚਿੱਠੀ ਉਨ੍ਹਾਂ ਨੂੰ ਪਹੁੰਚੀ ਤਾਂ ਸੰਝ ਨੂੰ ਗੁਰੂ ਕੀ ਰੋੜ ਵਿਚ ਦੀਵਾਨ ਲੱਗਾ, ਰਹੁਰਾਸ ਦੇ ਮਗਰੋਂ ਇਹ ਚਿੱਠੀ ਪੇਸ਼ ਹੋਈ, ਗੁਰਮਤਾ ਹੋ ਕੇ ਇਹ ਫੈਸਲਾ ਹੋਇਆ ਕਿ ਕਾਇਰਾਂ ਵਾਂਗੂੰ ਆਪਣਾ ਆਪ ਹਵਾਲੇ ਕਰਕੇ ਮਰਨਾ ਤਾਂ ਬੁਰਾ ਹੈ, ਪਰ ਤੁੰਮਣਦਾਰ ਨੂੰ ਜ਼ੁਲਮ ਕਰਨ ਦੇਣਾ ਬੀ ਪਾਪ ਹੈ। ਤਾਂ ਤੇ ਕੂਚ ਕਰੋ। ਰਾਤੋ ਰਾਤ ਅਰ ਤੜਕੇ ਤੁੰਮਣਦਾਰ ਨਾਲ ਜੰਗ ਮਚਾ ਦਿਓ। ਸਾਰਾ ਜ਼ੋਰ ਲਗਾ ਕੇ ਡੇਢ ਕੁ ਸੌ ਸਿੱਖ ਰਾਤੋ ਰਾਤ ਕੱਠਾ ਹੋਇਆ। ਸਿੱਖ ਕੂਚ ਕਰਦੇ ਤੜਕਸਾਰ ਦਰਿਆ ਦੇ ਕਿਨਾਰੇ ਜਾ ਪਹੁੰਚੇ। ਤੁੰਮਣਦਾਰ ਪਾਰ ਡੇਰੇ ਲਾਈ ਬੈਠਾ ਸੀ। ਰੁੱਤ ਕੱਤੇ ਮੱਘਰ ਦੀ ਸੀ। ਕੁਛ ਬੱਦਲਵਾਈ ਤੇ ਬਰਖਾ ਫੁਹਾਰ ਪੈ ਰਹੀ ਸੀ, ਇਸ ਕਰਕੇ ਸਲਾਹ ਹੋਈ ਕਿ ਦੋ ਜਣੇ ਤਰ ਕੇ ਪਾਰ ਜਾਣ ਤੇ ਦੁਸ਼ਮਣ ਦਾ ਸਾਰਾ ਥਹੁ ਥਿਤਾ ਲੈ ਆਉਣ, ਫੇਰ ਜਾਣੂ ਹੋ ਕੇ ਰਾਤੀਂ ਪਾਰ ਚੱਲੀਏ ਤੇ ਦਿਨ ਹੁੰਦੇ ਜੰਗ ਮਚਾ ਦੇਈਏ। ਸੁੱਖਾ ਸਿੰਘ ਤੇ ਮਨਸਾ ਸਿੰਘ ਨੇ ਇਹ ਕੰਮ ਆਪਣੇ ਸਿਰ ਲਿਆ ਅਰ ਠਿੱਲ੍ਹ ਕੇ ਪਾਰ ਹੋਏ। ਇਸ ਵੇਲੇ ਅਜੇ ਧੁੰਦ ਜਿਹੀ ਸੀ। ਕੁਦਰਤ ਐਸੀ ਬਣੀ ਕਿ ਜਦ ਪਾਰ ਢਾਏ ਤੇ ਉਤੇ ਤੇ ਸਿਰਾਂ ਤੋਂ ਕਪੜੇ ਲਾਹ ਕੇ ਪਹਿਨੇ, ਸ਼ਸਤ੍ਰ ਸੰਭਾਲੇ ਤੇ ਹੋਰਵੇਂ ਦਾ ਭੇਸ ਬਣਾ ਕੇ ਤੁਰੇ ਤਾਂ ਐਨ ਸਦਰਹਮਤ ਖਾਂ ਦੇ ਡੇਰੇ ਦੇ ਪਿਛਲੇ ਪਾਸੇ ਜਾ ਨਿਕਲੇ, ਜਦ ਸਦਰਹਮਤ ਖਾਂ ਦੇ ਡੇਰੇ ਦੇ ਪਿਛਲੇ ਪਾਸੇ ਜਾ ਨਿਕਲੇ, ਜਦ ਸਦਰਹਮਤ ਖਾਂ ਇਸ ਵੇਲੇ ਪਾਣੀ ਦਾ ਲੋਟਾ ਹੱਥ ਵਿਚ ਲਈ ਮੈਦਾਨ ਖੇਲਣ ਲਈ ਢਾਹੇ ਤੇ ਇਧਰ ਆ ਰਿਹਾ ਸੀ। ਧੁੰਦ ਦੇ ਵਿਚੋਂ ਅਚਾਨਕ ਦੋ ਨਾ ਸਿਞਾਤੀਆਂ ਜਾਣ ਵਾਲੀਆਂ ਸੂਰਤਾਂ ਨਿਕਲੀਆਂ ਵੇਖ ਕੇ ਹੈਂਕੜ ਨਾਲ ਪੁੱਛਦਾ ਹੋ, ਕੌਣ ਹੋ? ਹੈਂਕੜ ਵਿਚ ਆ ਕੇ ਤੁੰਮਣਦਾਰ ਨੇ ਕਿਹਾ, ਮੈਂ ਸਦਰਹਮਤ ਖਾਂ ਤੁੰਮਣਦਾਰ ਹਾਂ। ਇਹ ਸੁਣ ਕੇ ਸਿੱਖਾਂ ਨੂੰ ਤਸੱਲੀ ਹੋ ਗਈ। ਪੁੱਛਣ ਲੱਗੇ, ਭਲੇ ਪੁਰਖਾ! ਸਿੱਖ ਅਸੀਂ ਹੋਏ ਤੇ ਕੈਦ ਸਾਰਾ ਪਿੰਡ ਪਾ ਦਿੱਤਾ ਹੈ, ਇਹ ਕੀ ਇਨਸਾਫ ਹੈ?

ਸਦਰਹਮਤ ਖਾਂ - ਬੱਸ ਇਨਸਾਫ ਦੀ ਖੂਬੀ ਦੇਖੋ ਕਿ ਤੁਸੀਂ ਸਰਨ ਆ ਗਏ ਹੋ।

ਸਿੱਖ - ਸ਼ਰਨ ਨਹੀਂ ਆਏ, ਅਸੀਂ ਤਾਂ ਮਰਨ ਮਾਰਨ ਆਏ ਹਾਂ।

ਸਦਰਹਮਤ ਖਾਂ ਨੇ ਇਸ ਵੇਲੇ ਕਾਂਬਾ ਖਾਧਾ ਅਰ ਜ਼ੋਰ ਦੀ ਆਵਾਜ਼ ਦਿੱਤੀ। ਆਵਾਜ਼ ਤਾਂ ਕਿੱਥੇ ਪਹੁੰਚਣੀ ਸੀ? ਮਨਸਾ ਸਿੰਘ ਨੇ ਕਿਹਾ, ਲੈ ਤੇਰਾ ਆਖਰੀ ਵੇਲਾ ਹੈ, ਆਪਣੇ ਗੁਨਾਹਾਂ ਦਾ ਫਲ ਭੋਗ ਲੈ। ਕਤਲਾਂ ਦੇ ਬਦਲੇ ਕਤਲ ਹੋ ਜਾਹ। ਇਹ ਕਹਿੰਦੇ ਹੀ ਸਿੱਖ ਨੇ ਆਪਣੀ ਤਲਵਾਰ ਸਦਰਹਮਤ ਖਾ ਨੂੰ ਦਿੱਤੀ ਤੇ ਦੂਸਰੀ ਤਲਵਾਰ ਸੂਤ ਕੇ ਕਿਹਾ, ਆ ਦੋ ਹੱਥ ਕਰ ਲੈ। ਸਦਰਹਲਮ ਖਾਂ ਇਸ ਅਚਾਨਕ ਘੋਲ ਲਈ ਤਿਆਰ ਨਹੀਂ ਸੀ, ਪਰ ਕਰਦਾ ਕੀ, ਆਖਰ ਜੋਧਾ ਸੀ ਸੋ ਤਲਵਾਰ ਲੈ ਕੇ

ਵਧਿਆ, ਦੋ ਹੱਥ ਕੀਤੇ, ਪਰ ਫੁਰਤੀਲੇ ਸਿੱਖ ਦੇ ਅੱਗੇ ਪੇਸ਼ ਨਾ ਗਈ, ਦੋ ਚਾਰ ਪਰਸਪਰ ਦੇ ਵਾਰਾਂ ਵਿਚ ਮਾਰਿਆ ਗਿਆ। ਉਧਰ ਉਸਦੇ ਕੁਛ ਆਦਮੀ, ਜੋ ਹੁਣ ਆ ਪਹੁੰਚੇ ਸੇ, ਸਰਦਾਰ ਨੂੰ ਕਤਲ ਹੋਯਾ ਦੇਖ ਕੇ ਚੱਕਰਾਏ ਤੇ ਨੱਠੇ। ਧੁੰਦ ਦੇ ਕਾਰਨ ਇਹ ਪਤਾ ਬੀ ਨਾ ਕਰ ਸਕੇ ਕਿ ਦੋ ਸਿੱਖ ਹਨ। ਬੱਸ ਇਹੋ ਹਰੌਲੀ ਮੱਚ ਗਈ ਆ ਗਏ, ਸਿੱਖ ਆ ਪਏ। ਤੁੰਮਣਦਾਰ ਦਾ ਕਤਲ ਤੇ ਸਿੱਖਾਂ ਦਾ ਆ ਪੈਣਾ ਉਹ ਹੈਰਾਨੀ ਪਾ ਗਿਆ ਕਿ ਗਿਲਜੇ ਤੇ ਪੰਜਾਬੀ ਸਿਪਾਹੀ ਉਠ ਭੱਜੇ। ਇਧਰ ਇਹ ਤਮਾਸ਼ਾ ਮਚਦਾ ਦੇਖ ਕੇ ਇਹ ਪਿੱਛੇ ਮੁੜੇ। ਦਰਿਆ ਦੇ ਪਾਰ ਖਾਲਸਾ ਜੀ ਉਡੀਕ ਰਹੇ ਸੇ। ਪਰ ਜਾ ਕੇ ਅਚਾਨਕ ਮਿਲ ਗਈ ਜਿੱਤ ਦੀ ਖਬਰ ਦਿੱਤੀ। ਸੁਣਦੇ ਸਾਰ ਸਾਰਾ ਦਲ ਉਰਾਰ ਆਇਆ। ਜੈਕਾਰੇ ਗਜਾਉਂਦੇ ਹੁਣ ਸਾਰੇ ਬੁਲਾਕੀ ਚੱਕ ਆ ਵੜੇ ਅਰ ਭਾਰੀ ਦੀਵਾਨ ਲਗਾਯਾ। ਇਸ ਦੀਵਾਨ ਵਿਚ ਫੈਸਲਾ ਹੋਇਆ ਕਿ ਸੁਖਾ ਸਿੰਘ, ਮਨਸਾ ਸਿੰਘ ਨੂੰ ਇਸ ਇਲਾਕੇ ਦਾ ਸਰਦਾਰ ਥਾਪਿਆ ਜਾਵੇ। ਇਹ ਇੱਥੇ ਫੌਜ ਇਕੱਠੀ ਕਰਨ ਅਰ ਸਿੱਖਾਂ ਦੇ ਲੁਕਣ ਲਈ ਰੱਖਾਂ ਤੇ ਥਾਉਂ ਬਨਾਉਣ, ਸੋ ਇਨ੍ਹਾਂ ਨੂੰ ਰਾਜ ਤਿਲਕ ਦੇ ਕੇ ਕੁਛ ਸਿੰਘ ਨਾਲ ਰਹੇ ਤੇ ਬਾਕੀ ਜੱਥਾ ਟੁਰ ਗਿਆ। ਅਜੇ ਛੇ ਸੱਤ ਮਹੀਨੇ ਗੁਜਰੇ ਸਨ, ਜੇਠ ਦੇ ਦਿਨ ਸਨ, ਸੰਧਯਾ ਪਈ ਲੋਕੀ ਕੋਠਿਆਂ ਤੇ ਬੈਠੇ ਰੋਟੀਆਂ ਖਾ ਰਹੇ ਸਨ ਕਿ ਆਵਾਜ਼ ਆਈ ਜੋ ਗਿਲਜੇ ਪਿਛਲਾ ਬਦਲਾ ਲੈਣ ਆਏ ਹਨ! ਬੁਲਾਕੀ ਚੱਕਾਂ ਵਿਚ ਹੁਣ ਉਹ ਡਰ ਦਾ ਮਾਦਾ ਨਹੀਂ ਸੀ, ਸਿੱਖੀ ਦੀ ਰੂਹ ਭਰ ਚੁੱਕੀ ਸੀ ਹਰ ਮਨੁੱਖ ਤੀਮੀਂ ਵਿਚ ਸਾਹਸ ਸੀ ਅਰ ਲਗਭੱਗ ਬਹੁਤੇ ਸਿੱਖ ਹੋ ਚੁੱਕੇ ਸਨ। ਕੁਛ ਸਰਦਾਰਾਂ ਦੇ ਕੋਲ ਬੀ ਹੁਣ ਚੰਗੀ ਗਿਣਤੀ ਸਿੱਖ ਜੁਆਨਾਂ ਦੀ ਰਹਿੰਦੀ ਸੀ। ਗੱਲ ਕੀਹ ਉਸੇ ਵੇਲੇ ਹਰ ਕੋਈ ਉਠ ਪਿਆ। ਹੋਰ ਹਥਿਆਰ ਕਿਸੇ ਦੇ ਹੱਥ ਆਯਾ ਉਹ ਹੀ ਮੋਢੇ ਧਰ ਲਿਆ ਤ੍ਰੀਮਤਾਂ ਤਕ ਤਲਵਾਰਾਂ, ਕਹੀਆਂ, ਟੋਕੇ, ਦਾਤ੍ਰੀਆਂ ਤੱਕ ਲੈ ਕੇ ਮਗਰ ਟੁਰ ਪਈਆਂ{ ਗਿਲਜੇ ਦਿਨ ਦੇ ਥੱਕੇ ਹੋਏ ਦੋ ਕੋਹ ਪਰੇ ਹੀ ਉਤਰ ਪਏ ਸਨ, ਗਰਮੀ ਦੀ ਰੁੱਤ ਸੀ। ਉਹ ਕੀਹ ਜਾਣਦੇ ਸਨ ਕਿ ਅੱਗੋਂ ਕਿਸੇ ਏਥੇ ਵਧ ਕੇ ਆ ਕੇ ਟਾਕਰਾ ਕਰ ਦੇਣਾ ਹੈ। ਉਨ੍ਹਾਂ ਨੇ ਤਾਂ ਅਗਲੀ ਸਵੇਰੇ ਬੁਲਾਕੀ ਚੱਕਾਂ ਤੇ ਹਮਲਾ ਕਰਨਾ ਸੀ। ਸੋ ਰਾਤ ਦੇ ਆਰਾਮ ਲਈ ਡੇਰੇ ਕਰ ਰਹੇ ਗਿਲਜਿਆਂ ਦੀ ਖਾਤਰ ਸ਼ੁਰੂ ਹੋ ਪਈ। ਘੋਰ ਯੁੱਧ ਹੋਇਆ, ਦੋ ਹੀ ਘੰਟੇ ਦੇ ਘਮਸਾਨ ਵਿਚ ਬਹੁਤ ਸਾਰੇ ਮਰੇ ਤੇ ਬਾਕੀ ਦੇ ਘਬਰਾ ਕੇ ਸਿਰਾਂ ਤੇ ਅੱਡੀਆਂ ਰੱਖ ਕੇ ਪਿਛਲੇ ਪੈਰੀਂ ਉਠ ਦੌੜੇ, ਨਾਲੇ ਨੱਸੀ ਜਾਣ ਤੇ ਨਾਲੇ ਲਾਹੌਲਾਂ ਪੜ੍ਹਦੇ ਜਾਣ, ਥੂਹ ਥੂਕ ਬੁਲਾਕੀ ਚੱਕਾਂ ਦੇ। ਅਰਥਾਤ ਉਸਦੀ ਦਾੜ੍ਹੀ ਤੇ ਥੁਕ ਹੈ ਜੋ ਫੇਰ ਕਦੇ ਬੁਲਾਕੀ ਚੱਕਾਂ ਵੱਲ ਮੂੰਹ ਕਰੇ। ਤਦ ਤੋਂ ਉਸ ਇਲਾਕੇ ਵਿਚ ਕਈ ਸਿੱਖ ਲੋੜ ਪਈ ਤੇ ਜਾ ਲੁਕਦੇ ਹਨ ਤੇ ਪੰਥ ਦੀ ਲੋੜ ਵੇਲੇ ਦੇਸ਼ ਵਿਚ ਆਉਂਦੇ ਹਨ।

ਆਗਾ - ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਮੇਰੇ ਭਰਾ ਐਸੇ ਐਸੇ ਬਹਾਦਰੀ ਤੇ ਕੁਰਬਾਨੀ ਦੇ ਕੰਮ ਕਰਦੇ ਹਨ ਤੇ ਆਪਣੇ ਵੈਰੀਆਂ ਨੂੰ ਐਸੀਆਂ ਮੂੰਹ ਦੀਆਂ ਲਵਾਉਂਦੇ ਹਨ। ਧੰਨ ਹਨ ਉਹ! ਸ਼ੁਕਰ ਹੈ ਕਿ ਹੁਣ ਮੇਰੀ ਤਲਵਾਰ ਬੀ ਉਸ ਪਿਆਰੇ ਦੇਸ਼ ਦੀ ਰਖਿਆ ਵਿਚ ਚਮਕਿਆ ਕਰੇਗੀ ਅਰ ਮੇਰੀਆਂ ਰਗਾਂ ਦਾ ਖੂਨ ਆਪਣੀ ਜਨਮ ਭੂਮੀ ਦੀ ਸੇਵਾ ਕਰਦਾ ਉਸੇ ਪਵਿੱਤਰ ਧਰਤੀ ਵਿੱਚ ਸਮਾਏਗਾ, ਜਿਸ ਤੋਂ ਕਿ ਪੈਦਾ ਹੋਇਆ ਸੀ। ਸਿੰਘ ਜੀ! ਆਪ ਨੂੰ ਆਪਣੀ ਕੌਮ ਦੇ ਬੜੇ ਹਾਲ ਮਲੂਮ ਹਨ।

ਜਸਵੰਤ ਸਿੰਘ - ਅਸੀਂ ਸਾਰਾ ਪੰਥ ਇਕ ਟੱਬਰ ਹਾਂ। ਸਾਰਾ ਲੰਗਰ ਇੱਕ ਹੈ। ਸਾਡੇ ਭੈ ਤੇ ਦੁਖ ਸਾਂਝੇ ਹਨ। ਸਾਡੇ ਘਰਾਂ ਵਿਚ ਸਿਵਾ ਭਗਤੀ ਤੇ ਸੇਵਾ ਦੇ ਹੋਰ ਕੋਈ ਕਥਾ ਨਹੀਂ, ਮੌਤ ਲਈ ਅਸੀਂ ਤਿਆਰ ਰਹਿੰਦੇ ਹਾਂ, ਸ਼ਸਤ੍ਰ ਤੇ ਜੰਗ, ਸ਼ਹੀਦੀ ਤੇ ਮੌਤ, ਇਹੋ ਗੱਲਾਂ ਹਰ ਸਿੱਖ ਘਰ, ਹਰ ਸਿੱਖ ਮੰਡਲੀ ਵਿਚ ਹੁੰਦੀਆਂ ਹਨ। ਬੱਚੇ-ਬੱਚੇ ਨੂੰ ਪੰਥ ਦੇ ਹਾਲਾਤ ਦਾ ਪਤਾ ਹੈ। ਅਸੀਂ ਸਾਰੇ ਪੰਥ ਦੇ ਬੰਦੇ ਇਕ ਜਾਨ ਹਾਂ, ਇਕ ਖੂਨ ਲੱਖਾਂ ਪੰਥ ਦੀਆਂ ਨਾੜਾਂ ਵਿਚ ਜੋਸ਼ ਮਾਰਦਾ ਹੈ, ਸਾਰੇ ਇਕ ਦੇ ਪੁੱਤਰ ਹਾਂ ਤੇ ਇਸੇ ਕਰਕੇ ਸਕੇ ਭਰਾ ਭੈਣ ਹਾਂ, ਦੇਸ਼ ਜਾਓਗੇ ਤਾਂ ਵੇਖੋਗੇ। ਕੁਛ ਹਾਲ ਤਾਂ ਮੈਨੂੰ ਪਤਾ ਸਨ, ਪਰ ਬਹੁਤੀਆਂ ਗੱਲਾਂ ਮੈਨੂੰ ਪਿੱਛੇ ਆਏ ਸੰਤ ਜੀ ਬੀ ਦੱਸ ਗਏ ਹਨ।

ਕਾਂਡ ਇਕੀਵਾਂ

ਪੰਜਾਬ ਵਿੱਚ ਮਰਹੱਟਿਆਂ ਦਾ ਜ਼ੋਰ ਵਧ ਜਾਣ ਦੀਆਂ ਸੋਆਂ ਸੁਣ ਸੁਣ ਕੇ ਆਗਾ ਖਾਂ ਦੀ ਸਲਾਹ ਇਹ ਹੋ ਰਹੀ ਸੀ ਕਿ ਉੱਪਰ ਦੇ ਰਸਤੇ ਪੈ ਜਾਵੇ ਤੇ ਮਾਲਾਕਾਂਦ ਦੇ ਦਰੇ ਤੋਂ ਹਿੰਦੁਸਤਾਨ ਵਿੱਚ ਪ੍ਰਵੇਸ਼ ਕਰੇ ਤੇ ਸਿੱਧਾ ਦਰਬੰਦ ਯਾ ਪਿਦਰੁ ਦੇ ਪੱਤਣ ਕੋਲੋਂ ਅਟਕ ਨੂੰ ਪਾਰ ਕਰੇ, ਪਰ ਕਾਫਲੇ ਨੇ ਪਿਸ਼ੌਰ ਜਾਣਾ ਸੀ ਤੇ ਇਹ ਬੀ ਆਸਾਨ ਸੀ ਕਿ ਕਾਫਲੇ ਨੂੰ ਮਾਲਾਕਾਂਦ ਟੱਪ ਕੇ ਪਿਸ਼ੌਰ ਵੱਲ ਚਾਰਸੱਦੇ ਦੇ ਰਸਤੇ ਪਹੁੰਚਾ ਦੇਵੇ। ਇਹ ਸਲਾਹਾਂ ਉਸਨੂੰ ਇਸ ਜੱਕੋ-ਤੱਕੀ ਦੇ ਹਾਲਾਤ ਵਿਚ ਫੁਰ ਰਹੀਆਂ ਹਨ ਕਿ ਪਹਿਲੀ ਖਬਰ ਮਰਹੱਟਿਆਂ ਦੇ ਪਿਸ਼ੌਰ ਅੱਪੜ ਜਾਣ ਦੀ ਤੇ ਜਮਰੌਦ ਤੇ ਨਾਕਾ ਬੰਨ੍ਹਣ ਦੀ ਅੱਪੜੀ ਸੀ। ਸੋ ਉਹ ਕਾਫਲੇ ਨੂੰ ਹੋਤੀ ਪਹੁੰਚਾ ਕੇ ਆਪ ਉਪਰਲੇ ਪੱਤਣੋਂ ਅਰਥਾਤ ਅਟਕ ਦੇ ਪੱਤਣ ਤੋਂ ਉੱਤੇ-ਉੱਤੇ ਅੰਮ੍ਰਿਤਸਰ ਵੱਲ ਨਸ ਜਾਣ ਦੀ ਠਾਣ ਰਿਹਾ ਸੀ, ਪਰ ਜੇ ਮਰਹੱਟੇ ਅਟਕ ਤੇ ਹੀ ਅਟਕੇ ਹੋਣ ਅਰ ਅੱਗੇ ਨਾ ਵਧੇ ਹੋਣ ਤਦ ਵੱਧ ਸਲਾਮਤੀ ਏਸ ਵਿਚ ਸੀ ਕਿ ਕਾਫਲਾ ਖੈਬਰ ਦੇ ਰਸਤੇ ਸਿੱਧਾ ਪਿਸ਼ੌਰ ਅੱਪੜੇ ਤੇ ਆਗਾ ਖਾਂ ਪਿਸ਼ੌਰ ਤੋਂ ਸ਼ਾਹਬਾਜ਼ ਗੜ੍ਹੇ ਦੇ ਰਸਤੇ - ਉਸ ਰਸਤੇ, ਜੋ ਬਹੁਤ ਪੁਰਾਣਾ ਹੈ ਅਰ ਜਿਸ ਰਸਤੇ ਪ੍ਰਸਿੱਧ ਚੀਨੀ ਮੁਸਾਫਿਰ ਲੰਘੇ ਸੇ ਤੇ ਜਿਸ ਪਰ ਰਾਜਾ ਅਸ਼ੋਕ ਦਾ ਖੁਤਬੇ ਦਾ ਪੱਥਰ ਹੁਣ ਤਕ ਪਿਆ ਹੈ - ਲੰਘੇ ਤੇ ਦਰਿਯਾ ਸਿੰਧ ਤੋਂ ਪਾਰ ਹੋ ਜਾਵੇ। ਹਰ ਹਾਲ ਪਿਸ਼ੌਰੋਂ ਅੱਗੇ ਦਾ ਰਸਤਾ ਤਾਂ ਉਹ ਮਨ ਵਿਚ ਮਿੱਥ ਚੁੱਕਾ ਸੀ, ਪਰ ਪਿਸ਼ੌਰ ਅੱਪੜਨ ਬਾਬਤ ਵਿਚਾਰ ਫੁਰ ਰਹੇ ਸਨ ਕਿ ਸਿੱਧਾ ਜਾਏ ਕਿ ਉਪਰਲੇ ਰਸਤੇ ਜਾਏ। ਖੈਬਰ ਵਲ ਅਫਰੀਦੀਆਂ ਆਦਿਕ ਪਠਾਣ ਕੌਮਾਂ ਦਾ ਡਰ ਬੀ ਸੀ, ਪਰ ਹਸਨ ਖਾਂ ਦਾ ਜੋ ਸਿੱਕਾ ਉਥੇ ਸੀ ਉਸ ਕਰਕੇ ਤੌਖਲਾ ਘੱਟ ਸੀ।

ਸੋ ਇੱਥੇ ਦੋ ਕੁ ਦਿਨ ਠਹਿਰ ਕੇ ਸੂੰਹੀਏਂ ਅੱਗੇ ਘੱਲ ਕੇ ਸੂੰਹਾਂ ਕੱਢੀਆਂ ਤਾਂ ਪਤਾ ਲੱਗਾ ਕਿ ਝੁਨਕਾਰ ਰਾਓ ਮਰਹੱਟਾ ਸੈਨਾਪਤ ਅਟਕ ਦੇ ਕਿਲ੍ਹੇ ਵਿਚ ਹੀ ਨਾਕਾਬੰਦੀ ਕੀਤੀ ਬੈਠਾ ਹੈ ਤੇ ਖੈਬਰ ਤੋਂ ਲੈ ਕੇ ਖੈਰਾਬਾਦ ਤਕ ਮਰਹੱਟਿਆਂ ਦਾ ਕੋਈ ਵਸੀਕਾਰ ਅਜੇ ਨਹੀਂ ਬਣਿਆਂ। ਆਗਾ ਖਾਂ ਨੂੰ ਹੁਣ ਤਾਂਘ ਛੇਤੀ

ਅੱਪੜਨ ਦੀ ਸੀ। ਕਾਫਲਾ ਪਹੁੰਚਾਉਣਾ ਸੀ, ਪਰ ਤਾਂਘ ਡਾਢੀ ਇਹੋ ਲੱਗ ਰਹੀ ਸੀ ਕਿ ਕਦ ਆਪਣੇ ਪਿਆਰੇ ਪਿਤਾ ਦੀ ਛਾਤੀ ਨਾਲ ਸਿਰ ਲਾ ਕੇ ਪਿਆਰ ਲਵੇ। ਸੂੰਹਾਂ ਦੇ ਆ ਜਾਣ ਤੇ ਉਸ ਨੇ ਖੈਰ ਦਾ ਰਸਤਾ ਹੀ ਠੀਕ ਜਾਤਾ ਤੇ ਭੱਟੀ ਕੋਟ ਪਹੁੰਚਾ, ਏਥੋਂ ਫੇਰ ਵਾਗਾਂ ਇਧਰ ਢੱਕੇ ਨੂੰ ਸਿੱਧੀਆਂ ਮੋੜ ਦਿੱਤੀਆਂ।

ਜਸਵੰਤ ਤੇ ਸਾਂਈਂ ਜੀ ਨੂੰ ਮਿਲਣ ਗਿਲਣ ਵਾਸਤੇ ਆਗਾ ਖਾਂ ਦੀ ਆਵਾਜਾਈ ਉਨ੍ਹਾਂ ਦੇ ਡੇਰੇ ਹੁਣ ਕੁਛ ਵਧ ਗਈ ਤੇ ਕਾਫਲੇ ਵਿਚ ਕੁਛ ਕੰਨੋ ਸੁਣੀ ਗੱਲਬਾਤ ਬੀ ਹੋਣ ਲੱਗ ਪਈ ਕਿ ਸਾਡੇ ਅਗੁਵਾਨੀ ਸਰਦਾਰ ਜੀ ਇਨ੍ਹਾਂ ਸਿੱਖਾਂ ਨੂੰ ਬਹੁਤ ਮਿਲਦੇ ਹਨ। ਭਾਵੇਂ ਕਾਰਨ ਕੁਛ ਨਹੀਂ ਸੀ ਭਾਸਦਾ ਤੇ ਨਾ ਹੀ ਕੁਛ ਕੋਈ ਤੂਤ ਭੀਤੀ ਕੱਢ ਸਕਦਾ ਸੀ ਪਰ ਜਗਤ ਆਰਸੀ ਵਿਚ ਵਧੇਰੇ ਮੇਲ ਦਾ ਅਕਸ ਪ੍ਰਤੀਤ ਹੋਣ ਲਗ ਗਿਆ ਸੀ। ਅਫਗਾਨ ਸਵਾਰਾਂ ਦਾ ਦਸਤਾ, ਜੋ ਆਗਾ ਦੀ ਮਾਤਹਿਤੀ ਵਿਚ ਸੀ, ਉਨ੍ਹਾਂ ਦਾ ਖਿਆਲ ਆਇਆ ਤਾਂ ਸਹੀ, ਪਰ ਤੌਖਲਾ ਨਹੀਂ ਪਿਆ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਕਾਬਲ ਦੇ ਰਹਿਣ ਵਾਲੇ ਸਿੱਖ ਹਨ ਤੇ ਇਨ੍ਹਾਂ ਸਿੱਖਾਂ ਨੂੰ ਉਹ ਆਪਣੇ ਦੇਸ਼ ਦੇ ਵਪਾਰੀ ਸਮਝਦੇ ਹਨ, ਜਿਨ੍ਹਾਂ ਬਿਨਾਂ ਉਨ੍ਹਾਂ ਦਾ ਲੈਣ ਦੇਣ, ਵੰਡ ਵਿਹਾਰ, ਵਪਾਰੀ ਸਮਾਨਾਂ ਦਾ ਝੱਟ ਨਹੀਂ ਸੀ ਲੰਘ ਸਕਦਾ। ਇਨ੍ਹਾਂ ਬਾਬਤ ਉਨ੍ਹਾਂ ਨੂੰ ਇਹ ਤੌਖਲਾ ਕਦੇ ਨਹੀਂ ਸੀ ਪੈਂਦਾ ਜੋ ਪੰਜਾਬ ਦੇ ਨਿਰਭੈ ਵਿਚਰਦੇ ਤੇ ਜੰਗ ਮਚਾਉਂਦੇ ਖਾਲਸੇ ਦਾ ਹਾਲ ਸੁਣ ਸੁਣ ਕੇ ਪੈਂਦਾ ਸੀ। ਸੋ ਸਫਰ ਤੇ ਹੁੰਦਾ ਰਿਹਾ ਤੇ ਕੋਈ ਘਟਨਾ ਕਲੇਸ਼ ਵੀ ਕਿਤੇ ਨਹੀਂ ਹੋਈ। ਆਗਾ ਖਾਂ ਦੀ ਸ਼ਹਜ਼ੋਰੀ, ਉਸਦੀ ਜਵਾਨੀ, ਸ਼ੇਰ-ਸੂਰਤ ਤੇ ਸਿਪਾਹੀ ਰੌ ਦਾ ਦਿਲੀ ਉਛਾਲ ਉਨ੍ਹਾਂ ਨੂੰ ਭਾ ਰਿਹਾ ਸੀ ਤੇ ਆਪਣੇ ਸਰਦਾਰ ਦੀ ਮਗਰੂਰੀ ਦਿਲ ਵਿੱਚ ਲਈਂ ਬੜੇ ਰਗਾਂ ਨਾਲ ਹੁਕਮ ਮੰਨੀ ਚਲੇ ਜਾ ਰਹੇ ਸਨ। ਆਗਾ ਖਾਂ ਦੀ ਖੁਸ਼ੀ ਅਮੇਟ ਸੀ ਤੇ ਸਾਂਈ ਬੜੀ ਪ੍ਰਸੰਨ ਸੀ ਕਿ ਉਸਦੀ ਸਾਰੀ ਉਮਰਾ ਦੀ ਘਾਲ ਸਿਰੇ ਚੜ੍ਹ ਪਈ ਹੈ। ਪਰ ਸਤਵੰਤ ਦਾ ਖਖੇੜਾ ਦੇਖ ਚੁੱਕਾ ਮਨ ਅਜੇ ਕਿਸੇ ਵੇਲੇ ਘਬਰਾ ਜਾਂਦਾ ਸੀ ਕਿ ਹੇ ਵਾਹਿਗੁਰੂ - ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਣਉ ਕਿਆ ਹੋਇ।' ਤੂੰ ਹੀ ਬੇੜੇ ਬੰਨੇ ਲਾਉਣ ਵਾਲਾ ਹੈਂ, ਤੇਰੀ ਮਿਹਰ ਹੋਵੇ।

ਗੱਲ ਕੀ ਇਥੋਂ ਬੀ ਕਾਫਲਾ ਟੁਰਿਆ ਤੇ ਢੱਕੇ ਆ ਡੇਰੇ ਲਾਏ, ਏਥੋਂ ਸਰਹੱਦੀ ਪਠਾਣ ਕੌਮਾਂ ਦਾ ਮਾਨੋਂ ਆਰੰਭ ਹੋ ਜਾਂਦਾ ਹੈ। ਸਰਹੱਦ ਦੀਆਂ ਕੌਮਾਂ ਦੇ ਹੱਥੋਂ ਅਕਬਰ ਬੀ ਤੰਗ ਹੁੰਦਾ ਰਿਹਾ ਤੇ ਹੁਣ ਤਕ ਸਾਰੇ ਹਿੰਦ ਦੇ ਪਾਤਸ਼ਾਹ ਇਨ੍ਹਾਂ ਦਾ ਪ੍ਰਬੰਧ ਖਾਸ ਰੱਖਦੇ ਆਏ ਹਨ। ਏਹ ਨਾ ਕਾਬਲ ਦੀ ਈਨ ਮੰਨਦੇ ਹਨ ਨਾ ਇਧਰ ਦੇ ਜਬ੍ਹੇ ਹੇਠ ਆਉਂਦੇ ਹਨ। ਹਾਂ ਜੇ ਕਦੇ ਲੋਹਾ ਮੰਨਦੇ ਹਨ ਤਾਂ ਜ਼ੋਰਾਵਰ ਦਾ।

ਇਥੋਂ ਇਕ ਟਿਕਾਣੇ ਆਗਾ ਖਾਂ ਨੇ ਕੁਛ ਆਦਮੀ ਇਕ ਰੁੱਖ ਹੇਠ ਐਉਂ ਬੈਠੇ ਤੱਕੇ ਜੀਕੂੰ ਪਠਾਣ ਜਿਰਗਾ ਕਰਨ ਬੈਠੇ ਹਨ। ਇਸ ਨੇ ਪਾਸ ਜਾ ਕੇ ਕੀ ਦੇਖਿਆ ਕਿ ਇਹ ਤਾਂ ਸਿੱਖ ਹਨ ਤੇ ਇੱਕ ਸਿੱਖ ਮੁਜ਼ਰਮ ਵਾਂਗੂੰ ਬੈਠਾ ਹੈ ਤੇ ਬਾਕੀ ਦੇ ਕੁਝ ਵਿਚਾਰਾਂ ਕਰ ਰਹੇ ਹਨ। ਏਹ ਸਿੱਖ ਪੰਜਾਬੀ ਨਹੀਂ ਪਰ ਉਸੇ ਇਲਾਕੇ ਦੇ ਸਨ। ਪਤਾ ਕਰਨ ਤੇ ਸਿੱਖਾਂ ਨੇ ਦੱਸਿਆ ਕਿ ਇਹ ਸਾਡਾ ਭਰਾ ਹੈ, ਇਸ ਨੇ ਅੱਜ ਸਾਡੀ ਸ਼ਰਹ ਦੇ ਵਿਰੁੱਧ ਇਕ ਦੂਜੇ ਸਿੱਖ ਨਾਲ ਨਾਰਾਜ਼ ਹੋ ਕੇ ਉਸਨੂੰ ਗਾਲ੍ਹਾਂ ਦਿੱਤੀਆਂ ਹਨ। ਫੇਰ ਇਕ ਪਠਾਣ ਪਾਸ ਉਸਦੀ ਨਿੰਦਿਆ ਕੀਤੀ ਹੈ ਤੇ ਕੁਛ ਸਲਾਹ ਮਸ਼ਵਰਾ ਕੀਤਾ ਹੈ ਕਿ ਉਸ ਦੀ ਮਦਦ ਨਾਲ ਕਿਸੇ ਵੇਲੇ ਇਸ ਨੂੰ ਮਾਰ ਕੁਟਾਈ ਕਰੇ। ਆਗਾ ਖਾਂ ਨੇ ਹੈਰਾਨ ਹੋ ਕੇ ਪੁਛਿਆ ਜਦ ਦੋਂਹਾਂ ਦੀ ਲੜਾਈ ਹੋ ਪਈ ਤਾਂ ਦੋਹਾਂ ਨੂੰ ਆਪੋ ਵਿਚ ਜਿਸ ਤਰ੍ਹਾਂ ਬਣ ਪਵੇ ਬਦਲੇ ਲੈਣ ਦਾ ਹੱਕ ਹੈ। ਤੁਸੀਂ ਇਸ ਉਤੇ ਜ਼ਿਰਗਾ ਕਿਉਂ ਬੈਠ ਰਹੇ ਹੋ? ਸਿੱਖਾਂ ਦੇ ਜੱਥੇਦਾਰ ਨੇ ਕਿਹਾ, ਖਾਂ ਸਾਹਿਬ! ਅਸੀਂ ਸਿੱਖ ਹਾਂ, ਸਾਡਾ ਮਤ ਤੇ ਤਰੀਕਾ ਨਿਆਰਾ ਹੈ। ਅਸੀਂ ਆਪੇ ਵਿਚ ਸਾਰੇ ਭਰਾ ਹਾਂ। ਸਾਡੇ ਵਿਚ ਜੇ ਕਿਸੇ ਗੱਲੇ ਦੋ ਭਰਾਉ ਖਫਾ ਹੋ ਜਾਣ ਤਾਂ ਗੁਰਦੁਆਰੇ ਵਿਚ ਅਸੀਂ ਫੈਸਲਾ ਕਰ ਲੈਂਦੇ ਹਾਂ। ਆਪੋ ਵਿੱਚ ਲੜਨਾ ਸਾਡੇ ਵਿਚ ਮਨ੍ਹੇ ਹੈ, ਇਥੋਂ ਤਾਈਂ ਸਾਡੀ ਸ਼ਰਹ ਦਾ ਫਤਵਾ ਹੈ ਕਿ ਜੋ ਸਿੱਖ ਸਿੱਖ ਦਾ ਮੂੰਹ ਫਿਟਕਾਰੇ ਸੋ ਤਨਖਾਹੀਆ ਹੈ। ਫਿਰ ਸਾਡੇ ਵਿਚ ਨਿੰਦਿਆ ਮਨ੍ਹੇ ਹੈ। ਕੋਈ ਸਿੱਖ ਕਿਸੇ ਸਿੱਖ ਦੀ ਨਿੰਦਿਆ ਕੰਡੂ ਪਿਛੇ ਨਹੀਂ ਕਰ ਸਕਦਾ ਅਤੇ ਫੇਰ ਗੈਰ ਮਜ਼੍ਹਬ ਵਾਲੇ ਕੋਲ? ਜੇ ਸਿੱਖ ਨੇ ਕਿਸੇ ਸਿੱਖ ਦਾ ਐਬ ਕਹਿਣਾ ਹੈ ਤਾਂ ਆਪ ਉਸਨੂੰ ਪਿਆਰ ਨਾਲ ਅੱਡ ਜਾ ਦੱਸੇ। ਜੇ ਕਿਵੇਂ ਇਹ ਗੱਲ ਨਹੀਂ ਹੋ ਸਕਦੀ ਤਾਂ ਆਪਣੇ ਪਰਿਵਾਰ ਦੇ ਵੱਡੇ ਕੋਲ ਅੰਦਰ ਖਾਨੇ ਦੱਸ ਕੇ ਉਸਨੂੰ ਸਮਝਾ ਦੇਵੇ, ਜੇ ਇਥੋਂ ਭੀ ਗੱਲ ਲੰਘ ਜਾਵੇ ਤਾਂ ਗੁਰਦੁਆਰੇ ਦੇ ਗ੍ਰੰਥੀ ਸਿੰਘ ਨੂੰ ਦੱਸੇ, ਉਹ ਜਾਂ ਆਪ ਸਮਝਾ ਦੇਵੇਗਾ ਜਾਂ ਦੀਵਾਨ ਵਿੱਚ ਦੱਸ ਕੇ ਉਸ ਤੋਂ ਪੁੱਛ ਗਿੱਛ ਹੋ ਕੇ ਸਮਝ ਸਮਝੌਤੀ ਹੋ ਜਾਏਗੀ।

ਆਗਾ ਖਾਂ ਨੇ ਕਿਹਾ - ਇਹ ਗੱਲਾਂ ਬੜੀਆਂ ਕਠਨ ਹਨ। ਤੁਹਾਡੀ ਕੌਮ ਇਨ੍ਹਾਂ ਗੱਲਾਂ ਵਿਚ ਨਿਭਦੀ ਹੈ?

ਸਿੱਖ - ਕਿਉਂ ਨਹੀਂ ਖਾਂ ਜੀ! ਅਸੀਂ ਲੋਕ ਇਕ ਪਰਿਵਾਰ ਹਾਂ, ਜੇ ਇਹ ਪਿਆਰ ਨਾ ਹੋਵੇ ਤਾਂ ਪਰਿਵਾਰ ਕਾਹਦਾ?

ਆਗਾ ਖਾਂ - ਸਬੱਬ ਕੀ ਹੈ?

ਸਿੱਖ - ਗੁਰੂ ਦਾ ਹੁਕਮ। ਹੁਕਮ ਹੈ ਕਿ (ੳ) ਸਿੱਖ ਸਿੱਖ ਦਾ ਮੂੰਹ ਨਾ ਫਿਟਕਾਰੇ। (ਅ) ਕੰਡੂ ਪਿੱਛੇ ਨਿੰਦਾ ਨਾ ਕਰੇ। (ੲ) ਕਿਸੇ ਸਿੱਖ ਯਾ ਅਸਿੱਖ ਨਾਲ ਮਿਲ ਕੇ ਸਿੱਖ ਦਾ ਬੁਰਾ ਨਾ ਕਰੇ।

ਜੇ ਇਹ ਗੱਲਾਂ ਸਾਡੇ ਵਿੱਚ ਨਾ ਰਹੀਆਂ ਤਾਂ ਅਸੀਂ ਭਰਾ ਨਹੀਂ ਰਹਿ ਸਕਾਂਗੇ। ਭਰਾ ਜੇ ਭਰਾ ਦਾ ਐਬ ਦੇਖੇ ਤਾਂ ਉਸ ਦਾ ਧਰਮ ਹੁੰਦਾ ਹੈ ਭਰਾ ਦਾ ਸੁਧਾਰ ਕਰਨਾ, ਨਾ ਕਿ ਬਦਲਾ ਲੈਣਾ, ਦੁੱਖ ਦੇਣਾ। ਜੇ ਭਰਾ ਹੀ ਆਪੇ ਵਿਚ ਵੈਰ ਕਰਨ ਤਾਂ ਬਾਹਰਲੇ ਵੈਰੀ ਦੇ ਮਾਰਨ ਦੀ ਕੀ ਲੋੜ ਹੈ, ਆਪੇ ਹੀ ਆਪੋ ਵਿਚ ਖਹਿ ਖਹਿ ਕੇ ਮਰ ਜਾਣਗੇ। ਸੋ ਸਾਡਾ ਅਸੂਲ ਇਹ ਹੈ ਕਿ ਸਿੱਖ ਦਾ ਆਪੋ ਵਿਚ ਏਕਾ ਤੇ ਪਿਆਰ ਨਾ ਟੁੱਟੇ। ਮਨੁੱਖਾ ਜਨਮ ਹੈ ਭੁੱਲ ਭੀ ਹੋਣੀ ਹੋਈ ਤੇ ਬਿਖਾਂਦ ਭੀ ਆਪੋ ਵਿਚ ਖੜ੍ਹੇ ਹੋ ਜਾਣੇ ਹੋਏ, ਸੋ ਉਸ ਲਈ ਬੰਦੋਬਸਤ ਇਹ ਹੈ ਕਿ ਸਿੱਖ ਸਿੱਖ ਦੀ ਭੁੱਲ ਦੇਖ ਕੇ ਅਣਡਿੱਠ ਕਰੇ ਯਾ ਆਪਣੇ ਭਰਾ ਦੇ ਸੁਧਾਰ ਵਿਚ ਹੋਵੇ, ਵੈਰ ਲੈਣ ਵਿਚ ਨਾ ਪਵੇ ਤੇ ਸੁਧਾਰ ਚੁੱਪ ਚਾਪ ਹੋਵੇ। ਫਿਟਕਾਰਨਾਂ ਕਿ ਨਿੰਦਾ ਕਰਨੀ ਕਿ ਉਸਨੂੰ ਆਪ ਭੰਡਣਾ ਯਾ ਮਿਰਾਸੀ ਦਾ ਗੁੱਡਾ ਬੰਨ੍ਹਣਾ, ਕਿਸੇ ਤਰ੍ਹਾਂ ਨਸ਼ਰ ਕਰਨਾ, ਸਭ ਗੱਲਾਂ ਮਨ੍ਹੇ ਹਨ। ਭਰਾ-ਭਰਾ ਦੇ ਮਾਮਲੇ ਨਜਿੱਠਣ ਲਈ ਸਿੱਖ-ਸਿੱਖ ਦਾ ਆਪਣਾ ਪਿਆਰ; ਪਰਿਵਾਰ ਦਾ ਪਿਆਰ, ਦੀਵਾਨ ਦਾ ਪਿਆਰ ਬੱਸ ਕਾਫੀ ਅਦਾਲਤਾਂ ਹਨ। ਇਸ ਸਿੱਖ ਭਰਾ ਨੇ ਜੋ ਭੁੱਲ ਕੀਤੀ ਹੈ ਇੰਨੀ ਵੱਡੀ ਹੈ ਕਿ ਅੱਜ ਪੰਥ ਦਾ ਇਹ ਜੱਥਾ ਫੈਸਲਾ ਕਰ ਰਿਹਾ ਹੈ।

*****

ਉਤਸ਼ਾਹ ਭਰਪੂਰ ਸਹਿਜ ਮਾਰਗ
(PATH OF FIRE AND LIGHT) Vol. 1

ਡਾ. ਸਵਾਮੀ ਰਾਮ ਜੀ
ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ

ਆਹਾਰ ਸਬੰਧੀ ਸਮੀਖਿਆ

ਭਾਵੇਂ ਉਨਤ ਯੋਗਾ ਅਭਿਆਸ ਅੰਤਰ ਦੀ ਖੋਜ ਤੇ ਵਧੇਰੇ ਗਿਆਨ ਦਿੰਦਾ ਹੈ ਪਰ ਇਸ ਸਾਰੇ ਕਾਰਜ ਦੀ ਸਫਲਤਾ ਲਈ ਬਾਹਰ ਦਾ ਵਾਤਾਵਰਣ ਵੀ ਓਨਾਂ ਅਵਸ਼ਕ ਹੈ ਜਿੰਨਾਂ ਸਰੀਰ ਨੂੰ ਠੀਕ ਰੱਖਣਾ। ਅਸ਼ਾਂਤ ਵਾਤਾਵਰਣ ਭਾਵੇਂ ਉਹ ਬਾਹਰ ਦਾ ਹੋਵੇ, ਚਾਹੇ ਸਰੀਰ ਦੇ ਅੰਦਰ ਦਾ ਹੋਵੇ, ਇਹ ਦੋਨੋਂ ਹੀ ਉਨਤੀ ਵਿਚ ਬਾਧਾ ਹੋ ਸਕਦੇ ਹਨ, ਅੰਦਰ ਦੀ ਚੜ੍ਹਾਈ ਔਖੀ ਹੋ ਸਕਦੀ ਹੈ। ਵਾਤਾਵਰਣ ਦੀ ਅਸ਼ਾਂਤੀ, ਸਰੀਰ ਦੀ ਬੇਅਰਾਮੀ ਮਨੁੱਖ ਦਾ ਧਿਆਨ ਆਪਣੇ ਵਿਚ ਹੀ ਖਿੱਚ ਕੇ ਰਖਦੀ ਹੈ, ਸਾਰਾ ਧਿਆਨ ਆਪਣੇ ਵਿਚ ਹੀ ਖਿੱਚ ਕੇ ਰਖਦੀ ਹੈ, ਸਾਰਾ ਧਿਆਨ ਸਰੀਰ ਦੇ ਉਸ ਭਾਗ ਵਲ ਹੀ ਰਹਿੰਦਾ ਹੈ ਜਿਥੇ ਕੋਈ ਤਕਲੀਫ ਹੋਵੇਗੀ, ਇਸ ਦੇ ਹੁੰਦਿਆਂ ਯੋਗ ਦੀ ਉਚੇਰੀ ਅਵਸਥਾ ਦੀ ਪ੍ਰਾਪਤੀ ਔਖੀ ਹੋ ਜਾਂਦੀ ਹੈ।

ਆਹਾਰ ਸਭ ਤੋਂ ਵੱਧ ਜ਼ਰੂਰੀ ਚੀਜ਼ ਹੈ, ਸਭ ਤੋਂ ਪਹਿਲਾਂ ਰੁਕਾਵਟ ਦਾ ਕਾਰਣ ਬਣ ਸਕਦੀ ਹੈ, ਜਿਹੜੇ ਯੋਗ ਦੇ ਮਾਰਗ ਤੇ ਚਲਣਾ ਚਾਹੁੰਦੇ ਹਨ, ਵਿਸ਼ੇਸ਼ ਕਰਕੇ ਉੱਨਤ ਅਭਿਆਸੀ ਬਣਨ ਦੀ ਇੱਛਾ ਰਖਦੇ ਹਨ ਉਨ੍ਹਾਂ ਲਈ ਸਰੀਰ ਤੇ ਨਾੜੀ ਤੰਤੂ ਠੀਕ ਰੱਖਣ ਲਈ ਚੇਤਨਤਾ ਨੂੰ ਉਚੇਰੀ ਲਿਜਾਣ ਲਈ ਆਹਾਰ ਦਾ ਧਿਆਨ ਰੱਖਣਾ ਉਸ ਪ੍ਰਤੀ ਨਿਯਮਬੱਧ ਹੋਣਾ ਅਤਿ ਅਵਸ਼ਕ ਹੈ। ਲਾਪ੍ਰਵਾਹੀ ਨਾਲ ਕਦੀ ਵੱਧ ਖਾ ਲੈਣਾ, ਕਈ ਵਾਰ ਬਹੁਤ ਥੋੜ੍ਹਾ ਖਾਣਾ ਜਾਂ ਗਲਤ ਚੀਜ਼ਾਂ ਖਾ ਲੈਣੀਆਂ, ਇਸ ਤਰ੍ਹਾਂ ਕਰਨ ਨਾਲ ਸਰੀਰ ਪੱਖੋਂ, ਮਾਨਸਿਕ ਪੱਖੋ ਦੋਨੋਂ ਪਾਸੋਂ ਹਾਨੀਕਾਰਕ ਹੋ ਸਕਦਾ ਹੈ। ਵਿਸ਼ੇਸ਼ ਕਰਕੇ ਪਹਿਲੇ ਪਹਿਲ ਯੋਗਾ ਅਭਿਆਸ ਲਈ ਚੇਤਨਤਾ ਦੇ ਗੁਣ, ਚੇਤਨਤਾ ਦੀ ਸਥਿਤੀ, ਨਾੜੀ ਤੰਤੂ ਦੀ ਅਵਸਥਾ ਤੇ ਸਥਿਤੀ ਤੇ ਨਿਰਭਰ ਹੈ। ਨਾੜੀ ਤੰਤੂ ਦੀ ਸਮਰਥਾ, ਕੁਸ਼ਲਤਾ, ਆਹਾਰ ਨਾਲ ਸਬੰਧ ਰਖਦੀ ਹੈ, ਅਹਾਰ ਤੋਂ ਹੀ ਪ੍ਰਭਾਵਿਤ ਹੁੰਦੀ ਹੈ।

ਜਿਹੜਾ ਖਾਣਾ ਬਾਹਰੋਂ ਠੀਕ ਲਗਦਾ ਹੋਵੇ, ਠੀਕ ਮਹਿਸੂਸ ਹੁੰਦਾ ਹੋਵੇ ਸਰਵਉਤਮ ਹੋਵੇ ਇਹ ਜ਼ਰੂਰੀ ਨਹੀਂ ਕਿ ਉਹ ਖਾਣ ਲਈ ਵੀ ਠੀਕ ਹੀ ਹੋਵੇਗਾ, ਅੰਦਰ ਦੇ ਸਰੀਰ ਲਈ ਠੀਕ ਹੋਵੇਗਾ, ਯੋਗਾ ਅਭਿਆਸ ਲਈ ਠੀਕ ਹੋਵੇਗਾ ਜਾਂ ਨਹੀਂ। ਜਿਹੜਾ ਆਹਾਰ ਚੰਗੀ ਸਿਹਤ ਲਈ ਮਨ ਲਈ ਠੀਕ ਹੋਵੇਗਾ, ਉਨ੍ਹਾਂ ਲਈ ਜਿਹੜੇ ਸਰੀਰਕ ਕੰਮ ਕਰਦੇ ਹਨ ਇਹੋ ਜਿਹਾ ਜੀਵਨ ਜੀਉਂਦੇ ਹਨ ਜਿਹੜਾ ਪਿਛਲੇ ਸਮਿਆਂ ਅੰਦਰ ਸੀ, ਅੱਜ ਦੇ ਜੀਵਨ ਲਈ ਉਹ ਠੀਕ ਨਹੀਂ ਹੋ ਸਕਦਾ, ਵਿਸ਼ੇਸ਼ ਕਰਕੇ ਯੋਗਾ ਅਭਿਆਸ ਲਈ ਨਹੀਂ ਠੀਕ ਹੋਵੇਗਾ, ਇਸ ਕਰਕੇ ਇਹ ਗੱਲ ਧਿਆਨ ਯੋਗ ਹੈ ਜਿਹੜੀ ਖੁਰਾਕ, ਜਿਹੜਾ ਆਹਾਰ ਯੋਗਾ ਦੀਆਂ ਪੁਸਤਕਾਂ ਵਿਚ ਦਸਿਆ ਹੁੰਦਾ ਹੈ ਉਹ ਯੋਗਾ ਅਭਿਆਸ ਲਈ ਹੀ ਹੁੰਦਾ ਹੈ, ਆਮ ਆਦਮੀ ਲਈ ਉਹ ਲਾਗੂ ਨਹੀਂ ਹੁੰਦਾ, ਵਿਸ਼ੇਸ਼ ਕਰਕੇ ਜਿਹੜੇ ਲੋਕ ਸੰਸਾਰਕ ਕੰਮਾਂ ਵਿਚ ਲੱਗੇ ਹੋਏ ਹਨ, ਰੋਜ਼ ਦੇ ਜੀਵਨ ਵਿਚ ਵਿਅਸਥ ਹਨ।

ਇਹੋ ਨਿਯਮ ਖਾਣੇ ਦੀ ਮਾਤਰਾ ਤੇ ਲਾਗੂ ਹੁੰਦਾ ਹੈ ਇਹ ਠੀਕ ਸਹੀ ਮਾਤਰਾ ਵਿਚ ਖਾਣਾ ਵੀ ਓਨਾਂ ਹੀ ਜ਼ਰੂਰੀ ਹੈ। ਇਸ ਤੋਂ ਇਹ ਭਾਵ ਨਹੀਂ ਕਿ ਤੁਸੀਂ ਰੋਜ਼ਾਨਾ ਦੇ ਖਾਣੇ ਦੀ ਮਾਤਰਾ ਘਟਾ ਦਿਓ। ਬਹੁਤ ਵਾਰੀ ਦੇਖਿਆ ਗਿਆ ਹੈ ਕਿ ਖਾਣ ਦੀ ਮਾਤਰਾ ਘੱਟ ਕਰਨ ਨਾਲ ਉਲਟਾ ਅਸਰ ਹੀ ਹੁੰਦਾ ਹੈ। ਬਹੁਤ ਘਟ ਗਿਜ਼ਾ, ਬਹੁਤ ਘੱਟ ਖੁਰਾਕ ਅੰਦਰ ਕਮਜ਼ੋਰ ਕਰ ਦਿੰਦਾ ਹੈ ਜਿਸ ਕਰਕੇ ਤੁਸੀਂ ਫੇਰ ਕੋਈ ਜ਼ੋਰ ਵਾਲਾ ਕੰਮ ਨਹੀਂ ਕਰ ਸਕਦੇ ਇਥੋਂ ਤਕ ਕਿ ਉੱਨਤ ਯੋਗਾ ਅਭਿਆਸ ਵੀ ਨਹੀਂ ਕਰ ਸਕਦੇ। ਏਸੇ ਤਰ੍ਹਾਂ ਦੂਸਰੇ ਪਾਸੇ ਦੀ ਗੱਲ ਹੈ, ਬਹੁਤ ਖਾਣ ਨਾਲ ਵੀ ਸਮੱਸਿਆ ਪੈਦਾ ਹੁੰਦੀ ਹੈ। ਬਹੁਤ ਖਾਣ ਨਾਲ ਜੋ ਭਾਰਾਪਣ ਹੁੰਦਾ ਹੈ ਜਿਹੜੀ ਸੁਸਤੀ ਆਉਂਦੀ ਹੈ ਉਸ ਨਾਲ ਕੋਈ ਵੀ ਕੰਮ ਵਿਸ਼ੇਸ਼ ਕਰਕੇ ਯੋਗਾ ਅਭਿਆਸ ਦੇ ਬਹੁਤ ਸਾਰੇ ਆਸਨ ਹੋਰ ਅਭਿਆਸ ਕਰਨਾ ਔਖਾ ਹੋ ਜਾਵੇਗਾ। ਆਹਾਰ ਬਹੁਤ ਸੁਚੱਜੀ ਤਰ੍ਹਾਂ ਨਾਲ ਮਿਣਿਆ ਹੋਣਾ ਚਾਹੀਦਾ ਹੈ, ਲੋੜ ਅਨੁਸਾਰ ਪਰੀਵਰਤਨਸ਼ੀਲ ਹੋਣਾ ਚਾਹੀਦਾ ਹੈ।

ਸਭ ਤੋਂ ਪਹਿਲੀ ਗੱਲ ਸਮੇਂ ਦੀ ਹੈ, ਸਭ ਤੋਂ ਚੰਗਾ ਪੋਸ਼ਟਿਕ ਆਹਾਰ ਦੁਪਹਿਰ ਸਮੇਂ ਲੈਣਾ ਚਾਹੀਦਾ ਹੈ, ਉਸ ਸਮੇਂ ਮਿਹਦਾ ਪੂਰਾ ਕੰਮ ਕਰ ਰਿਹਾ ਹੁੰਦਾ ਹੈ, ਪ੍ਰਾਣਾਂ ਦੀ ਗਤੀ ਵੀ ਬਹੁਤ ਸਤਰਕ ਨਹੀਂ ਹੁੰਦੀ, ਇਸੇ ਕਰਕੇ ਇਹ ਸਮਾਂ ਭੋਜਨ ਨੂੰ ਹਜ਼ਮ ਕਰਨ ਲਈ ਬਹੁਤ ਹੀ ਠੀਕ ਹੈ। ਦੂਸਰਾ ਨਿਯਮ ਜਿਹੜੇ ਭੋਜਨ ਖਾਣ ਤੇ ਪ੍ਰਭਾਵ ਪਾਉਂਦਾ ਹੈ ਉਹ ਹੈ ਨਾਸਿਕਾ। ਆਮ ਤੌਰ ਤੇ ਕਿਹਾ ਜਾਂਦਾ ਹੈ ਭੋਜਨ ਛਕਣ ਸਮੇਂ ਸੱਜੀ ਨਾਸਿਕਾ ਕੰਮ ਕਰ ਰਹੀ ਹੋਵੇ ਤਾਂ ਵਧੇਰੇ ਠੀਕ ਹੈ, ਜਦੋਂ ਕੁਝ ਪੀਤਾ ਜਾਵੇ ਉਸ ਸਮੇਂ ਖੱਬੀ ਨਾਸਿਕਾ ਕੰਮ ਕਰ ਰਹੀ ਹੋਵੇ ਤਾਂ ਵਧੇਰੇ ਠੀਕ ਹੈ।

ਇੱਕ ਹੋਰ ਕਾਰਕ ਜਿਹੜਾ ਮਹੱਤਵਪੂਰਣ ਹੈ ਉਹ ਹੈ ਕਿਸ ਸਮੇਂ ਭੋਜਨ ਖਾਧਾ ਜਾਂਦਾ ਹੈ, ਕਿੰਨਾਂ ਖਾਧਾ ਜਾਂਦਾ ਹੈ, ਕਿਸ ਸਥਿਤੀ ਵਿਚ ਖਾਧਾ ਜਾਂਦਾ ਹੈ। ਜਦੋਂ ਅਭਿਆਸ ਸ਼ੁਰੂ ਕਰਦੇ ਹੋ ਉਦੋਂ ਜਿੰਨਾਂ ਭੋਜਨ ਲੈਂਦੇ ਹੋ, ਜ਼ਰੂਰੀ ਨਹੀਂ ਕਿ ਬਾਅਦ ਵਿਚ ਉਸੇ ਤਰ੍ਹਾਂ ਕਰ ਸਕੋ। ਹੌਲੀ-ਹੌਲੀ ਭੋਜਨ ਦੀ ਮਾਤਰਾ ਘਟਾਉਣੀ ਪੈਂਦੀ ਹੈ, ਕਿਸ ਤਰ੍ਹਾਂ ਦੇ ਤਰਲ ਪਦਾਰਥ ਹੋਰ ਸ਼ੁਰੂ ਕਰਨੇ ਪੈਂਦੇ ਹਨ। ਜੇ ਪਹਿਲਾਂ ਹੀ ਇਹ ਸ਼ੁਰੂ ਕਰ ਦਿਓ ਤਾਂ ਬਹੁਤ ਵਾਰੀ ਕਮਜ਼ੋਰੀ ਹੋ ਜਾਂਦੀ ਹੈ, ਤੁਹਾਡੇ ਅਭਿਆਸ ਵਿਚ ਬਾਧਾ ਬਣ ਜਾਂਦੀ ਹੈ।

ਇਸੇ ਤਰ੍ਹਾਂ ਦੀ ਦੁਰਵਰਤੋਂ ਕਾਰਣ ਬਹੁਤ ਵਾਰੀ ਵਰਤ ਰੱਖਣੇ ਹਾਨੀਕਾਰਕ ਹੁੰਦੇ ਹਨ ਠੀਕ ਨਹੀਂ ਹੁੰਦੇ। ਜਿਹੜੇ ਜਗਿਆਸੂ ਅਜੇ ਤਿਆਰ ਨਹੀਂ ਹੁੰਦੇ, ਵਰਤ ਉਨ੍ਹਾਂ ਲਈ ਕਮਜ਼ੋਰੀ ਦਾ ਕਾਰਣ ਬਣ ਸਕਦਾ ਹੈ ਤੇ ਹਉਮੈ ਦਾ ਕਾਰਣ ਹੋ ਸਕਦਾ ਹੈ। ਦੂਸਰੇ ਪਾਸੇ ਦੇਖੀਏ ਤਾਂ ਕਹਿ ਸਕਦੇ ਹਾਂ ਕਿ ਵਰਤ ਇੱਕ ਖਾਸ ਅਵਸਥਾ ਤੇ ਪਹੁੰਚ ਕੇ ਅਤਿ ਅਵਸ਼ਕ ਵੀ ਹੈ, ਤਾਂ ਜੋ ਅਭਿਆਸ ਦਾ ਠੀਕ ਪ੍ਰਭਾਵ ਪੈ ਸਕੇ।

ਇੱਕ ਸਾਧਾਰਣ ਨੁਕਤਾ ਤਾਂ ਇਹ ਹੈ ਕਿ ਜਦੋਂ ਖਾਣੇ ਵਿਚ ਕਾਫੀ ਸਮੇਂ ਦੇ ਦਿੱਤਾ ਜਾਂਦਾ ਹੈ ਕੁਛ ਨਹੀਂ ਖਾਧਾ ਜਾਂਦਾ, ਕੇਵਲ ਪਾਣੀ ਜਾਂ ਕੋਈ ਤਰਲ ਪਦਾਰਥ ਹੀ ਲਈ ਜਾਂਦੀ ਹੈ ਉਹ ਇੱਕ ਛੋਟਾ ਜਿਹਾ ਵਰਤ ਹੀ ਹੋ ਜਾਂਦਾ ਹੈ ਉਸ ਸਮੇਂ ਸਰੀਰ ਪਾਚਨ ਕਰਨ ਵਿਚ ਨਹੀਂ ਹੁੰਦੀ, ਸਰੀਰ ਉਸਨੂੰ ਆਪਣੇ ਵਿਚ ਮਿਲਾਣ ਵਿਚ ਲੱਗਾ ਹੁੰਦਾ ਹੈ। ਇਹੋ ਜਿਹੇ ਸਮੇਂ ਜਗਿਆਸੂ ਚੇਤਨ ਹੋ ਕੇ ਨਿਰਵਿਘਨ ਸੁਆਸਾਂ ਤੇ ਧਿਆਨ ਲਗਾ ਸਕਦਾ ਹੈ, ਉਚਾਈ ਛੂਹ ਸਕਦਾ ਹੈ। ਇਨ੍ਹਾਂ ਗੱਲਾਂ ਨੂੰ ਦੇਖਦੇ ਹੋਏ ਭੋਜਨ ਦੇ ਸਮਿਆਂ ਦੇ ਵਿਚ ਕੁਝ ਖਾਣਾ ਯੋਗ ਅਭਿਆਸ ਲਈ ਬਾਧਾ ਹੋ ਸਕਦਾ ਹੈ।

ਆਯੁਰਵੇਦ ਨਿਯਮ ਅਨੁਸਾਰ ਤਿੰਨ ਦੋਸ਼ ਹਨ ਜਿਹੜੇ ਸਰੀਰ ਤੇ ਪ੍ਰਭਾਵ ਪਾਉਂਦੇ ਹਨ ਇਹ ਹਨ ਵਾਤ ਜਿਸਨੂੰ ਅਸੀਂ ਵਾਈ ਕਹਿੰਦੇ ਹਾਂ, ਦੂਸਰਾ ਹੈ ਪਿੱਤ ਜਿਸਨੂੰ ਅਸੀਂ ਗਰਮੀ ਕਹਿੰਦੇ ਹਾਂ, ਤੀਸਰਾ ਹੈ ਕਫ, ਵਾਈ ਤੇ ਬੋਝਲਪਨ ਇਨ੍ਹਾਂ ਤਿੰਨਾਂ ਦਾ ਸੰਤੁਲਨ ਹੋਣਾ ਜ਼ਰੂਰੀ ਹੈ। ਜੇ ਇਨ੍ਹਾਂ ਤਿੰਨ੍ਹਾਂ ਵਿਚੋਂ ਇੱਕ ਵੀ ਵੱਧ ਜਾਏ ਜ਼ੋਰ ਪਕੜ ਜਾਵੇ ਵਾਈ, ਗਰਮੀ, ਕਫ ਉਸਦੇ ਗੁਣਾਂ ਅਨੁਸਾਰ ਬਹੁਤ ਵੱਧ ਸਮੱਸਿਆ ਹੋ ਸਕਦੀ ਹੈ, ਸਰੀਰ ਦਾ ਸੰਤੁਲਨ ਵਿਗੜ ਸਕਦਾ ਹੈ। ਵੱਖ-ਵੱਖ ਖਾਣਿਆਂ ਦਾ ਖਾਸ ਅਭਿਆਸ 'ਤੇ ਕੀ ਹੈ ਇਹ ਅਸੀਂ ਥੱਲੇ ਦੇ ਰਹੇ ਹਾਂ।

ਘਿਓ

ਘਿਓ ਯੋਗਾ ਅਭਿਆਸ ਲਈ ਅਤਿ ਅਵਸ਼ੱਕ ਹੀ ਨਹੀਂ, ਕਠਿਨ, ਕਠੋਰ, ਯੋਗਾ ਅਭਿਆਸ ਲਈ ਬਹੁਤ ਜ਼ਰੂਰੀ ਹੈ। ਆਯੁਰਵੈਦਿਕ ਦੁਆਈਆਂ ਅਨੁਸਾਰ ਘਿਓ ਇੱਕ ਬਹੁਤ ਹੀ ਅਨੋਖੀ ਵਸਤ ਹੈ, ਇਸ ਨਾਲ ਵਾਈ ਹੀ ਨਾਸ਼ ਨਹੀਂ ਹੁੰਦੀ, ਗਰਮੀ ਖਤਮ ਹੁੰਦੀ ਹੈ, ਕਫ ਭਾਵ ਬਲਗਮ ਖਤਮ ਹੁੰਦੀ ਹੈ, ਇਸ ਦਾ ਅਸਰ ਠੰਢਾ ਹੁੰਦਾ ਹੈ। ਇਸ ਦੇ ਬੜੇ ਅਨੋਖੇ ਗੁਣਾਂ ਕਰਕੇ ਇਹ ਯੋਗਾ ਦੇ ਕਠਿਨ ਅਭਿਆਸ ਲਈ ਅਤਿ ਲਾਭਦਾਇਕ ਹੈ ਖਾਸ ਕਰਕੇ ਪ੍ਰਾਣਾਯਾਮ ਲਈ। ਪ੍ਰਾਨਾਂ ਦਾ ਕਰੜਾ ਬਹਾਅ ਸੁਆਸ ਦੇ ਕਠਿਨ ਤਰੀਕੇ ਨਾਲ ਬਦਲਣਾ ਰੋਕਣਾ ਚਾਹੀਦਾ ਹੈ, ਉਸ ਪ੍ਰਤੀ ਸਾਵਧਾਨੀ ਵਰਤਣੀ ਚਾਹੀਦੀ ਹੈ ਇਸ ਨਾਲ ਵਾਯੂ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ ਕਿਉਂਕਿ ਘਿਓ ਨਾਲ ਵਾਈ ਠੀਕ ਹੁੰਦੀ ਹੈ, ਘਿਓ ਨਾਲ ਪ੍ਰਾਣਾਂ ਦਾ ਬਹਾਅ ਸਮਤਲ ਸ਼ਾਂਤ ਹੋ ਜਾਂਦਾ ਹੈ, ਨਿਯਮਬੱਧ ਹੋ ਜਾਂਦਾ ਹੈ।

ਪ੍ਰਾਣਾਯਾਮ ਕਰਨ ਨਾਲ ਜਿਹੜੀ ਗਰਮੀ ਪੈਦਾ ਹੁੰਦੀ ਹੈ, ਬਹੁਤ ਵਾਰੀ ਉਹ ਅਤਿ ਦੀ ਹੋ ਜਾਂਦੀ ਹੈ। ਕਈ ਵਾਰੀ ਉਸ ਨਾਲ ਪਿੱਤ ਵਧ ਜਾਂਦੀ ਹੈ, ਭਾਵ ਸਰੀਰ ਵਿਚ ਗਰਮੀ ਵੱਧ ਜਾਂਦੀ ਹੈ, ਸਰੀਰ ਵਿਚ ਜਿਸ ਤਰ੍ਹਾਂ ਅੱਗ ਲੱਗ ਗਈ ਹੋਵੇ, ਇਹ ਤੇਜਸ ਤੱਤਵਾਂ ਨਾਲ ਮਿਲਦੀ ਹੈ। ਜੇ ਇਸਨੂੰ ਕਾਬੂ ਨਾ ਕੀਤਾ ਜਾਵੇ ਤਾਂ ਅਤਿ ਹਾਨੀਕਾਰਕ ਹੋ ਸਕਦਾ ਹੈ। ਸਾਰੀਆਂ ਚੀਜ਼ਾਂ ਵਿਚੋਂ ਘਿਓ ਦਾ ਇਹ ਗੁਣ ਹੈ ਕਿ ਇਹ ਗਰਮੀ ਨੂੰ ਕਾਬੂ ਕਰ ਸਕਦਾ ਹੈ ਇਸੇ ਕਰਕੇ ਜਦੋਂ ਪ੍ਰਾਣਾਯਾਮ ਕੀਤਾ ਜਾਵੇ, ਕਠਿਨ ਅਭਿਆਸ ਕੀਤਾ ਜਾਵੇ ਘਿਓ ਦੀ ਵਰਤੋਂ ਅਤਿਅਵਸ਼ਕ ਹੋ ਜਾਂਦੀ ਹੈ।

ਗਰਮੀ ਦੇ ਹਾਨੀਕਾਰਕ ਪ੍ਰਭਾਵ ਵਧੇਰੇ ਅਗਨੀ ਨਾਲ ਸਰੀਰ ਦੇ ਬਹੁਤ ਸਾਰੇ ਕਣ, ਬਹੁਤ ਸਾਰੇ ਅਵੱਸ਼ਕ ਮੂਲ ਤੱਤ ਖਤਮ ਹੋ ਜਾਂਦੇ ਹਨ, ਜਿਨ੍ਹਾਂ ਦਾ ਸਰੀਰ ਉਤੇ ਮਾੜਾ ਅਸਰ ਪੈਂਦਾ ਹੈ। ਇਸ ਕਰਕੇ ਹੀ ਉਨ੍ਹਾਂ ਨੂੰ ਕਾਬੂ ਕਰਕੇ ਰੱਖਣਾ ਅਵੱਸ਼ਕ ਹੈ। ਪ੍ਰਾਣਾਯਾਮ ਦੇ ਕਠਿਨ ਅਭਿਆਸ ਤੋਂ ਜਿਹੜੇ ਮਾੜੇ ਅਸਰ ਪੈਦਾ ਹੁੰਦੇ ਹਨ। ਮੂਲ ਤੱਤ ਦਾ ਵਿਨਾਸ਼ ਹੁੰਦਾ ਹੈ, ਉਨ੍ਹਾਂ ਨੂੰ ਠੀਕ ਕਰਨ ਲਈ ਮੁੜ ਕੇ ਕੰਮ ਕਰਨ ਯੋਗ ਬਣਾਉਣ ਲਈ ਘਿਓ ਦੀ ਵਰਤੋਂ ਬਹੁਤ ਹੀ ਜ਼ਰੂਰੀ ਹੈ।

ਦੁੱਧ

ਦੁੱਧ ਦੇ ਵੀ ਉਹ ਹੀ ਗੁਣ ਹਨ ਜਿਹੜੇ ਘਿਓ ਦੇ, ਦੁੱਧ ਦੇ ਅੰਦਰ ਮੱਖਣ ਦੀ ਥਿੰਦਾਈ ਵੀ ਹੈ। ਵਾਸਤਵ ਵਿਚ ਬਹੁਤ ਉਤਮ ਵਧੇਰੇ ਉਚੇਰੇ ਯੋਗਾ ਅਭਿਆਸ ਕਰਨ ਲਈ ਚੰਗਾ ਦੁੱਧ ਹੀ ਦਸਦੇ ਹਨ ਕਿਉਂਕਿ ਦੁੱਧ ਵਿੱਚ ਮੱਖਣ ਦੀ ਚਿਕਨਾਈ ਹੈ। ਬਹੁਤ ਸਾਰੇ ਤੇਲ ਹਨ ਬਹੁਤ ਸਾਰੀਆਂ ਚਿਕਨਾਈਆਂ ਹਨ ਪਰ ਮੱਖਣ ਦੀ ਚਿਕਨਾਈ ਅਲੱਗ ਹੀ ਹੈ ਇਹ ਕੁਦਰਤ ਦੀ ਇਕ ਉਤਮ ਬਖਸ਼ਿਸ਼ ਹੈ ਜਿਹੜੀ ਸਰੀਰ ਨੂੰ ਬਨਾਉਣ ਲਈ ਸਰੀਰ ਨੂੰ ਚਲਾਉਣ ਲਈ ਹੈ। ਜਿਹੜੇ ਨਿਯਮ ਘਿਓ ਦੇ ਹਨ ਉਹ ਹੀ ਦੁੱਧ ਲਈ ਹਨ ਇਹ ਮੱਖਣ ਤੋਂ ਇਲਾਵਾ ਤੁਹਾਨੂੰ ਪ੍ਰੋਟੀਨ ਦਿੰਦਾ ਹੈ, ਵਿਟਾਮਿਨ ਦਿੰਦਾ ਹੈ, ਮਿਨਰਲ ਦਿੰਦਾ ਹੈ। ਤੁਸੀਂ ਇਹ ਕਹਿ ਸਕਦੇ ਹੋ ਦੁੱਧ ਕੁਦਰਤ ਦਾ ਸਭ ਤੋਂ ਪੌਸ਼ਟਿਕ ਅਹਾਰ ਹੈ, ਦੁੱਧ ਨੂੰ ਹਜ਼ਮ ਕਰਨ ਲਈ ਕੋਈ ਬਹੁਤ ਸ਼ਕਤੀ ਨਹੀਂ ਲਗਦੀ, ਇਸਨੂੰ ਸਰੀਰ ਵਿਚ ਇੱਕ ਹੋਣ ਵਿੱਚ ਵੀ ਕੋਈ ਸਮਾਂ ਨਹੀਂ ਲਗਦਾ। ਇਹੋ ਹੀ ਕਾਰਣ ਹੈ ਕਿ ਬੱਚੇ ਲਈ ਕੁਦਰਤ ਨੇ ਇਹ ਅਹਾਰ ਬਣਾਇਆ ਹੈ। ਯੋਗੀ ਵੀ ਇਸੇ ਨਿਯਮ ਅਨੁਸਾਰ ਦੁੱਧ ਦੀ ਵਰਤੋਂ ਕਰਦੇ ਹਨ, ਇਸ ਤੋਂ ਹੀ ਆਪਣਾ ਆਹਾਰ ਪੌਸ਼ਟਿਕਤਾ ਲੈਂਦੇ ਹਨ ਜਿਸ ਨਾਲ ਉਨ੍ਹਾਂ ਦੀ ਚੇਤਨਤਾ ਵਿਚ ਵਿਘਨ ਨਹੀਂ ਪੈਂਦਾ, ਉਹ ਆਪਣਾ ਅਭਿਆਸ ਸ਼ਾਂਤੀ ਪੂਰਵਕ ਕਰ ਸਕਦੇ ਹਨ।

ਦੁੱਧ ਦੀ ਵਰਤੋਂ ਇੱਕੋ ਵੱਡੀ ਸ਼ਿਕਾਇਤ ਹੈ ਉਹ ਹੈ ਕਿ ਇਹ ਬਲਗਮ ਪੈਦਾ ਕਰਦਾ ਹੈ ਇਹ ਇਸ ਕਰਕੇ ਹੈ ਕਿ ਕਿਉਂਕਿ ਇਹ ਸਰੀਰ ਨੂੰ ਬਣਾਉਂਦਾ ਹੈ, ਸਰੀਰ ਨੂੰ ਠੀਕ ਕਰਦਾ ਹੈ, ਜੋ ਕਿ ਬਿਲਕੁਲ ਠੀਕ ਹੈ ਕਿਉਂਕਿ ਇਹ ਜੰਮਦੇ ਬੱਚੇ ਤੋਂ ਲੈ ਕੇ ਬੱਚਿਆਂ ਲਈ ਪੌਸ਼ਟਿਕ ਆਹਾਰ ਹੈ, ਜਦੋਂ ਵੱਡੇ ਲੋਕ ਜਿਨ੍ਹਾਂ ਦਾ ਸਰੀਰ ਪੂਰੀ ਸ਼ੇਪ ਲੈ ਚੁੱਕਿਆ ਹੈ ਕੇਵਲ ਵੱਡਾ ਹੋ ਚੁੱਕਿਆ ਹੈ ਕੇਵਲ ਸਰੀਰ ਨੂੰ ਠੀਕ ਰੱਖ ਰਹੇ ਹਨ ਜਿਹੜਾ ਦੁੱਧ ਦਾ ਗੁਣ ਸਰੀਰ ਨੂੰ ਬਨਾਉਣ ਵਾਲਾ ਹੈ, ਉਸਦੀ ਵਰਤੋਂ ਸਰੀਰ ਨਹੀਂ ਕਰ ਰਿਹਾ ਉਹ ਗੁਣ ਹੀ ਫੇਰ ਬਲਗਮ ਬਣ ਜਾਂਦਾ ਹੈ। ਪਰ ਯੋਗ ਕਰਦਿਆਂ ਜਦੋਂ ਤੁਸੀਂ ਘੋਰ ਕਠਨ ਅਭਿਆਸ ਕਰਦੇ ਹੋ ਉਹ ਪ੍ਰਾਣਾਯਾਮ ਕਰਦੇ ਹੋ ਉਦੋਂ ਫੇਰ ਇਹ ਨਹੀਂ ਹੁੰਦਾ, ਜਿੰਨਾਂ ਦੁੱਧ ਉਦੋਂ ਪੀਤਾ ਜਾਂਦਾ ਹੈ ਉਹ ਪੂਰਾ-ਪੂਰਾ ਹੁੰਦਾ ਹੈ। ਦੂਸਰੀ ਗੱਲ ਹੈ ਕਿ ਸਰੀਰ ਦੀ ਗਰਮੀ ਜਿਹੜੀ ਪ੍ਰਾਣਾਯਾਮ ਨਾਲ ਜਾਂ ਹੋਰ ਅਭਿਆਸ ਨਾਲ ਪੈਦਾ ਹੁੰਦੀ ਹੈ ਉਹ ਉਸ ਬਲਗਮ ਨੂੰ ਖਤਮ ਕਰ ਦਿੰਦੀ ਹੈ।ਇਸ ਤਰ੍ਹਾਂ ਨਾਲ ਦੁੱਧ ਦੇ ਗੁਣ, ਗੁਣ ਹੀ ਰਹਿੰਦੇ ਹਨ।

ਕਣਕ

ਕਣਕ ਸਾਡੀ ਖੁਰਾਕ ਦਾ ਇੱਕ ਵੱਡਾ ਭਾਗ ਹੈ। ਇਹ ਇਸ ਕਰਕੇ ਵੀ ਬਹੁਤ ਉਚਿਤ ਹੈ ਕਿਉਂਕਿ ਇਨ੍ਹਾਂ ਵਿੱਚ ਕਾਰਬੋਹਾਈਡਰੇਟ ਹੈ। ਕਈ ਕਿਸਮ ਦੇ ਰੇਸ਼ਿਆਂ ਦਾ ਮਿਲਨ ਹੈ, ਪ੍ਰੋਟੀਨ ਹੈ, ਵਿਟਾਮਿਨ ਹਨ, ਮਿਨਰਲ ਹਨ ਬਹੁਤ ਘੱਟ ਚਿਕਨਾਈ ਹੈ ਜਿਸ ਕਰਕੇ ਸਰੀਰ ਇਸਨੂੰ ਚੰਗੀ ਤਰ੍ਹਾਂ ਲੈ ਲੈਂਦਾ ਹੈ। ਕਾਰਬੋਹਾਈਡਰੇਟ ਸਰੀਰ ਲਈ ਬਹੁਤ ਹੀ ਉਚਿਤ ਹਨ ਕਿਉਂਕਿ ਇਹ ਬਹੁਤ ਛੇਤੀ ਸਰੀਰ ਵਿਚੋਂ ਖਤਮ ਹੋ ਜਾਂਦੇ ਹਨ। ਜਿੰਨੇ ਵੀ ਦਾਣੇ ਮਨੁੱਖ ਨੂੰ ਉਪਲਬਧ ਹਨ ਉਨ੍ਹਾਂ ਵਿਚੋਂ ਕਣਕ ਤੇ ਚਾਵਲ ਬਹੁਤ ਵਰਤੇ ਜਾਂਦੇ ਹਨ, ਜਦੋਂ ਵੀ ਚੋਣ ਦੀ ਗੱਲ ਹੋਵੇ ਕਣਕ

ਹੀ ਵਧੇਰੇ ਪਸੰਦ ਕੀਤੀ ਜਾਂਦੀ ਹੈ। ਇਸ ਦੇ ਕੁਝ ਵਖਰੇ ਹੀ ਗੁਣ ਹਨ, ਇਹ ਇਕ ਤਰ੍ਹਾਂ ਨਾਲ ਉਤੇਜਕ ਨਸ਼ੀਲੀ ਵਸਤ ਹੈ, ਇਹ ਵਿਕਾਰਸ਼ੀਲ ਵੀ ਹੈ। ਯੋਗੀਆਂ ਵਿਚ ਇਹ ਬਹੁਤ ਆਮ ਗੱਲ ਹੈ ਜਿਹੜੇ ਵਧੇਰੇ ਸੰਵੇਦਨਸ਼ੀਲ ਹਨ ਜਿਨ੍ਹਾਂ ਨੂੰ ਭੋਜਨ ਦਾ ਵਧੇਰੇ ਪ੍ਰਭਾਵ ਪੈਂਦਾ ਹੈ ਉਹ ਕਣਕ ਤੋਂ ਥੋੜ੍ਹਾ ਪਰਹੇਜ਼ ਕਰਦੇ ਹਨ। ਪਰ ਕਣਕ ਦੇ ਅਸਰ ਨੂੰ ਅੱਗ 'ਤੇ ਸੇਕ ਕੇ ਘਟਾਇਆ ਜਾ ਸਕਦਾ ਹੈ। ਪੂਰਬ ਵਿਚ ਕਣਕ ਨੂੰ ਪੀਹ ਕੇ ਆਟਾ ਗੁੰਨ ਕੇ ਰੋਟੀ ਬਣਾਈ ਜਾਂਦੀ ਹੈ ਜਿਸ ਨਾਲ ਉਸ ਦਾ ਅਸਰ ਕਾਫੀ ਘਟ ਜਾਂਦਾ ਹੈ ਕਿਉਂਕਿ ਉਹ ਬਲਦੀ ਅੱਗ 'ਤੇ ਪਕਾਈ ਜਾਂਦੀ ਹੈ। ਇਸ ਤਰ੍ਹਾਂ ਕਰਨ ਨਾਲ ਉਹ ਬਹੁਤ ਠੀਕ ਹੋ ਜਾਂਦੀ ਹੈ ਉਸ ਦੇ ਹਾਨੀਕਾਰਕ ਤੱਤ ਨਾਸ਼ ਹੋ ਜਾਂਦੇ ਹਨ। ਪ੍ਰਾਣਾਯਾਮ ਕਰਦਿਆਂ ਜਿਹੜੀ ਗਰਮੀ ਅੰਦਰ ਪੈਦਾ ਹੁੰਦੀ ਹੈ ਉਹ ਵੀ ਕਣਕ ਦੇ ਹਾਨੀਕਾਰਕ ਤੱਤਾਂ ਨੂੰ ਨਾਸ਼ ਕਰ ਦਿੰਦੀ ਹੈ ਸੋ ਇਸ ਤਰ੍ਹਾਂ ਕਣਕ ਦੇ ਚੰਗੇ ਗੁਣਾਂ ਦਾ ਲਾਭ ਲਿਆ ਜਾ ਸਕਦਾ ਹੈ।

ਚੀਨੀ

ਹੋਰ ਵਧੇਰੇ ਸੰਘਣਾ ਕਾਰਬੋਹਾਈਡਰੇਟ ਹੈ, ਚੀਨੀ। ਗੰਨੇ ਦੀ ਚੀਨੀ ਨੂੰ ਬਹੁਤ ਹੀ ਇੱਕ ਤਰ੍ਹਾਂ ਨਾਲ ਆਦਰਸ਼ਕ ਆਹਾਰ ਮੰਨਿਆ ਗਿਆ ਹੈ, ਖਾਸ ਕਰਕੇ ਯੋਗਾ ਅਭਿਆਸ ਕਰਦਿਆਂ, ਪਰ ਇੱਕ ਆਮ ਆਦਮੀ ਦੀ ਖੁਰਾਕ ਵਿਚ ਖੰਡ ਨੂੰ ਬਹੁਤ ਅੱਛਾ ਨਹੀਂ ਸਮਝਿਆ ਜਾਂਦਾ, ਜਦੋਂ ਯੋਗਾ ਅਭਿਆਸ ਸ਼ੁਰੂ ਕੀਤਾ ਜਾਂਦਾ ਹੈ। ਜਗਿਆਸੂਆਂ ਨੂੰ ਇਸ ਲਈ ਚੇਤਾਵਨੀ ਦਿੱਤੀ ਜਾਂਦੀ ਹੈ। ਇੱਕ ਵਾਰੀ ਦੇਖੀਏ ਤਾਂ ਇਹ ਦੋਨੋਂ ਗੱਲਾਂ ਵਿਪਰੀਤ ਲਗਦੀਆਂ ਹਨ ਪਰ ਹਨ ਨਹੀਂ। ਇਹ ਫੇਰ ਕਹਿਣਾ ਪਵੇਗਾ ਜੋ ਪਹਿਲਾਂ ਪਹਿਲ ਠੀਕ ਹੈ ਉਹ ਅੱਗੇ ਜਾ ਕੇ ਨਹੀਂ ਜੋ ਬਾਅਦ ਵਿਚ ਠੀਕ ਹੈ। ਲੋੜ ਹੈ ਉਸ ਦੀ ਸ਼ੁਰੂ-ਸ਼ੁਰੂ ਵਿਚ ਲੋੜ ਨਹੀਂ। ਚੀਨੀ ਇੱਕ ਪੂਰਨ ਤੌਰ ਤੇ ਕਾਰਬੋਹਾਈਡਰੇਟ ਹੈ। ਇਨ੍ਹਾਂ ਵਿਚ ਕੇਵਲ ਸ਼ਕਤੀ ਹੁੰਦੀ ਹੈ। ਇਹ ਕਾਰਬਨ ਡਾਇਆਕਸਾਈਡ ਤੇ ਪਾਣੀ ਦੇ ਮਿਸ਼ਰਨ ਬਣਦੀ ਹੈ ਇਨ੍ਹਾਂ ਦੇ ਮਿਸ਼ਰਨ ਨਾਲ ਪਾਣੀ ਤੇ ਕਾਰਬਨ ਮਿਲਕੇ ਆਕਸੀਜਨ ਪੈਦਾ ਕਰਦੀ ਹੈ। ਇਸ ਨਾਲ ਸ਼ਕਤੀ ਪੈਦਾ ਹੁੰਦੀ ਹੈ ਇਸ ਵਿਚ ਸੂਰਜ ਦੀ ਸ਼ਕਤੀ ਹੈ। ਕਾਰਬੋਹਾਈਡਰੇਟ ਦਾ ਸਰੀਰ ਵਿਚ ਪਾਚਨ ਫੇਰ ਸਰੀਰ ਵਿਚ ਸੂਰਜ ਦੀ ਸ਼ਕਤੀ ਦੀ ਤਰ੍ਹਾਂ ਕੰਮ ਕਰਦਾ ਹੈ।

ਆਟੇ ਦੀ ਤਰ੍ਹਾਂ ਕਾਰਬੋਹਾਈਡਰੇਟ ਵੀ ਚੀਨੀ ਦੇ ਛੋਟੇ-ਛੋਟੇ ਕਣਾਂ ਤੋਂ ਬਣਦਾ ਹੈ ਫੇਰ ਹੌਲੀ-ਹੌਲੀ ਸਰੀਰ ਨੂੰ ਸ਼ਕਤੀ ਦਿੰਦਾ ਹੈ। ਚੀਨੀ ਨਾਲ ਕਾਰਬੋਹਾਈਡਰੇਟ, ਨਾਲ ਤੁਹਾਨੂੰ ਬਹੁਤ ਸ਼ਕਤੀ ਨੂੰ ਨਹੀਂ ਸੰਭਾਲ ਸਕਦਾ ਇਸੇ ਤਰ੍ਹਾਂ ਸਰੀਰ ਦੇ ਅੰਦਰ ਦੀ ਚੀਨੀ ਨੂੰ ਵੀ ਬਹੁਤ ਵਾਰੀ ਸੰਭਾਲਣਾ ਔਖਾ ਹੋ ਜਾਂਦਾ ਹੈ। ਜਦੋਂ ਤਕ ਉਹ ਯੋਗਾ ਅਭਿਆਸ ਦੇ ਇਕ ਪੱਧਰ ਤੇ ਨਹੀਂ ਪਹੁੰਚ ਜਾਂਦਾ ਇਸੇ ਕਰਕੇ ਜਦੋਂ ਯੋਗਾ ਅਭਿਆਸ ਦੀਆਂ ਉਚੇਰੀਆਂ ਤੇ ਔਖੀਆਂ ਤਕਨੀਕ ਕਰਦੇ ਹਨ, ਉਦੋਂ ਚੀਨੀ ਦੀ ਵਰਤੋਂ ਬਹੁਤ ਥੋੜ੍ਹੀ ਕੀਤੀ ਜਾਂਦੀ ਹੈ। ਰੋਜ਼ ਦੀ ਖੁਰਾਕ ਵਿਚ ਵੀ ਚੀਨੀ ਬਹੁਤ ਘੱਟ ਹੀ ਹੋਣੀ ਚਾਹੀਦੀ ਹੈ। ਜਿਹੜੇ ਯੋਗਾ ਦੇ ਔਖੇ ਅਭਿਆਸ ਨਹੀਂ ਰਹੇ ਚੀਨੀ ਉਨ੍ਹਾਂ ਲਈ ਕਈ ਰੋਗ ਪੈਦਾ ਕਰ ਸਕਦੀ ਹੈ, ਮਾਨਸਿਕ ਤੇ ਸੰਵੇਦਕ ਸਮੱਸਿਆ ਹੋ ਸਕਦੀਆਂ ਹਨ।

ਫਲ

ਫਲ ਸਾਰੇ ਹੀ ਚੀਨੀ ਭਰਪੂਰ ਹੁੰਦੇ ਹਨ ਇਸ ਲਈ ਜੋ-ਜੋ ਗੁਣ ਅਵਗੁਣ ਚੀਨੀ ਦੇ ਹਨ, ਉਹ ਹੀ ਤਕਰੀਬਨ ਫਲਾਂ ਦੇ ਹਨ। ਫਲ ਸਾਰੇ ਹੀ ਵਿਟਾਮਿਨ ਭਰਪੂਰ ਹੁੰਦੇ ਹਨ, ਮਿਨਰਲ ਭਰਪੂਰ ਹੁੰਦੇ ਹਨ ਇਸੇ ਕਾਰਣ ਉਹ ਕੇਵਲ ਸ਼ਕਤੀ ਹੀ ਨਹੀਂ ਦਿੰਦੇ, ਉਹ ਸਭ ਕੁਝ ਦਿੰਦੇ ਹਨ ਜਿਸ ਨਾਲ ਅੰਦਰ ਦੀ ਉਤੇਜਨਾ ਦਾ ਨਾਸ਼ ਹੁੰਦਾ ਹੈ ਯੋਗੀ ਇਨ੍ਹਾਂ ਦੀ ਪੌਸ਼ਟਿਕਤਾ ਦਾ ਪੂਰਨ ਉਪਯੋਗ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਪਾਚਨ ਸ਼ਕਤੀ ਪੂਰੀ ਤਰ੍ਹਾਂ ਨਾਲ ਕੰਮ ਕਰ ਰਹੀ ਹੁੰਦੀ ਹੈ। ਉਤਮ ਉਚੇਰੇ ਪੱਧਰ ਤਕ ਪਹੁੰਚਣ ਲਈ ਬਹੁਤ ਸਾਰੇ ਪੌਸ਼ਟਿਕ ਆਹਾਰ ਦੀ ਲੋੜ ਹੁੰਦੀ ਹੈ। ਬਹੁਤ ਆਹਾਰ ਬਹੁਤ ਪੌਸ਼ਟਿਕ ਨਹੀਂ ਹੁੰਦੇ, ਜੇ ਹੁੰਦੇ ਵੀ ਹਨ ਉਹ ਥੋੜ੍ਹਾ ਸਮਾਂ ਪਾ ਕੇ ਜਾ ਬਾਹਰ ਰੱਖਣ ਨਾਲ ਖਤਮ ਹੋ ਜਾਂਦੇ ਹਨ, ਗਰਮੀ ਨਾਲ ਨਾਸ਼ ਹੋ ਜਾਂਦੇ ਹਨ। ਜਦੋਂ ਖਾਣੇ ਵਿਚੋਂ ਪੌਸ਼ਟਿਕਤਾ ਖਤਮ ਹੋ ਜਾਂਦੀ ਹੈ ਖਾਣਾ ਤਾਮਸਿਕ ਹੋ ਜਾਂਦਾ ਹੈ। ਜਿਹੜੇ ਗੁਣ ਉਸਦੇ ਅੰਦਰ ਸ਼ੁਰੂ ਤੋਂ ਹੁੰਦੇ ਹਨ ਉਹ ਖਤਮ ਹੋ ਜਾਂਦੇ ਹਨ ਖਾਣਾ ਤਾਮਸਿਕ ਹੋ ਜਾਂਦਾ ਹੈ। ਫਲ ਵਿਸ਼ੇਸ਼ ਤੌਰ ਤੇ ਯੋਗੀ ਦੇ ਆਹਾਰ ਲਈ ਬਹੁਤ ਲਾਭਕਾਰੀ ਹਨ, ਤਾਜ਼ਾ ਫਲ ਖਾਣਾ ਚਾਹੀਦਾ ਹੈ, ਫਲ ਹਲਕਾ ਆਹਾਰ ਹੈ ਛੇਤੀ ਹਜ਼ਮ ਹੋਣ ਵਾਲਾ ਹੈ।

ਕਿਹੜਾ ਖਾਣਾ ਨਹੀਂ ਖਾਣਾ ਚਾਹੀਦਾ

ਕਿਸੇ ਵੀ ਤਰ੍ਹਾਂ ਦਾ ਮਾਸ ਨਹੀਂ ਖਾਣਾ ਚਾਹੀਦਾ, ਕੋਈ ਵੀ ਉਹ ਖਾਣਾ ਜਿਹੜਾ ਬਣਾ ਕੇ ਪੈਕ ਕੀਤਾ ਹੋਵੇ ਨਹੀਂ ਖਾਣਾ ਚਾਹੀਦਾ, ਕੋਈ ਵੀ ਖਮੀਰ ਵਾਲਾ ਖਾਣਾ ਨਹੀਂ ਖਾਣਾ ਚਾਹੀਦਾ, ਕਿਉਂਕਿ ਉਹ ਤਾਮਸਿਕ ਹੋ ਜਾਂਦੇ ਹਨ। ਮਾਸ ਦਾ ਸ਼ਕਤੀ ਵਾਲਾ ਕਣ ਮਰਨ ਨਾਲ ਖਤਮ ਹੋ ਜਾਂਦਾ ਹੈ, ਏਨਾ ਹੀ ਨਹੀਂ ਮਾਸ ਸੁਭਾਅ ਵਿਚ ਲੜਾਕਾਪਨ ਲਿਆਉਂਦਾ ਹੈ, ਹੇਠਾਂ ਵਾਲੇ ਚੱਕਰਾਂ ਨੂੰ ਉਤੇਜਿਤ ਕਰਦਾ ਹੈ, ਭਾਵੇਂ ਬਹੁਤ ਸਾਰੇ ਯੋਗ ਦੀਆਂ ਧਾਰਾ ਇਨ੍ਹਾਂ ਮਨੋਵਿਰਤੀ ਨੂੰ ਪ੍ਰਵਿਰਤ ਕਰ ਦਿੰਦੇ ਹਨ ਪਰ ਇਨ੍ਹਾਂ ਦੀ ਉਤੇਜਨਾ ਅਤਿ ਹਾਨੀਕਾਰਕ ਸਿੱਧ ਹੋ ਸਕਦੀ ਹੈ।

ਯੋਗਾ ਅਭਿਆਸ ਕਰਦਿਆਂ ਆਹਾਰ ਭਾਵੇਂ ਵੱਖ-ਵੱਖ ਹੋਵੇ ਪਰ ਕੁਝ ਇਕ ਆਮ ਗੱਲਾਂ ਹਨ ਐਸੇ ਆਹਾਰ ਸਾਰਿਆਂ ਲਈ ਸਾਂਝਾ ਹੈ, ਇਨ੍ਹਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

ਯੋਗਾ ਅਭਿਆਸ ਸ਼ੁਰੂ ਕਰਨਾ ਲੱਗਿਆਂ ਦਾ ਆਹਾਰ

ਆਮ ਤੌਰ ਤੇ ਇਹ ਸੰਤੁਲਤ, ਸ਼ਾਕਾਹਾਰੀ ਆਹਾਰ ਹੋਣਾ ਚਾਹੀਦਾ ਹੈ, ਕਣਕ ਆਦਿ ਦਹੀਂ ਤਾਜ਼ੀਆਂ ਬਣਾਈਆਂ ਹਰੀਆਂ ਸਬਜ਼ੀਆਂ, ਦੁੱਧ, ਦੁੱਧ ਤੋਂ ਬਣੀਆਂ ਪਦਾਰਥਾਂ, ਤਾਜ਼ੇ ਫਲ। ਘਿਓ ਬਹੁਤ ਥੋੜ੍ਹਾ ਸਬਜ਼ੀਆਂ ਆਦਿ ਬਨਾਣ ਲਈ ਵਰਤਿਆ ਜਾਵੇ। ਬਹੁਤ ਹੀ ਥੋੜ੍ਹੇ ਮਸਾਲੇ ਵਰਤੇ ਜਾਣ, ਲਸਣ ਪਿਆਜ਼ ਮਿਰਚਾਂ ਦੀ ਵਰਤੋਂ ਨਾ ਕੀਤੀ ਜਾਵੇ।

ਵਿਚਕਾਰ ਦੇ ਪੱਧਰ ਦਾ ਆਹਾਰ

ਇਸ ਪੱਧਰ ਤੇ ਪਹੁੰਚ ਕੇ ਕਣਕ, ਜੌਂ ਥੋੜ੍ਹੇ ਜਿਹੇ ਘਿਓ ਵਿਚ ਭੁੰਨ ਕੇ ਖਾਣੇ ਚਾਹੀਦੇ ਹਨ, ਹਲਕੇ ਮਸਾਲੇ ਅਦਰਕ, ਦਾਲਾਂ, ਬੀਨਜ਼ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ, ਫਲ ਤੇ ਦੁੱਧ ਵਧੇਰੇ ਜ਼ਰੂਰੀ ਹੈ।

ਉਤਮ ਅਭਿਆਸ ਦਾ ਆਹਾਰ

ਜਦੋਂ ਉਤਮ ਉਚੇਰਾ ਅਭਿਆਸ ਕੀਤਾ ਜਾਂਦਾ ਹੈ, ਰੋਟੀ ਆਦਿ ਬਿਲਕੁਲ ਛੱਡ ਦਿੱਤੀ ਜਾਂਦੀ ਹੈ, ਫਲ ਵੀ ਬਹੁਤ ਥੋੜ੍ਹੇ ਲਏ ਜਾਂਦੇ ਹਨ। ਦੁੱਧ ਮੱਖਣ ਵਾਲਾ ਅਤਿ ਅਵਸ਼ਕ ਹੈ, ਦੁੱਧ ਵਿਚ ਪਾਣੀ ਪਾ ਕੇ ਥੋੜ੍ਹੇ ਕੋਈ ਮਸਾਲੇ ਪਾ ਕੇ ਥੋੜ੍ਹੀ ਖੰਡ ਪਾ ਕੇ। ਹਾਂ ਉਚੇਰੇ ਪੱਧਰ ਦੇ ਪ੍ਰਾਣਾਯਾਮ ਲਈ ਆਹਾਰ ਹੋਰ ਤਰ੍ਹਾਂ ਦਾ ਹੈ, ਜਿਹੜਾ ਬਾਅਦ ਵਿਚ ਦਸਿਆ ਜਾਵੇਗਾ।

*****

ਸਿਹਤ ਰੱਖਿਆ ਗਿਆਨ

ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)
ਆਯੁਰਵੇਦ ਭੀਸ਼ਗ ਆਚਾਰੀਯ।
ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।
ਮੋਬਾਈਲ ਨੰ. 98156-07803

ਸਿਹਤ ਵਾਸਤੇ ਲਾਭਕਾਰੀ ਸਲਾਦ

ਹਰੀ ਕੱਚੀ ਤਾਜ਼ੀ ਸਾਗ, ਸਬਜ਼ੀ ਜਿਵੇਂ ਕਿ ਮੂਲੀ ਗਾਜਰ, ਚਕੁੰਦਰ, ਟਮਾਟਰ, ਪਿਆਜ਼ ਆਦਿ ਨੂੰ ਮਿਲਾ ਕੇ ਸਲਾਦ ਤਿਆਰ ਕੀਤਾ ਜਾਂਦਾ ਹੈ। ਇਹ ਇਕੱਲਾ ਹੀ ਜਾਂ ਭੋਜਨ ਦੇ ਨਾਲ ਖਾਣ ਦੀ ਪੁਰਾਣੇ ਸਮੇਂ ਤੋਂ ਹੀ ਰੀਤ ਚੱਲੀ ਆ ਰਹੀ ਹੈ। ਤਾਜ਼ੀ ਅਤੇ ਹਰੀ ਕੱਚੀ ਸਾਗ ਸਬਜ਼ੀਆਂ ਵਿੱਚ ਵਿਟਾਮਿਨਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜੋ ਸਿਹਤ ਵਾਸਤੇ ਅੰਮ੍ਰਿਤ ਸਮਾਨ ਹੁੰਦੀਆਂ ਹਨ। ਕੁਦਰਤ ਨੇ ਸਾਨੂੰ ਜਿਊਣ ਵਾਸਤੇ ਬੇਅੰਤ ਪੋਸ਼ਟਿਕ ਆਹਾਰ ਦਿੱਤੇ ਹਨ ਜਿਸ ਵਿੱਚ ਹਰੀਆਂ ਬਨਸਪਤੀਆਂ, ਰਸਾਂ ਵਾਲੇ ਫਲ ਜੋ ਕਿ ਲਾਭਕਾਰੀ ਤੱਤਾਂ ਵਾਲੇ ਹੁੰਦੇ ਹਨ। ਸਾਡੇ ਰੋਜ਼ ਦੇ ਭੋਜਨ ਵਿੱਚ ਇਹ ਨਾ ਹੋਣ ਤਾਂ ਸਾਡਾ ਸਰੀਰ ਤੰਦਰੁਸਤ ਰਹਿਣਾ ਮੁਸ਼ਕਲ ਹੈ ਸਰੀਰ ਦੇ ਵਿਕਾਸ ਵਾਸਤੇ ਕਾਰਬੋਹਾਈਡਰੇਟ ਅਤੇ ਤਾਪਮਾਨ ਵਾਸਤੇ ਚਿਕਨਾਈ ਦੀ ਲੋੜ ਹੁੰਦੀ ਹੈ ਇਨ੍ਹਾਂ ਤਿੰਨ ਪ੍ਰਕਾਰ ਦੇ ਤੱਤਾਂ ਨੂੰ ਮਿਲਾ ਕੇ ਹੀ ਤੰਦਰੁਸਤੀ ਪ੍ਰਾਪਤ ਕੀਤੀ ਜਾ ਸਕਦੀ ਹੈ, ਸਰੀਰ ਨੂੰ ਨਿਰੋਗ ਬਣਾਉਣ ਵਾਸਤੇ ਸੰਤੁਲਤ ਭੋਜਨ ਜ਼ਰੂਰੀ ਹੈ। ਫਲ ਅਤੇ ਸਬਜ਼ੀਆਂ ਦੀ ਵਰਤੋਂ ਨਾਲ ਸਰੀਰ ਵਿਚ ਪੋਸ਼ਟਿਕ ਤੱਤਾਂ ਦੀ ਕਮੀ ਨਹੀਂ ਹੁੰਦੀ ਅਤੇ ਸਰੀਰ ਵਿੱਚ ਰੋਗਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਵਧਦੀ ਹੈ। ਅੱਜ ਦੇ ਯੁੱਗ ਵਿੱਚ ਹਰੀਆਂ, ਸਬਜ਼ੀਆਂ-ਭਾਜੀਆਂ ਦੀ ਜੋ ਵਰਤੋਂ ਕੀਤੀ ਜਾਂਦੀ ਹੈ ਇਹ ਮਿਰਚ-ਮਸਾਲਿਆਂ ਨਾਲ ਅੱਗ ਤੇ ਪਕਾਏ ਜਾਂਦੇ ਹਨ। ਜਿਸ ਕਰਕੇ ਸਾਨੂੰ ਪ੍ਰਾਪਤ ਵਿਟਾਮਿਨ ਨਹੀਂ ਮਿਲਦੇ ਕਿਉਂਕਿ ਇਨ੍ਹਾਂ ਦੇ ਜ਼ਿਆਦਾ ਅੰਸ ਅਗਨੀ ਵਿੱਚ ਜਲ ਕੇ ਖਤਮ ਹੋ ਜਾਂਦੇ ਹਨ। ਸਾਗ ਸਬਜ਼ੀਆਂ ਵਿੱਚ ਜ਼ਿਆਦਾ ਅੰਸ ਐਸੀ ਹੁੰਦੀ ਹੈ ਇਨ੍ਹਾਂ ਨੂੰ ਕੱਚਾ ਹੀ ਖਾਇਆ ਜਾ ਸਕਦਾ ਹੈ ਅੱਗ ਤੇ ਪਕਾਈਆਂ ਗਈਆਂ ਸਬਜ਼ੀਆਂ ਦੇ ਮੁਕਾਬਲੇ ਬਹੁਤ ਲਾਭਕਾਰੀ ਹੁੰਦੇ ਹਨ। ਫਲਾਂ ਅਤੇ ਸਬਜ਼ੀਆਂ ਦਾ ਜਲ (ਤਰਕਾਰੀ) ਤੰਦਰੁਸਤੀ ਲਈ ਬਹੁਤ ਹੀ ਦੁਰਲੱਭ ਹੈ ਇਹ ਕੇਵਲ ਖਣਿਜ ਲਵਨ ਹੀ ਅਨੁਪ੍ਰਦਾਨ ਨਹੀਂ ਕਰਦਾ ਬਲਕਿ ਵਿਟਾਮਿਨਜ਼ ਤੰਦਰੁਸਤੀ ਲਈ, ਸਿਹਤ ਦੀ ਰੱਖਿਆ, ਨਾਲ-ਨਾਲ ਸਰੀਰ ਦੀ ਅੰਦਰੋਂ ਸਫਾਈ ਵੀ ਕਰਦਾ ਹੈ। ਖੋਜ 'ਚੋਂ ਪਤਾ ਲੱਗਾ ਹੈ ਆਦਿ ਵਾਸੀਆਂ ਨੂੰ ਸਬਜ਼ੀਆਂ, ਵਗੈਰਾ ਕੱਚਾ ਖਾਣ ਦੀ ਆਦਤ ਸੀ ਜਿਸ ਕਰਕੇ ਉਨ੍ਹਾਂ ਦਾ ਸਰੀਰ ਮਜ਼ਬੂਤ ਤੇ ਦੰਦ ਵੀ ਮਜ਼ਬੂਤ ਹੁੰਦੇ ਸਨ। ਭੋਜਨ ਸ਼ਾਸਤਰੀਆਂ ਦਾ ਮੱਤ ਹੈ, ਸਰੀਰ ਨੂੰ ਤੰਦਰੁਸਤ ਰੱਖਣ ਵਾਸਤੇ ਮਨੁੱਖ ਦੇ ਭੋਜਨ ਵਿੱਚ 50% ਖਾਦ ਪਦਾਰਥ ਹੋਣੇ ਚਾਹੀਦੇ ਹਨ। ਜੋ ਕਿ ਅੱਗ ਤੇ ਨਾ ਪਕਾਏ ਹੋਣ ਇਸ ਵਾਸਤੇ ਸਾਨੂੰ ਸਲਾਦ ਦਾ ਵੱਧ ਤੋਂ ਵੱਧ ਸੇਵਨ ਕਰਨਾ ਚਾਹੀਦਾ ਹੈ ਜੇ ਮਨੁੱਖ ਤਾਜ਼ੀਆਂ ਸਬਜ਼ੀਆਂ ਅਤੇ ਫਲਾਂ ਦੀ ਸਲਾਦ ਦੇ ਰੂਪ ਵਿੱਚ ਵਰਤੋਂ ਕਰੇ ਤਾਂ ਭੋਜਨ ਦਾ ਸੁਆਦ ਹੀ ਨਹੀਂ ਵਧੇਗਾ, ਚਮੜੀ ਦੀ ਚਿਕਨਾਈ ਵੀ ਬਣੀ ਰਹੇਗੀ, ਖੂਨ ਸ਼ੁੱਧ ਹੋਵੇਗਾ, ਖੂਨ ਦੀ ਕਮੀ ਨਹੀਂ ਹੋਵੇਗੀ ਅਤੇ ਰੋਗਾਂ ਤੋਂ ਵੀ ਬਚਿਆ ਜਾ ਸਕਦਾ ਹੈ। ਸਲਾਦ ਉਨ੍ਹਾਂ ਚੀਜ਼ਾਂ ਦਾ ਬਣਾਇਆ ਜਾ ਸਕਦਾ ਹੈ ਜਿਹੜੀਆਂ ਮੌਸਮ ਅਨੁਸਾਰ ਮਿਲ ਸਕਦੀਆਂ ਹਨ। ਮੌਸਮੀ ਹੋਣ ਕਰਕੇ ਸਸਤੀ ਤੇ ਸੌਖੀ ਮਿਲ ਜਾਂਦੀ ਹੈ, ਸਲਾਦ ਵਾਸਤੇ ਪੌਦਿਆਂ ਦੇ ਸਾਰੇ ਅੰਗ ਜੜ੍ਹਾਂ, ਪੱਤੇ ਜਾਂ ਫਲ ਜ਼ਰੂਰੀ ਹੁੰਦੇ ਹਨ। ਇਸ ਵਾਸਤੇ ਟਮਾਟਰ, ਗਾਜਰ, ਪਿਆਜ਼, ਮੂਲੀ, ਮੂਲੀ ਦੇ ਪੱਤੇ, ਧਨੀਆਂ ਜਾਂ ਪੁਤੀਨੇ ਦੇ ਪੱਤੇ, ਚੁਕੰਦਰ, ਅਮਰੂਦ, ਕੇਲੇ ਦੇ ਟੁਕੜੇ, ਖੀਰਾ, ਕੱਕੜੀ ਆਦਿ ਫਲ ਜਾਂ ਸਬਜ਼ੀਆਂ ਲਈਆਂ ਜਾ ਸਕਦੀਆਂ ਹਨ ਇਨ੍ਹਾਂ ਦੀ ਵਰਤੋਂ ਵਾਸਤੇ ਛੋਟੇ-ਛੋਟੇ ਟੁਕੜੇ ਗੋਲ-ਗੋਲ ਕੱਟ ਕੇ ਜਾਂ ਕੱਦੂਕਸ ਕਰਕੇ ਨਮਕ, ਅਦਰਕ ਜਾਂ ਨਿੰਬੂ ਦਾ ਰਸ ਆਦਿ ਲਾ ਕੇ ਰੁਚੀਕਾਰਕ ਬਣਾ ਲਿਆ ਜਾਂਦਾ ਹੈ ਵੈਸੇ ਫਲ ਬਹੁਤ ਮਹਿੰਗੇ ਹੁੰਦੇ ਹਨ ਹਰ ਇੱਕ ਖਰੀਦ ਨਹੀਂ ਸਕਦਾ। ਤੰਦਰੁਸਤੀ ਵਾਸਤੇ ਭੋਜਨ ਵਿੱਚ ਪੱਕੀਆਂ ਤਲੀਆਂ ਚੀਜ਼ਾਂ ਦੇ ਨਾਲ ਕੁਝ ਕੱਚੀਆਂ ਚੀਜ਼ਾਂ ਦਾ ਖਾਣਾ ਜ਼ਰੂਰੀ ਹੈ ਸਲਾਦ ਹਰ ਇੱਕ ਵਾਸਤੇ ਸੌਖਾ ਤੇ ਸਸਤਾ ਹੈ ਇਸ ਨੂੰ ਭੋਜਨ ਨਾਲ ਮਿਲਾ ਕੇ ਸੰਤੁਲਤ ਬਣਾਉਣ ਵਾਸਤੇ ਸਫਲ ਹੋ ਸਕਦਾ ਹੈ ਇੱਕ ਅੱਛੇ ਸਲਾਦ ਵਿੱਚ ਕੰਮ ਆਉਣ ਵਾਲੇ ਪੋਸ਼ਟਿਕ ਤੱਤ ਹੇਠਾਂ ਲਿਖੇ ਮਿਲ ਸਕਦੇ ਹਨ ਜਿਵੇਂ ਕਿ -

1. ਹਰੇ ਪੱਤੇ - ਸਲਾਦ ਵਾਸਤੇ ਮੂਲੀ, ਚਕੁੰਦਰ ਜਾਂ ਸ਼ਲਗਮ ਦੇ ਹਰੇ ਪੱਤੇ ਵਰਤੋਂ ਯੋਗ ਹੁੰਦੇ ਹਨ ਇਸ ਵਿੱਚ ਪ੍ਰੋਟੀਨ ਕਾਰਬੋਹਈਡਰੇਟ, ਖਣਿਜ ਪਦਾਰਥ, ਕੈਲਸ਼ੀਅਮ, ਮੈਗਨਸ਼ੀਅਮ, ਆਇਰਨ, ਫਾਸਫੋਰਸ ਅਤੇ ਗੰਧਕ ਆਦਿ ਪ੍ਰਮੁੱਖ ਰੂਪ ਵਿੱਚ ਮਿਲਦੇ ਹਨ ਇਸ ਤੋਂ ਇਲਾਵਾ ਆਇਓਡੀਨ ਵੀ ਪਾਈ ਜਾਂਦੀ ਹੈ। ਇਨ੍ਹਾਂ ਵਿਚੋਂ ਪ੍ਰਾਪਤ ਕੈਲਸ਼ੀਅਮ ਦੀ ਮਾਤਰਾ ਪਾਚਣਕਾਰੀ ਹੁੰਦੀ ਹੈ ਇਨ੍ਹਾਂ ਵਿੱਚ ਵਿਟਾਮਿਨ ਏ, ਬੀ, ਸੀ ਮੁੱਖ ਰੂਪ ਵਿੱਚ ਮਿਲਦੇ ਹਨ।

2. ਗਾਜਰ – ਇਸਨੂੰ ਅੰਗਰੇਜ਼ੀ ਵਿੱਚ ਕੈਰਟ ਕਹਿੰਦੇ ਹਨ, ਇਸ ਵਿੱਚ ਕੈਰੋਟੀਨ ਬਹੁਤ ਜ਼ਿਆਦਾ ਮਾਤਰਾ ਵਿੱਚ ਮੌਜੂਦ ਰਹਿੰਦੇ ਹਨ। ਇਸ ਵਿੱਚ ਪ੍ਰੋਟੀਨ, ਕਾਰਬੋਹਾਈਡਰੇਟ, ਚਿਕਨਾਈ, ਖਣਿਜ ਪਦਾਰਥ, ਕੈਲਸ਼ੀਅਮ, ਫਾਸਫੋਰਸ ਅਤੇ ਆਇਰਨ ਦੀ ਮਾਤਰਾ ਹੁੰਦਾ ਹੈ ਇਸ ਤੋਂ ਇਲਾਵਾ ਵਿਟਾਮਿਨ ਏ ਤੇ ਬੀ ਕਾਫੀ ਮਾਤਰਾ ਵਿੱਚ ਹੁੰਦੀ ਹੈ।

ਗੁਣ – ਗਾਜਰ ਨਾਲ ਦਿਮਾਗ ਦੀਆਂ ਨਾੜੀਆਂ ਨੂੰ ਤਾਕਤ ਮਿਲਦੀ ਹੈ ਇਸ ਨਾਲ ਖੂਨ ਤੇ ਪਿਸ਼ਾਬ ਸਾਫ ਹੁੰਦਾ ਹੈ ਜਿਸ

ਦੇ ਪਿਸ਼ਾਬ ਰਾਹੀ ਯੂਰਿਕ ਐਸਿਡ ਨਾਮਕ ਜ਼ਹਿਰੀਲਾ ਪਦਾਰਥ ਸਰੀਰ 'ਚੋਂ ਬਾਹਰ ਨਿਕਲ ਜਾਂਦਾ ਹੈ। ਗਾਜਰ ਦਾ ਪ੍ਰਯੋਗ ਸਰੀਰ ਦੇ ਅੰਦਰ ਪੇਟ ਦੇ ਕੀੜੇ ਬਾਹਰ ਕੱਢਣ ਵਿੱਚ ਸਹਾਇਕ ਹੈ, ਇਹ ਕਾਮਉਤੇਜਕ ਤੇ ਤਾਕਤਵਰ ਹੈ।

3. **ਮੂਲੀ** - ਵਿਟਾਮਿਨ ਏ ਨੂੰ ਛੱਡ ਕੇ ਇਹ ਸਭ ਵਿਟਾਮਿਨ ਅਤੇ ਖਣਿਜ ਪਦਾਰਥਾਂ ਵਿੱਚ ਉੱਤਮ ਹੈ ਵਿਟਾਮਿਨ ਏ ਇਸ ਵਿੱਚ ਘੱਟ ਹੁੰਦਾ ਹੈ ਪਰ ਆਇਰਨ, ਫਾਸਫੋਰਸ, ਗੰਧਕ, ਕੈਲਸ਼ੀਅਮ ਪੂਰੀ ਮਾਤਰਾ ਵਿਚ ਪਾਏ ਜਾਂਦੇ ਹਨ।

ਗੁਣ - ਇਹ ਪੇਟ ਅਤੇ ਪਿਸ਼ਾਬ ਨੂੰ ਸਾਫ ਰੱਖਦੀ ਹੈ ਕਫ ਨੂੰ ਦੂਰ ਕਰਦੀ ਹੈ ਜਯੁਕਤ (ਲੀਵਰ) ਦੀ ਕਿਰਿਆ ਨੂੰ ਵਧਾਉਂਦੀ ਹੈ। ਮੂਲੀ ਪੀਲੀਆ, ਪੇਟ ਗੈਸ, ਬਵਾਸੀਰ, ਪਿਸ਼ਾਬ ਸੰਧੀ ਰੋਗਾਂ ਵਿੱਚ ਲਾਭਕਾਰੀ ਹੈ।

4. **ਟਮਾਟਰ** - ਪੱਕੇ ਲਾਲ ਸਖਤ ਟਮਾਟਰ ਸਲਾਦ ਬਣਾਉਣ ਵਿੱਚ ਕੰਮ ਆਉਂਦੇ ਹਨ, ਕਿਹਾ ਜਾਂਦਾ ਹੈ ਕਿ ਲਾਲ ਟਮਾਟਰ ਰੋਜ਼ ਕੱਚੀ ਹਾਲਤ ਵਿੱਚ ਖਾਣ ਨਾਲ ਚਿਹਰਾ ਟਮਾਟਰ ਵਰਗਾ ਨਾਲ ਹੋ ਜਾਂਦਾ ਹੈ, ਟਮਾਟਰ ਖਾਣ ਨਾਲ ਭੁੱਖ ਵਧਦੀ ਹੈ ਤੇ ਤਾਜ਼ਗੀ ਆ ਜਾਂਦੀ ਹੈ ਇਸ ਵਿੱਚ ਖਣਿਜ ਪਦਾਰਥ ਕੈਲਸ਼ੀਅਮ, ਫਾਸਫੋਰਸ, ਆਇਰਨ ਵੀ ਕੁਝ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ ਅਤੇ ਇਸ ਵਿਚ ਵਿਟਾਮਿਨ ਸੀ ਭਰਪੂਰ ਮਾਤਰਾ ਵਿੱਚ ਹੁੰਦੀ ਹੈ। ਪੱਕੇ ਟਮਾਟਰ ਵਿੱਚ ਗਲੂਕੋਸ ਵੀ ਪਾਇਆ ਜਾਂਦਾ ਹੈ।

5. **ਪਿਆਜ਼** - ਇਸ ਵਿੱਚ ਪ੍ਰੋਟੀਨ, ਕਾਰਬੋਹਾਈਡਰੇਟ ਚਿਕਨਾਈ, ਕੈਲਸ਼ੀਅਮ, ਫਾਸਫੋਰਸ, ਆਇਰਨ ਦੀ ਮਾਤਰਾ ਹੁੰਦੀ ਹੈ, ਵਿਟਾਮਿਨ ਏ, ਬੀ ਅਤੇ ਸੀ ਦੀ ਪੂਰੀ ਮਾਤਰਾ ਪ੍ਰਾਪਤ ਹੁੰਦੀ ਹੈ।

ਗੁਣ - ਠੀਕ ਮਾਤਰਾ ਵਿੱਚ ਪਿਆਜ਼ ਦੀ ਵਰਤੋਂ ਨਾਲ ਪਾਚਣ ਸ਼ਕਤੀ ਵਧਦੀ ਹੈ, ਕਫ ਤੇ ਸਰਦੀ ਦੂਰ ਹੁੰਦੀ ਹੈ ਇਹ ਜਯੁਕਤ (ਲੀਵਰ) ਦੀ ਕਿਰਿਆ ਨੂੰ ਵਧਾਉਂਦਾ ਹੈ। ਪਿਆਜ ਦੀ ਵਰਤੋਂ ਨਾਲ ਪਿਸ਼ਾਬ ਸਾਫ ਹੁੰਦਾ ਹੈ। ਆਮ ਖੁਰਾਕ (ਖੁਰਾਕ ਦਾ ਕੱਚਾ ਰਸ) ਅਤੇ ਅਫਰੇਵੇਂ ਨੂੰ ਗੁਣਕਾਰੀ ਹੈ। ਪਿਆਜ਼ ਚਮੜੀ ਰੋਗਾਂ ਵਿੱਚ ਫਾਇਦਾ ਪਹੁੰਚਾਂਦਾ ਹੈ।

6. **ਨਿੰਬੂ** - ਵਿਟਾਮਿਨ ਸੀ ਦੇ ਕਾਰਣ ਇਸਦੀ ਵਰਤੋਂ ਕੀਤੀ ਜਾਂਦੀ ਹੈ ਇਸ ਵਿੱਚ ਸਾਈਟਰਿਕ, ਫਾਸਫੋਰਸ ਅਤੇ ਮੈਲਿਕ ਐਸਿਡ ਪਾਇਆ ਜਾਂਦਾ ਹੈ।

ਗੁਣ - ਇਹ ਰਕਤ ਸੋਧਕ, ਪਿੱਤ ਨਾਸ਼ਕ (ਗਰਮੀ) ਅਤੇ ਪਾਚਣ ਸ਼ਕਤੀ ਨੂੰ ਵਧਾਉਣ ਵਾਲਾ ਹੁੰਦਾ ਹੈ। ਕਾਗਜ਼ੀ ਨਿੰਬੂ ਦੀ ਵਰਤੋਂ ਨਾਲ ਰੁਚੀ ਵਧਦੀ ਹੈ, ਕ੍ਰਿਮ ਨਾਸ਼ਕ ਹੈ ਇਹ ਤਾਜ਼ਗੀ ਪਹੁੰਚਾਉਂਦਾ ਹੈ।

7. **ਹਰੀ ਮਿਰਚ** - ਇਸ ਵਿੱਚ ਪ੍ਰੋਟੀਨ, ਕਾਰਬੋਹਾਈਡਰੇਟ, ਵਸਾ ਅਤੇ ਖਣਿਜ ਪਦਾਰਥ ਹੁੰਦੇ ਹਨ। ਖਣਿਜ, ਕੈਲਸ਼ੀਅਮ, ਫਾਸਫੋਰਸ, ਆਇਰਨ ਵਿਚ ਪ੍ਰਤੀਸ਼ਤ ਹੁੰਦੇ ਹਨ। ਵਿਟਾਮਿਨਾਂ ਵਿੱਚੋਂ ਏ, ਬੀ, ਸੀ ਮੁੱਖ ਮੌਜੂਦ ਰੂਪ ਵਿੱਚ ਹੁੰਦੇ ਹਨ।

ਗੁਣ - ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਮਿਰਚ ਦੀ ਵਰਤੋਂ ਪਾਚਣ ਵਿੱਚ ਸਹਾਇਕ ਅਤੇ ਕ੍ਰਿਮ ਨਾਸ਼ਕ ਹੈ। ਇਹ

ਕਾਮਉਤੇਜਕ ਹੁੰਦੀ ਹੈ, ਇਸਦੇ ਖਾਣ ਨਾਲ ਪਿਸ਼ਾਬ ਖੁੱਲ੍ਹ ਕੇ ਅਤੇ ਸਾਫ ਹੁੰਦਾ ਹੈ। ਇਸ ਨਾਲ ਖੂਨ ਵਿੱਚ ਪੋਸ਼ਟਿਕ ਤੱਤ ਪ੍ਰਦਾਨ ਹੁੰਦਾ ਹੈ।

8. **ਅਦਰਕ** - ਇਸ ਦੀ ਵਰਤੋਂ ਸੁਗੰਧ ਅਤੇ ਸੁਆਦ ਲਈ ਕੀਤੀ ਜਾਂਦੀ ਹੈ।

ਗੁਣ - ਅਗਨੀ ਦੀਪਣ ਪਾਚਣ ਬਣਾਉਂਦਾ ਹੈ ਪੇਟ ਵਾਯੂ ਦੇ ਫੁੱਲਣ ਕਾਰਨ ਵਿੱਚ ਬਹੁਤ ਸਹਾਇਕ ਹੈ, ਰੁਚੀਵਰਧਕ ਹੈ।

ਉਪਰੋਕਤ ਲੇਖ ਤੋਂ ਜਾਣਕਾਰੀ ਮਿਲਦੀ ਹੈ ਕਿ ਇਹ ਸਲਾਦ ਦੀ ਵਰਤੋਂ ਨਾਲ ਅਸੀਂ ਆਪਣੇ ਸਰੀਰ ਨੂੰ ਪੋਸ਼ਟਿਕ ਤੱਤਾਂ ਦੀ ਪੂਰੀ ਮਾਤਰਾ ਪ੍ਰਦਾਨ ਕਰਾਉਂਦੇ ਹਾਂ। ਸਲਾਦ ਨੂੰ ਹੋਰ ਸੁਆਦਿਸ਼ਟ ਬਣਾਉਣ ਲਈ ਪੂਰਕ ਵਸਤੂਆਂ ਨੂੰ ਮਿਲਾਇਆ ਜਾ ਸਕਦਾ ਹੈ।

ਨੋਟ - ਸਿਹਤ ਲਈ ਵਰਦਾਨ (ਹਾਨੀ ਰਹਿਤ)

ਮੇਘ ਹਰਬਲ ਚਾਹ ਇਹ ਕੁਦਰਤੀ ਜੜ੍ਹੀਆਂ-ਬੂਟੀਆਂ ਦਾ ਮਿਸ਼ਰਨ ਹੈ। ਸੁਗੰਧਤ, ਚੁਸਤੀ-ਫੁਰਤੀਦਾਇਕ, ਬੁੱਧੀਵਰਧਕ, ਦਿਲ ਤੇ ਸ਼ੂਗਰ ਦੇ ਮਰੀਜ਼ਾਂ ਲਈ ਲਾਭਕਾਰੀ, ਤੇਜ਼ਾਬ ਬਣਨ ਤੋਂ ਹਟਾਵੇ, ਪੇਟ ਗੈਸ ਦੂਰ ਕਰਦੀ ਹੈ ਅਤੇ ਸਵਾਦਿਸ਼ਟ ਹੈ ਬਿਮਾਰੀਆਂ ਦੇ ਬਚਾਉ ਲਈ ਇਸਦੀ ਰੋਜ਼ ਵਰਤੋਂ ਕਰੋ ਜੀ।

****

ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

ਮਹੀਨੇ ਦੇ ਹਰ ਐਤਵਾਰ ਨੂੰ ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ ।

ਸੰਗਰਾਂਦ - **15** ਮਈ, ਦਿਨ ਐਤਵਾਰ (ਦੁਪਿਹਰ ਦੇ ਸਮੇਂ **1.30** ਵਜੇ ਤੋਂ **4.00** ਵਜੇ ਤੱਕ)

ਚੜ੍ਹਦੀ ਪੂਰਨਮਾਸ਼ੀ- 16 ਮਈ, ਦਿਨ ਸੋਮਵਾਰ (ਸਮਾਂ - ਸ਼ਾਮ **7.00** ਰਾਤ **1.00** ਵਜੇ ਤੱਕ ਰੈਣ ਸਬਾਈ ਕੀਰਤਨ)

ਜ਼ਰੂਰੀ ਸੂਚਨਾ - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜ਼ੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।


ਨਿਰਮਲ ਡੇਰਾ ਹਿਰਦਾਪੁਰ ਖੇੜੀ - ਹਰ ਮਹੀਨੇ ਦੇ ਆਖਰੀ ਸ਼ਨਿਚਰਵਾਰ ਨੂੰ ਸਵੇਰੇ 10.00 ਤੋਂ 1.00 ਵਜੇ ਤੱਕ ਦੀਵਾਨ ਸਜਦੇ ਹਨ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

		ਪੰਜਾਬੀ	*ਹਿੰਦੀ*
1.	ਸੁਰਤਿ ਸਬਦਿ ਮਾਰਗ	50/	70/-
2.	ਕਿਵ ਕੂੜੈ ਤੁਟੈ ਪਾਲਿ	40/-	35/-
3.	ਬਾਤ ਅਗੰਮ ਕੀ -ਸੱਤ ਭਾਗਾਂ ਵਿਚ	155/-	235/-
4.	ਕਿਵ ਸਚਿਆਰਾ ਹੋਈਐ -੧	30/-	35/-
5.	ਕਿਵ ਸਚਿਆਰਾ ਹੋਈਐ -੨	60/-	65/-
6.	ਕਿਵ ਸਚਿਆਰਾ ਹੋਈਐ - ੩	100/-	100/-
7.	ਹੋਵੈ ਅਨੰਦੁ ਘਣਾ	25/-	30/-
8.	ਚਉਥੈ ਪਹਰਿ ਸਬਾਹ ਕੈ	55/-	60/-
9.	ਸੁਰਤਿਆਂ ਉਪਜੈ ਚਾਉ	40/-	40/-
10.	ਬਾਬਾਣੀਆਂ ਕਹਾਣੀਆਂ	50/-	50/-
11.	ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ	10/-	10/-
12.	ਅੰਮ੍ਰਿਤ ਫੁਹਾਰ	10/-	10/-
13.	ਅਗੰਮ ਅਗੋਚਰ ਦਾ ਮਾਰਗ	60/-	70/-
14.	ਪੁਰਾਤਨ ਟੀਕਾ - ਜਪੁਜੀ ਸਾਹਿਬ	10/-	15/-
15.	ਅਮਰ ਜੋਤਾਂ	15/-	15/-
1੬.	ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ	100/-	
18.	ਅਮਰ ਗਾਥਾ	100/-	100/-
19.	ਧਰਮ ਯੁਧ ਕੇ ਚਾਇ	50/-	
20.	ਪਵਿਤਰ ਪੈਂਡਾ	25/-	
21.	ਭਗਤ ਪ੍ਰਹਿਲਾਦ	10/-	10/-
22.	ਵੈਸਾਖੀ	10/-	
23.	ਰਾਜ ਯੋਗ	40/-	
24.	ਸਾਜਨ ਚਲੇ ਪਿਆਰਿਆ	10/-	10/-
25.	ਅਬਿਨਾਸੀ ਜੋਤ ਭਾਗ-1	90/-	90/-
26.	ਅਬਿਨਾਸੀ ਜੋਤ ਭਾਗ-2	90/-	90/-
27.	ਰੂਹਾਨੀ ਗੁਲਦਸਤਾ -1	60/-	60/-
28.	ਰੂਹਾਨੀ ਗੁਲਦਸਤਾ - 2	60/-	60/-
29.	ਸੰਤ ਤੁਮਾਰੇ ਤੁਮਰੇ ਪ੍ਰੀਤਮ	50/-	
30.	ਅੰਮ੍ਰਿਤ ਬਚਨ ਸਾਧ ਕੀ ਬਾਣੀ	80/-	
31.	ਗੁਰੂ ਅਮਰਦਾਸ ਪਰਸੀਐ	50/-	
32.	ਭਗਵਤ ਗੀਤਾ.............।	100/-	
33.	ਅਨੰਦਮਈ ਜੀਵਨ ਜਾਚ	50/-	
34.	ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ	**25**/-	
35.	ਅਨੁਭਵੀ ਪ੍ਰਵਚਨ	50/-	
36.	ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ	35/-	
37.	ਅੰਦਰਲੀ ਖੋਜ	130/-	
38.	ਸਿਮਰਤ ਕਹਾਂ ਨਹੀਂ	135/-	
39.	ਰੂਹਾਨੀ ਪ੍ਰਵਚਨ	35/-	
41.	'ਸੇਵਾ ਸਿਮਰਨ ਜੁਗਤੀਆਂ'	150/-	
42.	'ਮਾਨੁੱਖ ਤਨ ਦਾ ਪ੍ਰਯੋਜਨ'	160/-	
43.	'ਯੋਗਾ ਉਪਰ ਲੈਕਚਰ',	30/-	
44.	'ਕਰਮ ਬੰਧਨ ਤੋਂ ਮੁਕਤੀ' :-	30/-	
45.	**ਜੀਵਨ ਜੁਗਤਿ**	**300/-**	

	English Version	**Price**
1.	Baisakhi (ਵੈਸਾਖੀ)	Rs. 5/-
2.	How Rend The Veil of Untruth (ਕਿਵ ਕੂੜੈ ਤੁਟੈ ਪਾਲਿ)	Rs. 70/-
3.	Discourses on the Beyond-1 (ਬਾਤ ਅਗੰਮ ਕੀ ਭਾਗ -੧)	Rs 50/-
4.	Discourses on the Beyond -2 (ਬਾਤ ਅਗੰਮ ਕੀ ਭਾਗ -੨)	Rs. 50/-
5.	Discourses on the Beyond -3 (ਬਾਤ ਅਗੰਮ ਕੀ ਭਾਗ -੩)	Rs. 50/-
6.	Discourses on the Beyond -4 (ਬਾਤ ਅਗੰਮ ਕੀ ਭਾਗ -੪)	Rs. 60/-
7.	Discourses on the Beyond -5 (ਬਾਤ ਅਗੰਮ ਕੀ ਭਾਗ -੫)	Rs. 60/-
8.	The way to the imperceptible (ਅਗੰਮ ਅਗੋਚਰ ਦਾ ਮਾਰਗ)	Rs. 80/-
9.	The Lights Immortal (ਅਮਰ ਜੋਤਾਂ)	Rs. 20/-
10.	Transcendental Bliss (ਚਉਥੈ ਪਹਿਰ ਸਬਾਹ ਕੈ)	Rs. 70/-
11.	How to Know Thy Real Self-(Vol-1) (ਕਿਵ ਸਚਿਆਰਾ ਹੋਈਐ)	Rs. 80/-
12.	How to Know Thy Real Self-(Vol-2) (ਕਿਵ ਸਚਿਆਰਾ ਹੋਈਐ)	Rs. 80/-
13.	How to Know Thy Real Self-(Vol-3) (ਕਿਵ ਸਚਿਆਰਾ ਹੋਈਐ)	Rs. 110/-
14.	The Dawn of Khalsa Ideals	Rs. 10/-
15.	A Glimpse of His Holiness - Baba ji	Rs. 5/-
16.	Divine Word Contemplation Path', (ਸੁਰਤਿ ਸਬਦਿ ਮਾਰਗ)	Rs.150/–
17.	The Story of Immortality (**ਅਮਰ ਗਾਥਾ**)	Rs 260/–
18.	Why Not thy Contemplate the Lord ? (**ਸਿਮਰਤ ਕਹਾ ਨਹੀਂ ?**)	Rs 200/–


ਬ੍ਰਹਮ ਗਿਆਨੀ, ਆਤਮ ਦਰਸ਼ੀ, ਤੱਤਵੇਤਾ, ਬ੍ਰਹਮ ਨੇਸ਼ਠੀ, ਬ੍ਰਹਮ ਸ੍ਰੋਤਰੀ
ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ ਵਾਲਿਆਂ ਦਾ
ਜਨਮ ਦਿਹਾੜਾ
17 ਜੂਨ
ਸਮਾਂ . ਦਿਨ ਦੇ 10.00 ਤੋਂ 4.00 ਵਜੇ ਤੱਕ
ਮਹਾਨ ਗੁਰਮਤਿ ਸਮਾਗਾਮ
ਰਤਵਾੜਾ ਸਾਹਿਬ ਵਿਖੇ (ਨੇੜੇ ਚੰਡੀਗੜ੍ਹ)